# ਸੁਖਮਨੀ ਸੁਖ

ਗਿਆਨੀ ਕੇਵਲ ਸਿੰਘ ਨਿਰਦੋਸ਼

Sri Satguru Jagjit Singh Ji eLibrary NamdhariElibrary@gmail.com

# "ਸੁਖਮਨੀ ਸੁਖ"

(ਸੁਖਮਨੀ ਸਾਹਿਬ ਜੀ ਦਾ ਕਵਿਤਾ ਵਿਚ ਟੀਕਾ)


**ਲੇਖਕ :**

ਗਿਆਨੀ ਕੇਵਲ ਸਿੰਘ 'ਨਿਰਦੋਸ਼'
ਕੈਮਲੂਪਸ (ਕੈਨੇਡਾ)



**ਲਾਹੌਰ ਬੁੱਕ ਸ਼ਾਪ**

2-ਲਾਜਪਤ ਰਾਏ ਮਾਰਕੀਟ, ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

*SUKHMANI SUKH*

by Giani Kewal Singh 'Nirdosh'
1033 Lincoln Crt,
Kampoops B.C,
V2B 8L5, CANADA
Phone : 250-376-3580

**ਸੁਖਮਨੀ ਸੁਖ**

ਲੇਖਕ
ਗਿ. ਕੇਵਲ ਸਿੰਘ 'ਨਿਰਦੋਸ਼'
ਰਤੀਪੁਰ ਰੋਡ, ਮਾਛੀਵਾੜਾ
ਜ਼ਿਲ੍ਹਾ ਲੁਧਿਆਣਾ (ਪੰਜਾਬ)
ਫੋਨ : 01628-252200

ਮੁੱਲ : 180 ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ
ਲਾਹੌਰ ਬੁੱਕ ਸ਼ਾਪ
2, ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ, ਫ਼ੋਨ : 2740738
E-Mail:-lahorebookshop40@Rediffmail.com

ਪ੍ਰਿੰਟਰ : ਸਰਤਾਜ ਪ੍ਰਿੰਟਿੰਗ ਪ੍ਰੈਸ
ਜਲੰਧਰ

ਟਾਈਪ ਸੈਟਿੰਗ : ਲੇਜ਼ਰ ਕੈਲੀਗ੍ਰਾਫ਼ਰਜ਼ , ਜਲੰਧਰ,

Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ਸਮਰਪਣ

ਬਾਬਾ ਦਲਜੀਤ ਸਿੰਘ ਜੀ
ਸ਼ਿਕਾਗੋ (U.S.A.)
ਜੋ ਦੇਸ਼ਾਂ ਪ੍ਰਦੇਸ਼ਾਂ ਵਿਚ ਸਿੱਖੀ ਦੇ ਝੰਡੇ
ਝੁਲਾ ਰਹੇ ਹਨ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ
ਰਹਿਤ ਕਰਨ ਲਈ ਯਤਨ-ਸ਼ੀਲ ਹਨ ।

Sri Satguru Jagjit Singh Ji eLibrary NamdhariElibrary@gmail.com

**ਲੇਖਕ ਦੀਆਂ ਹੋਰ ਰਚਨਾਵਾਂ**

1. ਫੁੱਲਾਂ ਵਰਗੇ ਸਾਹ (ਸਾਹਿਤਕ ਕਵਿਤਾਵਾਂ)
2. ਕਿਰਨਾਂ ਨੂਰ ਦੀਆਂ (ਧਾਰਮਿਕ ਗੀਤ)
3. ਗੁਰੂ ਗਰੀਬ ਨਿਵਾਜ਼ (,,)
4. ਤੇਰੀਆਂ ਧੰਨ ਕੁਰਬਾਨੀਆਂ (,,)
5. ਮਨ ਤੂੰ ਜੋਤਿ ਸਰੂਪ ਹੈ (ਧਾਰਮਿਕ ਲੇਖ)
6. ਸਬਦਿ ਗੁਰ ਤਰੀਐ (,, ਨਾਵੀਂ)
7. ਕੀਨੋ ਬਡੋ ਕਲੂਮਹਿ ਸਾਕਾ ( ,,)
8. ਜੌਹਰ ਤੇਰੀ ਤਲਵਾਰ ਦੇ (ਢਾਡੀ ਵਾਰਾਂ)
9. ਢਾਡੀ ਪ੍ਰਸੰਗ (,,)
10. ਅਨੂਠੇ ਸਿਦਕ(,,)
11. ਸੂਰਮਿਆਂ ਦੀਆਂ ਵਾਰਾਂ (,,)

Sri Satguru Jagjit Singh Ji eLibrary NamdhariElibrary@gmail.com

www.archive.org/details/namdhari



## ਦੋ ਸ਼ਬਦ

ਸੁਖਮਨੀ ਸਾਹਿਬ ਜੀ ਦਾ ਕਵਿਤਾ ਵਿਚ ਟੀਕਾ ਮੈਂ ਸੰਨ 1977 ਵਿਚ ਸ਼ੁਰੂ ਕੀਤਾ ਸੀ । ਅੱਠ ਅਸ਼ਟਪਦੀਆਂ ਤੋਂ ਬਾਦ ਐਸੀ ਖੜੋਤ ਆਈ ਕਿ ਵੀਹਵੀਂ ਸਦੀ ਹੀ ਖਤਮ ਹੋ ਗਈ । ਆਰਮੀ ਵਿਚੋਂ ਰੀਟਾਇਰ ਹੋ ਕੇ ਮੈਂ 1991 ਵਿਚ ਕੈਨੇਡਾ ਆ ਗਿਆ । ਸਰੀ (ਬੀ.ਸੀ.) ਵਿਚੋਂ ਨਿਕਲਦੇ ਹਫਤਾਵਾਰੀ ਅਖਬਾਰ ਪੰਜਾਬੀ ਟ੍ਰਿਬੀਊਨ ਵਿਚ ਮੇਰੇ ਧਾਰਮਕ ਲੇਖ ਤੇ ਢਾਡੀ ਪ੍ਰਸੰਗ ਅਕਸਰ ਛੱਪਦੇ ਰਹਿੰਦੇ ਹਨ । ਸ੍. ਜੋਗਿੰਦਰ ਸਿੰਘ ਸਿੱਧੂ ਤੇ ਪ੍ਰੋਫੈਸਰ ਗੁਰਵਿੰਦਰ ਸਿੰਘ ਧਾਲੀਵਾਲ ਦੇ ਉਤਸ਼ਾਹਤ ਕਰਨ ਤੇ ਮੈਂ ਅਧੂਰੇ ਟੀਕੇ ਨੂੰ ਪੂਰਾ ਕਰਨ ਲਈ ਕਮਰ-ਕੱਸਾ ਕਰ ਲਿਆ । ਗੁਰੂ ਪਾਤਿਸ਼ਾਹ ਦੀ ਅਪਾਰ ਬਖਸ਼ਿਸ ਹੋਈ ਤੇ ਟੀਕਾ ਸੰਪੂਰਨ ਹੋ ਗਿਆ ।

ਇਹ ਟੀਕਾ "ਸੁੱਖਾਂ ਦੀ ਖਾਨ" ਸਿਰਲੇਖ ਹੇਠ ਲਗਾਤਾਰ ਪੰਜਾਬੀ ਟ੍ਰਿਬੀਊਨ ਵਿਚ ਛੱਪਿਆ । ਇਸ ਟੀਕੇ ਵਿਚ ਮੈਂ ਚਾਰ ਛੰਦਾਂ ਪਉੜੀ, ਸੋਰਠਾ, ਦੋਹਰਾ ਤੇ ਦਵੱਈਆ ਦਾ ਪਰਯੋਗ ਕੀਤਾ ਸੀ । ਪੁਸਤਕ ਰੂਪ ਦੇਣ ਸਮੇਂ ਮੈਂ ਕੇਵਲ ਇਕੋ "ਦਵੱਈਆ" ਛੰਦ ਦਾ ਹੀ ਪ੍ਰਯੋਗ ਕੀਤਾ ਹੈ । ਗੁਰਬਾਣੀ ਇਕ ਅਸਗਾਹ ਸਮੁੰਦਰ ਹੈ, ਇਸਦੀ ਕੋਈ ਥਾਹ ਨਹੀਂ ਪਾ ਸਕਦਾ । ਇਹ ਇਕ ਰਹੱਸ ਹੈ, ਜਿਸਨੂੰ ਸੰਪੂਰਨ ਤੌਰ 'ਤੇ ਕੋਈ ਸੋਚ, ਸਮਝ ਜਾਂ ਜਾਣ ਨਹੀਂ ਸਕਦਾ । ਇਹ ਤੇ ਜਿੰਨੀ ਕੁ ਪਰਮੇਸ਼ਰ ਜੀ ਨੇ ਮੱਤ ਬੁਧਿ ਬਖਸ਼ੀ ਹੈ, ਉਸਦੇ ਅਧਾਰ 'ਤੇ ਹੀ ਕੋਈ ਕੁਝ ਕਹਿ ਪਾਉਂਦਾ ਹੈ । ਉਹ ਕਹਿਣਾ ਭੀ ਇਸ ਤੋਂ ਵੱਧ ਨਹੀਂ—

ਤੂੰ ਸੁਲਤਾਨੁ ਕਹਾ ਹਉ ਮੀਆ
ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ
ਮੈ ਮੂਰਖੁ ਕਹਣੁ ਨ ਜਾਈ ॥੧॥

ਕਿਸੇ ਬਾਦਸ਼ਾਹ ਨੂੰ, ਕਿਸੇ ਸੁਲਤਾਨ ਨੂੰ 'ਮੁਨਸ਼ੀ' ਜੀ ਕਹਣ ਨਾਲ ਉਸਦੀ ਵਡਿਆਈ ਨਹੀ ਜਾਂਦੀ। ਸਾਡਾ ਯਤਨ ਭੀ ਮਹਿਜ਼ ਇਸ ਤੋਂ ਵੱਧ ਨਹੀ। ਪਰ ਇੰਨਾਂ ਭੀ ਉਸਦੀ ਬਖਸ਼ਿਸ਼ ਨਾਲ ਹੀ ਕਿਹਾ ਜਾ ਸਕਦਾ ਹੈ, ਉਹ ਭੀ ਪ੍ਰਭੂ ਜੀ ਦੀ ਮਹਿਮਾ ਵਡਿਆਈ ਵਾਸਤੇ ਨਹੀਂ । ਸਿਰਫ ਆਪ ਨੂੰ ਬਚਾਉ ਲਈ ਹੀ ਅਸੀਂ ਵਾਹਿਗੁਰੂ ਜੀ ਦੇ ਗੁਣ ਗਾਉਂਦੇ ਹਾਂ । ਧੰਨ ਗੁਰੂ ਨਾਨਕ ਦੇਵ ਜੀ ਬਿਲਾਵਲ ਰਾਗ ਦੇ ਇਸੇ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ ਫੁਰਮਾਂਦੇ ਹਨ ਕਿ ਜਿਵੇਂ ਕਿਸੇ ਓਪਰੇ ਪਿੰਡ ਵਿਚ ਕੋਈ ਕੁੱਤਾ ਆ ਜਾਵੇ ਤਾਂ ਗਲੀ ਮੁਹੱਲੇ ਦੇ ਸਾਰੇ ਕੁੱਤੇ ਉਸਨੂੰ ਵੱਡਣ ਲਈ ਦੌੜਦੇ ਹਨ । ਉਹ ਵਿਚਾਰਾ ਇਨ੍ਹਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਭੌਂਕਦਾ ਹੈ। ਮੈਂ ਬੇਨਤੀ ਕਰਾਂ ਇਹ ਕੁੱਤੇ ਕਈ ਪ੍ਰਕਾਰ ਦੇ ਹਨ । ਕਾਮ ਕੁੱਤਾ ਹੈ, ਕ੍ਰੋਧ ਕੁੱਤਾ ਹੈ ਲੋਭ, ਮੋਹ, ਹੰਕਾਰ ਆਦਿ ਕਈ ਕੁੱਤੇ ਹਨ—

Sri Satguru Jagjit Singh Ji eLibrary NamdhariElibrary@gmail.com

"ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨੁ ਤਾਈ।"

ਸੁਖਮਨੀ ਸਾਹਿਬ ਜੀ ਨੂੰ ਅਨੁਵਾਦ ਕਰਨ ਸਮੇਂ ਜੋ ਆਤਮਕ ਆਨੰਦ ਮੈਂ ਮਾਣਿਆ ਹੈ, ਉਹ ਗੂੰਗੇ ਦੇ ਗੁੜ ਖਾਣ ਵਾਂਗ ਹੀ ਹੈ । ਉਹ ਰਸ ਸ਼ਬਦਾਂ ਦੀ ਪਕੜ ਵਿਚ ਨਹੀਂ ਆ ਸਕਦਾ । ਇਹ ਟੀਕਾ ਕਿਸੇ ਇਕ ਨੂੰ ਭੀ ਆਤਮਿਕ ਹੁਲਾਰਾ ਦੇ ਗਿਆ ਮੈਂ ਸਮਝਾਂਗਾ ਕਿ ਮੇਰੀ ਘਾਲ ਥਾਂਇ ਪੈ ਗਈ ਹੈ ।

ਸੁਖਮਨੀ ਸਾਹਿਬ ਜੀ ਦੀ ਨੌਂਵੀਂ ਅਸ਼ਟਪਦੀ ਵਿਚ ਭਾਰਤ ਦੇ ਕੁਝ ਹਿੰਦੂ ਧਰਮ ਨਾਲ ਸੰਬੰਧਤ ਫਿਰਕਿਆਂ ਦਾ ਜ਼ਿਕਰ ਹੈ, ਜਿਨ੍ਹਾਂ ਦਾ ਸੰਖੇਪ ਜਾਣਕਾਰੀ ਲਈ ਇਕ ਬਿਹੰਗਮੀ ਝਾਤ ਮੈਂ ਜ਼ਰੂਰੀ ਸਮਝਦਾ ਹਾਂ, ਇਹ ਹਨ, ਅਪਰਸ, ਬੈਗਨੋ, ਭਗਉਤੀ, ਪੰਡਿਤ ਤੇ ਰਾਮਦਾਸ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਦਾ ਸਾਕਾਰਾਤਮਕ ਚਿਤ੍ਰਣ ਹੀ ਇਸ ਪਾਵਨ ਬਾਣੀ ਵਿਚ ਉਲੀਕਿਆ ਹੈ ।

ਅਪਰਸ—

ਇਸਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਜੋ ਕਿਸੇ ਨੂੰ ਆਪਣੇ ਆਪ ਨਾਲ ਛੂਹਣ ਨਹੀਂ ਦੇਂਦਾ । ਬਾਹਰੀ ਸੁੱਚਮਤਾ 'ਤੇ ਹੀ ਸਾਰਾ ਜ਼ੋਰ ਲਗਾਂਦਾ ਹੈ । ਅਛੂਤਾਂ ਨੂੰ ਨੇੜੇ ਨਹੀਂ ਫਟਕਣ ਦੇਂਦਾ ਸਗੋਂ ਉਹਨਾਂ ਦੇ ਪਰਛਾਂਵੇਂ ਤੋਂ ਭੀ ਬਚਕੇ ਲੰਘਦਾ ਹੈ, ਐਸੇ ਅਖੌਤੀ ਧਰਮ ਅਬਿਲੰਭੀਆਂ ਨੂੰ ਕਾਂਸ਼ੀ (ਬਨਾਰਸ) ਦੇ ਨੇੜੇ ਤੇੜੇ ਅਪਰਸ ਕਰਕੇ ਜਾਣਿਆ ਜਾਂਦਾ ਹੈ । ਪ੍ਰੰਤੂ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਅਪਰਸ ਉਸਨੂੰ ਲਿਖਿਆ ਹੈ ਜੋ ਕਰਮ ਇੰਦ੍ਰੀਆਂ ਨੂੰ ਵੱਸ ਵਿਚ ਰਖਦਾ ਹੈ, ਝੂਠ ਨੂੰ ਰਸਨਾਂ ਨਾਲ ਛੂਹਣ ਨਹੀਂ ਦੇਂਦਾ । ਅੱਖੀਆਂ ਨੂੰ ਪਰਾਇਆ ਰੂਪ ਤੱਕ ਕੇ ਮੈਲੀਆਂ ਨਹੀਂ ਕਰਦਾ, ਕੰਨਾਂ ਦੁਆਰਾ ਕਿਸੇ ਦੀ ਨਿੰਦਿਆ ਨਹੀ ਸੁਣਦਾ । ਐਸਾ ਅਪਰਸ ਕਰੋੜਾਂ ਵਿਚੋਂ ਇਕ ਅੱਧ ਹੀ ਹੁੰਦਾ ਹੈ—

ਬੈਸਨੋ—

ਜੋ ਅਵਤਾਰ-ਵਾਦ ਵਿਚ ਨਿਸ਼ਟਾ ਰਖਦੇ ਹਨ ਤੇ ਰਾਮ, ਤੇ ਕ੍ਰਿਸ਼ਨ ਜੀ ਨੂੰ ਵਿਸ਼ਨੂੰ ਦਾ ਅਵਤਾਰ ਸਮਝਦੇ ਹਨ । ਇਹ ਭਗਤ ਸਾਕਾ-ਹਾਰੀ ਹੁੰਦੇ ਹਨ । ਮਾਸ ਮੱਛੀ, ਮਦਰਾ ਆਦਿ ਦੇ ਨੇੜੇ ਨਹੀਂ ਜਾਂਦੇ । ਸੁਖਮਨੀ ਸਾਹਿਬ ਵਿਚ ਜੋ ਰੂਪ ਰੇਖਾ ਬੈਸਨੋ ਦੀ ਦਿਤੀ ਹੈ ਉਸ ਅਨੁਸਾਰ ਜੋ ਕਰਮ ਕਰਦਿਆਂ ਕਦੇ ਫਲ ਦੀ ਇੱਛਾ ਨਹੀਂ ਰਖਦਾ ਕਰਮਾਂ ਦੀ ਮੈਲ ਉਸਨੂੰ ਨਹੀ ਲਗਦੀ, ਇਸ ਲਈ ਉਹ ਆਤਮਕ ਤੌਰ 'ਤੇ ਪਵਿੱਤਰ ਤੇ ਨਿਰਮਲ ਹੋ ਜਾਂਦਾ ਹੈ । ਇਹੀ ਉਸ ਵੈਸ਼ਨੂੰ ਦੀ ਨਿਸ਼ਾਨੀ ਹੈ ਜੋ ਵਿਸ਼ਨੂੰ ਦੀ ਮਾਇਆ ਤੋਂ ਆਪਣੇ ਆਪ ਨੂੰ ਵੱਖ ਰਖਦਾ ਹੈ , ਆਪ ਨਾਮ ਜਪਦਾ ਤੇ ਦੂਸਰਿਆਂ ਨੂੰ ਜਪਾਉਂਦਾ ਹੈ ਉਹੀ ਬੈਸਨੋ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ :

ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥
ਨਾਨਕ ਓਹੁ ਬੈਸਨੋ ਪਰਮਗਤਿ ਪਾਵੈ ॥੨॥੯॥

Sri Satguru Jagjit Singh Ji eLibrary NamdhariElibrary@gmail.com

ਭਗਉਤੀ —

ਸੰਗੀਤ ਤੇ ਨ੍ਰਿਤ-ਕਲਾ ਨੂੰ ਜੋ ਭਗਤੀ ਦਾ ਮਾਧਿਅਮ ਸਮਝਦੇ ਹੋਏ ਕ੍ਰਿਸ਼ਨ ਜੀ ਦੀ ਜੀਵਨ ਲੀਲਾਵਾਂ ਨੂੰ ਨਾਟ ਰਾਹੀਂ ਨਿਰੂਪਨ ਕਰਦੇ ਨਹ ਐਸੇ ਭਗਤਾਂ ਨੂੰ ਭਗੌਤੀਏ ਜਾਂ ਰਾਸ ਧਾਰੀਏ ਕਿਹਾ ਜਾਂਦਾ ਹੈ । ਨਾਟ-ਮੰਡਲੀਆਂ ਬਣਾਕੇ ਧਾਰਮਿਕ ਨਾਟਕ ਖੇਡਣ ਵਾਲੇ ਇਹ ਲੋਕ ਉਤਰੀ ਭਾਰਤ ਵਿਚ ਅਨੇਕਾਂ ਥਾਵਾਂ 'ਤੇ ਮਿਲ ਜਾਂਦੇ ਹਨ। ਸੁਖਮਨੀ ਸਾਹਿਬ ਜੀ ਦੇ ਮੁਤਾਬਿਕ ਜੋ ਹਰੀ ਦੇ ਚਰਨਾਂ ਨੂੰ ਹਿਰਦੇ ਵਿਚ ਵਸਾਉਂਦਾ ਹੈ ਤੇ ਦੁਰਮੱਤੀਆਂ ਦਾ ਸੰਗ ਨਹੀਂ ਕਰਦਾ, ਐਸਾ ਭਗਉਤੀ ਵਾਹਿਗੁਰੂ ਜੀ ਦੀ ਨਜ਼ਰਾਂ ਵਿਚ ਪਰਵਾਣ ਹੈ :-

ਹਰਿ ਕੇ ਚਰਨ ਹਿਰਦੈ ਬਸਾਵੈ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥੯॥

ਪੰਡਿਤ—

ਪੰਡਿਤ ਦੇ ਅਰਥ ਤਾਂ ਹਨ ਵਿਦਵਾਨ । ਪ੍ਰੰਤੂ ਅੱਜ ਕੱਲ ਜੋ ਕਿਸੇ ਬ੍ਰਾਹਮਣ ਦੇ ਘਰ ਜਨਮ ਲੈ ਲੈਂਦਾ ਹੈ, ਭਾਵੇ ਉਹ ਅਨਪੜ੍ਹ ਹੀ ਹੋਵੇ, ਲੋਕ ਉਸੇ ਨੂੰ ਹੀ ਪੰਡਿਤ ਜੀ ਆਖ ਕੇ ਬੁਲਾਉਂਦੇ ਹਨ । ਵਿਦਵਾਨ ਦਾ ਧਰਮ ਹੈ ਆਪਣੀ ਵਿਦਿਆ ਦੀ ਰੌਸ਼ਨੀ ਨਾਲ, ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰੇ । ਬਿਨਾ ਕਿਸੇ ਵਿਤਕਰੇ ਦੇ ਆਪਣੀ ਵਿਦਿਆ ਨੂੰ ਸਭ ਦੇ ਭਲੇ ਲਈ ਵਰਤੇ । ਆਪਣੀ ਵਿਦਿਆਂ ਦੀਆਂ ਸਵਾਂਤੀ ਬੂੰਦਾਂ ਨਾਲ ਸਿੱਪੀਆਂ ਵਿਚ ਮੋਤੀ ਪੈਦਾ ਕਰ । ਸਭ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਵੇ, ਐਸੇ ਪੰਡਿਤ ਨੂੰ, ਐਸੇ ਵਿਦਵਾਨ ਨੂੰ ਹਮੇਸ਼ਾਂ ਹੀ ਨਮਸਕਾਰਾਂ ਹਨ—

ਚਹੁ ਵਰਨਾ ਕਉ ਦੇਇ ਉਪਦੇਸ਼ ॥
ਨਾਨਕ ਉਸ ਪੰਡਿਤ ਕਉ ਸਦਾ ਆਦੇਸ਼ ॥੪॥੯॥

ਰਾਮਦਾਸ—

ਰਾਮਦਾਸ ਦੱਖਣੀ ਭਾਰਤ ਦਾ ਇਕ ਪੰਥ ਹੈ, ਜਿਸਦੇ ਪੈਰੋਕਾਰਾਂ ਨੂੰ ਦੇਵਦਾਸ ਜਾਂ ਦੇਵਦਾਸੀਆਂ ਭੀ ਕਿਹਾ ਜਾਂਦਾ ਹੈ । ਧਾਰਮਿਕ ਸੰਸਕਾਰਾਂ ਦੀ ਪਕੜ ਵਿਚ ਆਏ ਲੋਕ ਆਪਣੇ ਇਸ਼ਟ ਦੇਵ ਨੂੰ ਪ੍ਰਸੰਨ ਕਰਨ ਹਿਤ ਆਪਣੇ ਕਿਸੇ ਬੱਚੇ ਜਾਂ ਬੱਚੀ ਨੂੰ ਸੰਬੰਧਤ ਮੰਦਰ ਵਿਚ ਭੇਟਾ ਦੇ ਤੌਰ 'ਤੇ ਚੜ੍ਹਾ ਦੇਂਦੇ ਸਨ, ਫਿਰ ਇਹਨਾਂ ਦੇ ਪੈਰਾਂ ਵਿਚ ਘੁੰਗਰੂ ਬੰਨ੍ਹਕੇ ਨੱਚਣ ਗਾਉਣ ਦੀ ਸਿਖਿਆ ਦੇਂਦੇ ਸਨ ਤੇ ਇਹ ਲੋਕ ਨੱਚ ਟੱਪਕੇ ਆਪਣੇ ਇਸ਼ਟ ਦੇਵ ਨੂੰ ਪ੍ਰਸੰਨ ਕਰਦੇ ਸਨ । ਹੌਲੀ ਹੌਲੀ ਸਮਾਂ ਪਾਕੇ "ਰੋਟੀਆ ਕਾਰਨਿ ਪੂਰਹਿ ਤਾਲ" ਦੇ ਗੁਰਵਾਕ ਅਨੁਸਾਰ ਧਰਮ ਮਨਫ਼ੀ ਹੋ ਜਾਂਦਾ ਤੇ ਬਾਕੀ ਬੱਚਦਾ ਪਖੰਡ ਤੇ ਦਿਖਾਵਾ । ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਇਕ ਥਾਂ ਫ਼ੁਰਮਾਨ ਕਰਦੇ ਹਨ—

ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਉਪਾਵਾ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥

(ਮਾਰੂ ਮਹਲਾ ੫ ਪੰਨਾ ੧੦੦੩)

ਸੁਖਮਨੀ ਸਾਹਿਬ ਜੀ ਵਿਚ "ਰਾਮਦਾਸ" ਦਾ ਸਿਰਜਨਾਤਮਕ ਪੱਖ ਹੀ

Sri Satguru Jagjit Singh Ji eLibrary NamdhariElibrary@gmail.com

ਉਜਾਗਰ ਕੀਤਾ ਗਿਆ ਹੈ ।"ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨਸਾਣੈ" ਦੇ ਮਹਾਵਾਕ ਅਨੁਸਾਰ, ਸਚੇ ਰਾਮਦਾਸੀਏ ਦੀ ਜੀਵਨ ਸ਼ੈਲੀ ਬੜੀ ਵਚਿੱਤਰ ਤੇ ਪਵਿਤਰ ਹੁੰਦੀ ਹੈ । ਸੰਸਾਰ ਵਿਚ ਵਿਚਰਦਿਆਂ ਭੀ ਉਸਦਾ ਮਨ ਰਸਾਂ ਕਸਾਂ ਵਿਚ ਨਹੀਂ ਉਲਝਦਾ । ਉਸਦੀ ਜੀਵਨ ਜੁਗਤੀ ਨੂੰ ਸੁਖਮਨੀ ਸਾਹਿਬ ਵਿਚ ਇਉਂ ਨਿਰੂਪਨ ਕੀਤਾ ਗਿਆ ਹੈ—

ਸਗਲ ਸੰਗਿ ਆਤਮ ਉਦਾਸੁ॥
ਐਸੀ ਜੁਗਤਿ ਨਾਨਕ ਰਾਮਦਾਸੁ।.

ਸੁਖਮਨੀ ਸਾਹਿਬ ਸਾਨੂੰ ਜੀਵਨ ਦੀ ਜਾਚ ਸਿਖਾਉਂਦੀ ਹੈ । ਵੀਚਾਰ ਨਾਲ ਇਸਦਾ ਕੀਤਾ ਪਾਠ-ਪਠਨ ਸਾਨੂੰ ਤਣਾ-ਮੁਕਤਿ ਕਰਦਾ ਹੈ । ਇਕ ਗੱਲ ਹੋਰ, ਸੁਖਮਨੀ ਸਾਹਿਬ ਵਿਚ ਆਏ ਸ਼ਬਦ, ਸਾਧ, ਸੰਤ, ਬ੍ਰਹਮ-ਗਿਆਨ, ਇਹ ਕੇਵਲ ਗੁਰੂ ਵਾਸਤੇ ਹਨ ਕਿਸੇ ਵਿਸ਼ੇਸ਼ ਭੇਖ ਜਾਂ ਵਿਅਕਤੀ ਲਈ ਨਹੀਂ। ਐਸੀ ਆਤਮਿਕ ਅਵੱਸਥਾ "ਗੁਰੂ" ਦੀ ਹੀ ਹੋ ਸਕਦੀ ਹੈ। ਨਾਮ ਜਪਣ ਵਾਲਾ, ਜਪਾਉਣ ਵਾਲਾ ਸਾਡੇ ਲਈ ਅਤਿਅੰਤ ਸਤਿਕਾਰ ਯੋਗ ਹੈ, ਪ੍ਰੰਤੂ ਸਿੱਖ ਨੇ ਅਗਵਾਈ ਗੁਰੂ ਸ਼ਬਦ ਤੋਂ ਹੀ ਲੈਣੀ ਹੈ । ਕਿਸੇ ਪਤਨੀ ਦਾ ਪ੍ਰਦੇਸ ਵਿਚ ਬੈਠਾ ਪਤੀ ਆਪਣੀ ਪਤਨੀ ਨੂੰ ਚਿੱਠੀ ਪਾਉਂਦਾ ਹੈ ਤਾਂ ਅਰੰਭ ਤੇ ਅਖੀਰ ਵਿਚ ਜੋ ਸ਼ਬਦ ਆਉਂਦੇ ਹਨ—ਮੇਰੀ ਪਿਆਰੀ ਪਤਨੀ ਤੇ ਅੰਤ ਵਿਚ ਮੈਂ ਹਾਂ ਤੇਰਾ ਪਤੀ । ਚਿੱਠੀ ਪੜ੍ਹ ਕੇ ਸੁਣਾਉਣ ਵਾਲਾ ਨਾਂ ਤਾਂ ਪਤੀ ਹੋ ਸਕਦਾ ਹੈ ਨਾ ਹੀ ਚਿੱਠੀ ਪੜ੍ਹਾਉਣ ਵਾਲੀ ਉਸਦੀ ਪਤਨੀ। ਗੁਰਬਾਣੀ ਦੀ ਕਥਾ ਵੀਚਾਰ ਕਰਨ ਵਾਲਾ ਗਿਆਨੀ ਤਾਂ ਹੋ ਸਕਦਾ ਹੈ, ਬ੍ਰਹਮ ਗਿਆਨੀ ਕੇਵਲ ਸਤਿਗੁਰੂ ਹੀ ਹੈ ।

ਅਖੀਰ ਵਿਚ ਮੈਂ ਬੱਚੀ ਬੀਬੀ ਰੁਪਿੰਦਰ ਕੌਰ ਕੰਦੋਲਾ ਤੇ ਉਸਦੇ ਜੀਵਨ ਸਾਥੀ ਭਾਈ ਬਲਜੀਤ ਸਿੰਘ ਕੰਦੋਲਾ(U.S.A.) ਨਿਵਾਸੀ ਦਾ ਅਤੀ ਧੰਨਵਾਦ ਕਰਦਾ ਹਾਂ ਜਿਹਨਾਂ ਇਸ ਪੁਸਤਕ ਛਪਣ ਲਈ ਨਿਰਾ ਉਤਸ਼ਾਹ ਹੀ ਨਹੀਂ ਦਿਤਾ ਸਗੋਂ ਪੰਜ ਸੌ ਡਾਲਰ ਦੇ ਕੇ ਮਾਇਕ ਸਹਾਇਤਾ ਭੀ ਕੀਤੀ । ਸਮੂੰਹ ਸਿੱਖ ਜਗਤ, ਆਪਣੇ ਸ਼ਹਿਰ ਕੈਮਲੂਪਸ (ਕੈਨੇਡਾ) ਦੀਆਂ ਸੰਗਤਾਂ ਤੇ ਆਪਣੇ ਦੋਸਾਂਝ ਪਰਿਵਾਰ ਦਾ ਦਾਸ ਅਤੀ ਧੰਨਵਾਦੀ ਹੈ ਜਿਹਨਾਂ ਨੇ ਪਿਆਰ ਤੇ ਉਤਸ਼ਾਹ ਸਦਕਾ ਦੋ ਅੱਖਰ ਲਿਖਣ ਜੋਗ ਹੋ ਸਕਿਆ ਹਾਂ।

ਇਸ ਵਿੱਚ ਜੋ ਚੰਗਾ ਹੈ ਉਹ ਮੇਰੇ ਸਤਿਗੁਰੂ ਦੀ ਬਖਸ਼ਿਸ਼ ਹੈ ਜੋ ਉਣਤਾਈਆਂ ਹਨ ਉਹ ਮੇਰੀ ਅਲਪ ਬੁੱਧੀ ਤੇ ਅਗਿਆਨਤਾ ਕਰਕੇ ਹਨ, ਉਹਨਾਂ ਨੂੰ ਖਿਮਾ ਕਰ ਦੇਣਾ । ਚੰਗੀ ਗੱਲ ਨੂੰ ਹਿਰਦੇ ਵਿਚ ਵਸਾ ਲੈਣਾ।

ਦਾਸ ਲਹੌਰ ਬੁੱਕ ਸ਼ਾਪ ਦੇ ਮਾਲਕ ਸ੍ਰ. ਤੇਜਿੰਦਰ ਬੀਰ ਸਿੰਘ ਜੀ ਦਾ ਰਿਣੀ ਹੈ ਜਿਹਨਾਂ ਬਹੁਤ ਥੋੜ੍ਹੇ ਸਮੇਂ ਵਿਚ ਇੰਨੀ ਸੁੰਦਰ ਦਿਖ ਬਣਾਕੇ ਇਸ ਪੁਸਤਕ ਨੂੰ ਛਾਪਕੇ ਮੇਰਾ ਹੌਂਸਲਾ ਵਧਾਇਆ ਹੈ।

ਦਾਸਰਾ
ਗਿਆਨੀ ਕੇਵਲ ਸਿੰਘ "ਨਿਰਦੋਸ਼"
ਕੈਮਲੂਪਸ,ਕੈਨੇਡਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



# ਗਉੜੀ ਸੁਖਮਨੀ ਮ: ੫ ॥

ੴ ਸਤਿਗੁਰਪ੍ਰਸਾਦਿ ॥

## ਸਲੋਕੁ ॥

ਆਦਿ ਗੁਰਏ ਨਮਹ ॥
ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥
ਸ੍ਰੀ ਗੁਰਦੇਵਏ ਨਮਹ ॥੧॥

ੴ ਸਤਿਗੁਰ ਪ੍ਰਸਾਦਿ

"ਸੁਖਮਨੀ ਸੁਖ"

ਮੁੱਢ ਤੋਂ ਗੁਰੂ ਹੈ ਜੇਹੜਾ, ਉਸਨੂੰ ਆਪਣਾ ਸੀਸ ਝੁਕਾਵਾਂ।
ਜੋ ਜੁੱਗਾਂ ਦੇ ਸ਼ੁਰੂ ਹੋਣ ਤੋਂ, ਪਹਿਲਾਂ ਭੀ ਸੀ ਮਾਲਕ॥
ਉਸ ਸਤਿਗੁਰ ਦੀ ਬੰਦਨਾਂ ਦੇ ਵਿਚ, ਆਪਣਾ ਮਨ ਤਨ ਲਾਵਾਂ ।
ਜੋ ਗੁਰਦੇਵ ਹੈ ਸਭ ਸ੍ਰਿਸ਼ਟੀ ਦਾ, ਸਿਰਜਕ ਤੇ ਪ੍ਰਤਿਪਾਲਕ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ ॥

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥
ਕੀਨੇ ਰਾਮ ਨਾਮ ਇਕ ਆਖ੍ਯਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥

ਸਿਮਰਨ ਕਰਕੇ ਵਾਹਿਗੁਰੂ ਦਾ, ਮੈਂ ਆਤਮ ਸੁੱਖ ਪਾਵਾਂ।
ਸਦਾ ਲਈ ਇਸ ਦੇਹੀ ਵਿਚੋਂ, ਕਲ੍ਹਾ ਕਲੇਸ਼ ਮਿਟਾਵਾਂ।
ਸਿਮਰਾਂ ਉਸਨੂੰ ਮੈਂ ਹਰ ਵੇਲੇ, ਜੋ ਜੱਗ ਦਾ ਪ੍ਰਤਿਪਾਲਕ।
ਉਸ ਖਲਕਤ ਦੀ ਗਿਣਤੀ ਨਾਹੀ, ਜੋ ਜਪਦੀ ਨਿਤ ਖਾਲਕ।
ਵੇਦ ਪੁਰਾਨ ਤੇ ਸਿਮ੍ਰਤੀਆਂ ਵਿਚ, ਲਿਖਿਆ ਇਕ ਇਕ ਅੱਖਰ।
ਵਾਹਿਗੁਰੂ ਦੇ ਨਾਮ ਨੂੰ ਦੱਸਦਾ, ਸਭ ਤੋਂ ਵੱਧ ਪਵਿੱਤਰ।
ਆਪਣੇ ਨਾਮ ਦਾ ਇਕ ਕਿਣਕਾ ਭੀ, ਉਹ ਜਿਸ ਦਿਲ ਵਸਾਵੇ।
ਉਸਦੀ ਜੋ ਜੱਗ ਸੋਭਾ ਹੋਵੇ, ਉਹ ਵਰਨੀ ਨਾ ਜਾਵੇ।
ਹੇ ਪ੍ਰਭ ! ਜੋ ਦਿਲ ਇੱਛਾ ਰਖਦੇ, ਤੇਰੇ ਹੋਣ ਦੀਦਾਰੇ।
ਉਹਨਾਂ ਸਦਕਾ ਮੈਨੂੰ ਤਾਰੋ, ਜੋ ਪ੍ਰਭ ਜੀ ਤੂੰ ਤਾਰੇ॥੧॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ਅੰਮ੍ਰਿਤ ਨਾਮ ਪ੍ਰਭੂ ਦਾ ਮਨ ਨੂੰ, ਸਭ ਸੁੱਖ ਦੇਵਣਹਾਰਾ॥
ਹਰੀ ਜਨਾਂ ਦੇ ਹਿਰਦੇ ਦੇ ਵਿਚ, ਟਿਕਕੇ ਕਰੇ ਉਧਾਰਾ॥ ਰਹਾਉ।

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥
ਸਰਬ ਨਿਧਾਨ ਨਾਨਕ ਹਰਿ ਰੰਗਿ॥੨॥

ਸਿਮਰਨ ਕਰਕੇ ਗਰਭ ਜੋਨਿ ਤੋਂ, ਮਿਲ ਜਾਂਦਾ ਛੁਟਕਾਰਾ।
ਪ੍ਰਭੂ ਯਾਦ ਵਿਚ ਮਿੱਟ ਜਾਂਦਾ ਹੈ, ਦੁੱਖ ਜਮਾਂ ਦਾ ਭਾਰਾ।
ਸਿਮਰਨ ਕਰਨੇ ਵਾਲੇ ਤਾਂਈਂ, ਨਾਂ ਡਰ ਮੌਤ ਦਾ ਖਾਵੇ।
ਸਿਮਰਨ ਦੇ ਵਿਚ ਜੁੜਿਆਂ, ਕੋਈ ਦੁਸ਼ਮਨ ਨੇੜ ਨਾਂ ਆਵੇ।
ਜ਼ਿੰਦਗੀ ਦੇ ਵਿਚ ਕੋਈ ਰੁਕਾਵਟ, ਰੋਕ ਕੋਈ ਨਾਂ ਪਾਵੇ।
ਸਿਮਰਨ ਸਦਕਾ ਜੀਵ ਪ੍ਰਭੂ ਨਾਲ, ਰਾਤ ਦਿਨੇ ਲਿਵ ਲਾਵੇ।
ਸਿਮਰਨ ਦੇ ਨਾਲ ਨਿਰਭਉ ਹੋਵੇ, ਨਾਂ ਡਰ ਕੋਈ ਸਤਾਵੇ।
ਸੁੱਖਾਂ ਦੇ ਵਿਚ ਅਉਧ ਬਿਹਾਵੇ, ਦੁੱਖ ਨਾਂ ਨੇੜੇ ਜਾਵੇ।
ਪ੍ਰਭ ਦੇ ਦਰ ਤੋਂ ਗੁਰਮੁਖ ਜਨ ਹੀ, ਸਿਮਰਨ ਦਾਤ ਦਿਵਾਵੇ।
ਪ੍ਰਭੂ ਪਿਆਰ ਵਿਚ ਸਰਬ ਖਜ਼ਾਨੇ, ਜੇ ਕਰ ਨਾਲ ਮਿਲਾਵੇ॥੨॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥
ਪ੍ਰਭ ਕੈ ਸਿਮਰਨਿ ਸੁਫਲ ਫਲਾ॥
ਸੇ ਸਿਮਰਹਿ ਜਿਨ ਆਪਿ ਸਿਮਰਾਏ॥
ਨਾਨਕ ਤਾ ਕੈ ਲਾਗਉ ਪਾਏ॥੩॥

ਰਿੱਧੀਆਂ ਸਿੱਧੀਆਂ ਸਰਬ ਖਜ਼ਾਨੇ, ਮਿਲਦੇ ਸਿਮਰਨ ਕਰਕੇ।
ਸਿਮਰਨ ਸਦਕਾ ਸੂਝ ਬੂਝ ਸਭ, ਮਿਲਦੀ ਵਿਚ ਅੱਖ ਫਰਕੇ।
ਪ੍ਰਭ ਸਿਮਰਨ ਵਿਚ ਆ ਜਾਂਦੇ ਨੇ, ਜਪ ਤਪ ਕਰਮ ਅਨੇਕਾਂ।
ਬਿਨਸੇ ਦੂਈ ਦਵੈਸ਼ ਉਸੇ ਦੀ, ਜਿਸ ਸਿਮਰਨ ਦੀਆਂ ਟੇਕਾਂ।
ਨਾਮ ਤੀਰਥ ਤੇ ਚੁੱਭੀਆਂ ਲਾਉਂਦਾ, ਜੋ ਜਨ ਸਿਮਰਨ ਦੁਆਰਾ।
ਹੋਏ ਪਰਵਾਨ ਉਹ ਪ੍ਰਭੂ ਦੁਆਰੇ, ਜੋ ਲਏ ਨਾਮ ਸਹਾਰਾ।
ਸਿਮਰਨ ਵਾਲਾ ਹੀ ਕਰ ਸਕਦਾ, ਜੱਗ ਦੇ ਉਤੇ ਭਲਾਈ।
ਜਿਸਨੇ ਕੀਤਾ ਸਿਮਰਨ ਉਸਨੇ, ਦੇਹ ਆਪਣੀ ਸਫਲਾਈ।
ਜਿਨ੍ਹਾਂ ਦੇ ਉਤੇ ਬਖਸ਼ਿਸ਼ ਉਸਦੀ, ਜੁੜੇ ਭਜਨ ਵਿਚ ਰਹਿੰਦੇ।
ਤੂੰ ਵੀ ਚਰਨੀ ਲੱਗ ਉਹਨਾਂ ਦੀ, ਪੰਜਵੇਂ ਨਾਨਕ ਕਹਿੰਦੇ ।੩॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥
ਪ੍ਰਭ ਕੈ ਸਿਮਰਨਿ ਪੂਰਨ ਆਸਾ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ॥
ਨਾਨਕ ਜਨ ਕਾ ਦਾਸਨਿ ਦਸਨਾ॥੪॥

ਭਜਨ ਪ੍ਰਭੂ ਦਾ ਸਭ ਤੋਂ ਉੱਚਾ, ਕੋਈ ਨਾਂ ਏਸ ਬਰਾਬਰ।
ਸਿਮਰਨ ਕਰਕੇ ਅਨਿਕ ਪ੍ਰਾਣੀ, ਤਰ ਜਾਂਦੇ ਭਵਸਾਗਰ।
ਵਾਹਿਗੁਰੂ ਦਾ ਭਜਨ ਕੀਤਿਆਂ, ਤ੍ਰਿਸ਼ਨਾ ਦੀ ਤ੍ਰੇਹ ਬੁੱਝੇ।
ਜੀਵ ਦੀ ਸੋਝੀ ਦੇ ਵਿਚ ਆਉਂਦੇ, ਭੇਦ ਅਗੰਮ ਦੇ ਗੁੱਝੇ।
ਸਿਮਰਨ ਸਦਕਾ ਜਮਦੂਤਾਂ ਦਾ, ਡਰ ਦਿਲ ਚੋਂ ਮੁੱਕ ਜਾਂਦਾ।
ਆਸ਼ਾਵਾਂ ਦੀ ਹੋਏ ਪੂਰਤੀ, ਜੋ ਜਨ ਪ੍ਰਭੂ ਧਿਆਂਦਾ।
ਮੈਲ ਵਿਕਾਰਾਂ ਦੀ ਲਹਿ ਜਾਂਦੀ, ਪ੍ਰਭੂ ਸਿਮਰਨ ਦੇ ਕਰਕੇ।
ਅੰਮ੍ਰਿਤ ਰੂਪੀ ਨਾਮ ਨੂੰ ਉਹ ਫਿਰ, ਰੱਖੇ ਦਿਲ ਵਿਚ ਧਰਕੇ।
ਗੁਰਮੁਖ ਜਨ ਦੀ ਰਸਨਾ ਉਤੇ, ਕਰਦਾ ਪ੍ਰਭੂ ਟਿਕਾਣਾ।
ਐਸੇ ਜਨ ਦੇ ਦਾਸਾਂ ਦਾ ਮੈਂ, ਬਣ ਜਾਂ ਦਾਸ ਨਿਮਾਣਾ॥੪॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕਉ ਸਿਮਰਹਿ ਸੇ ਧਨਵੰਤੇ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥
ਨਾਨਕ ਜਨ ਕੀ ਮੰਗੈ ਰਵਾਲਾ॥੫॥

ਉਹ ਅਸਲੀ ਧਨਵਾਨ ਨੇ ਜੇਹੜੇ, ਪ੍ਰਭੁ ਦਾ ਨਾਮ ਧਿਆਉਂਦੇ।
ਏਥੇ ਓਥੇ ਦੋਹੀਂ ਜਹਾਨੀ, ਉਹੀਓ ਇਜ਼ਤਾਂ ਪਾਉਂਦੇ।
ਯਾਦ ਉਹਦੀ ਵਿਚ ਜੁੜਦੇ ਜੇਹੜੇ, ਪ੍ਰਭੁ ਜੀ ਤਾਂਈ ਭਾਉਂਦੇ।
ਉਤਮ ਪੁਰਸ਼ ਜਹਾਨ ਦੇ ਅੰਦਰ, ਉਹ ਜਨ ਹੀ ਕਹਿਲਾਂਉਂਦੇ।
ਨਹੀ ਮੁਹਤਾਜੀ ਕਿਸੇ ਦੀ ਝੱਲਦੇ, ਪ੍ਰਭ ਦੀ ਓਟ ਤਕਾਉਂਦੇ।
ਸਿਮਰਨ ਸਦਕਾ ਸਭ ਦੇ ਰਾਜੇ, ਤਾਹੀਓਂ ਉਹ ਸਦਵਾਉਂਦੇ।
ਸੁੱਖ ਸਦੀਵੀ ਪਾ ਲੈਂਦੇ ਨੇ, ਜੋ ਜਨ ਸਿਮਰਨ ਕਰਦੇ।
ਜੀਵਨ ਵਿਚ ਹੀ ਮੁਕਤਿ ਹੋ ਜਾਂਦੇ, ਨਾਂ ਜੰਮਦੇ ਨਾਂ ਮਰਦੇ।
ਨਜ਼ਰ ਮੇਹਰ ਦੀ ਜਿਹਨਾਂ 'ਤੇ ਹੋਵੇ, ਸਿਮਰਨ ਕਰਦੇ ਰਹਿੰਦੇ।
ਚਰਨ ਧੂੜ ਮੈਂ ਤਿਨ੍ਹਾਂ ਦੀ ਮੰਗਾਂ, ਪੰਜਵੇਂ ਨਾਨਕ ਕਹਿੰਦੇ।੫॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ॥
ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ॥
ਨਾਨਕ ਸਿਮਰਨੁ ਪੂਰੈ ਭਾਗਿ॥੬॥

ਜੋ ਪ੍ਰਭ ਜੀ ਦਾ ਸਿਮਰਨ ਕਰਦੇ, ਬਣ ਦੇ ਪਰਉਪਕਾਰੀ।
ਐਸੇ ਭਗਤ ਜਨਾਂ ਤੋਂ ਜਾਵਾਂ, ਮੈਂ ਸਦਕੇ ਲੱਖ ਵਾਰੀ।
ਪ੍ਰਭੂ ਯਾਦ ਵਿਚ ਜੁੜੇ ਜੋ ਰਹਿੰਦੇ, ਸੁੰਦਰ ਮੁੱਖ ਸੁਹਾਵਣ।
ਸਦਾ ਸੁੱਖਾਂ ਵਿਚ ਜ਼ਿੰਦਗੀ ਬੀਤੇ, ਜੋ ਹਰਿ ਨਾਂਮ ਧਿਆਵਣ।
ਸਿਮਰਨ ਦੀ ਬਰਕਤ ਦਾ ਸਦਕਾ, ਆਪਣੇ 'ਤੇ ਜਿੱਤ ਪਾਂਦੇ।
ਰਹਿਣ ਬੇ-ਦਾਗ ਉਹ ਜੀਵਨ ਦੇ ਵਿਚ, ਆਪਣੀ ਕਾਰ ਕਮਾਂਦੇ।
ਅਣ ਮਿਣੀਆਂ ਖੁਸ਼ੀਆਂ ਵਿਚ ਜੀਂਦੇ, ਰਹਿਣ ਸਦਾ ਵਿਚ ਖੇੜੇ।
ਸਿਮਰਨ ਕਰਕੇ ਹੋ ਜਾਂਦੇ ਨੇ, ਵਾਹਿਗੁਰੂ ਦੇ ਨੇੜੇ।
ਸਤਿਗੁਰੂ ਦੀ ਕਿਰਪਾ ਸਦਕਾ, ਸਦਾ ਸਜੱਗ ਹੋ ਰਹਿੰਦੇ।
ਭਾਗਾਂ ਨਾਲ ਹੀ ਸਿਮਰਨ ਹੁੰਦਾ, ਪੰਜਵੇਂ ਨਾਨਕ ਕਹਿੰਦੇ ॥੬॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕੈ ਸਿਮਰਨਿ ਕਾਰਜ ਪੂਰੇ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥
ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ॥
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ॥
ਨਾਨਕ ਤਿਨ ਜਨ ਸਰਨੀ ਪਇਆ।੭॥

ਸਿਮਰਨ ਦੀ ਬਰਕਤ ਨਾਲ ਹੁੰਦੇ, ਕਾਰਜ ਸਗਲੇ ਪੂਰੇ।
ਨਾਂ ਚਿੰਤਾ ਵਿਚ ਝੁਰਦੇ ਹੀਅੜੇ, ਹਰ ਦਮ ਰਹਿਣ ਸਰੂਰੇ।
ਪ੍ਰਭ ਦੀ ਸਿਫਤ ਸਲਾਹ ਹੀ ਕਰਦੇ, ਭਗਤ ਮੁੱਖੋਂ ਜਦ ਬੋਲਣ।
ਸੁਰਤਿ ਅਡੋਲ ਹਮੇਸ਼ਾਂ ਰਹਿੰਦੀ, ਪਲ ਭਰ ਭੀ ਨਾ ਡੋਲਣ।
ਸਿਮਰਨ ਨਾਲ ਪਰਾਪਤ ਕਰਦੇ, ਜੀਵ ਅਡੋਲ ਅਵੱਸਥਾ।
ਕੰਵਲ ਵਾਂਗ ਰੂਹ ਖਿੜ ਜਾਵਣ ਦੀ, ਬਣ ਜਾਏ ਫੇਰ ਵਿਵੱਸਥਾ।
ਬਿਨ ਆਹਟ ਤੋਂ ਵਾਜੇ ਵੱਜਦੇ, ਪੈਣ ਖੂਬ ਛਣਕਾਰੇ।
ਅੰਤ ਨਾ ਕੋਈ, ਸੁੱਖ ਜੋ ਮਿਲਦਾ, ਸਿਮਰਨ ਦੇ ਸਦਕਾਰੇ।
ਜਿਹਨਾਂ ਦੇ ਉਤੇ ਬਖਸ਼ਿਸ਼ ਹੋਈ, ਉਹਨਾਂ ਪ੍ਰਭੂ ਧਿਆਇਆ।
ਐਸੇ ਗੁਰਮੁਖ ਸੰਤ ਜਨਾਂ ਦੀ, ਮੈਂ ਸਰਣਾਈ ਆਇਆ॥੭॥

Sri Satguru Jagjit Singh Ji eLibrary NamdhariElibrary@gmail.com

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ॥
ਹਰਿ ਸਿਮਰਨਿ ਲਗਿ ਬੇਦ ਉਪਾਏ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ॥
ਹਰਿ ਸਿਮਰਨਿ ਧਾਰੀ ਸਭ ਧਰਨਾ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ॥
ਹਰਿ ਸਿਮਰਨਿ ਕੀਓ ਸਗਲ ਅਕਾਰਾ॥
ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ॥
ਕਰਿ ਕਿਰਪਾ ਜਿਸੁ ਆਪਿ ਬੁਝਾਇਆ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ॥੮॥੧॥

ਸਿਮਰਨ ਸਦਕਾ ਭਗਤ ਪ੍ਰਭੂ ਦੇ, ਜਾਂਦੇ ਨੇ ਸਤਿਕਾਰੇ।
ਸਿਮਰਨ ਵਿਚ ਹੀ ਜੁੱੜਕੇ ਰਿਸ਼ੀਆਂ, ਗਿਆਨ ਗਰੰਥ ਉਚਾਰੇ।
ਸਾਧਕ, ਦਾਨੀ, ਸੰਜਮੀ ਹੋ ਗਏ, ਜੋ ਹਰਿ ਨਾਮ ਪਰੁੱਚੇ।
ਅਤਿ ਨੀਵੇਂ ਚਹੁੰ ਕੂੰਟਾਂ ਦੇ ਵਿਚ, ਹੋ ਗਏ ਸਭ ਤੋਂ ਉੱਚੇ।
ਸਿਮਰਨ ਦੇ ਲਈ ਵਾਹਿਗੁਰੂ ਨੇ, ਸਗਲੀ ਸ੍ਰਿਸ਼ਟਿ ਬਣਾਈ।
ਜੀਵ ਜੁੜੇ ਹਰੀ ਸਿਮਰਨ ਦੇ ਵਿਚ, ਏਸੇ ਵਿਚ ਭਲਾਈ।
ਪ੍ਰਭੂ ਸਿਮਰਨ ਦੇ ਕਾਰਨ ਹੋਇਆ, ਇਹ ਸਭ ਜਗਤ ਪਸਾਰਾ।
ਸਿਮਰਨ ਵਿਚ ਹੀ ਵਾਸਾ ਰੱਖਦਾ, ਸੱਚਾ ਸਿਰਜਣ ਹਾਰਾ।
ਬਖਸ਼ਿਸ਼ ਕਰਕੇ ਜਿਸ ਜਨ ਤਾਂਈਂ, ਆਪ ਪ੍ਰਭੂ ਸਮਝਾਇਆ।
ਉਸ ਗੁਰਮੁਖ ਨੇ ਗੁਰੂ ਦੇ ਰਾਹੀਂ, ਹਰਿ ਸਿਮਰਨ ਨੂੰ ਪਾਇਆ॥੮॥੧॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥

ਦੀਨ ਦਰਦ ਦੁਖ ਭੰਜਨਾ
ਘਟਿ ਘਟਿ ਨਾਥ ਅਨਾਥ ॥
ਸਰਣਿ ਤੁਮ੍ਹਾਰੀ ਆਇਓ
ਨਾਨਕ ਕੇ ਪ੍ਰਭ ਸਾਥ ॥੧॥

ਹਰ ਹਿਰਦੇ ਵਿਚ ਵਸਣੇ ਵਾਲੇ,
ਹੇ ਦੁੱਖ ਹਰਨੇ ਵਾਲੇ।
ਅੰਗ ਸੰਗ ਵੱਸੀਂ ਸ਼ਰਨਿ ਪਿਆਂਦੇ,
ਦੁੱਖੀਆਂ ਦੇ ਰਖਵਾਲੇ।

## ਅਸਟਪਦੀ॥

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
ਜਹ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
ਅਨਿਕ ਪੁਨਹਚਰਨ ਕਰਤ ਨਹੀ ਤਰੈ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ॥
ਨਾਨਕ ਪਾਵਹੁ ਸੂਖ ਘਨੇਰੇ॥੧॥

ਜਿਥੇ ਹੋਣ ਨਾ ਮਾਤ, ਪਿਤਾ, ਪੁੱਤ, ਦੋਸਤ, ਵੀਰ ਸਹਾਈ।
ਉਥੇ ਕੇਵਲ ਨਾਮ ਪ੍ਰਭੂ ਦਾ, ਕਰਦਾ ਮੱਦਦ ਭਾਈ।
ਜਦੋਂ ਭਿਆਨਕ ਜਮਦੂਤਾਂ ਦੇ, ਜਿੰਦ ਵੱਸ ਤੇਰੀ ਆਉਣੀ।
ਉਸ ਥਾਂ ਉਤੇ ਨਾਮ ਨੇ ਤੇਰੀ, ਬੰਦ ਖਲਾਸ ਕਰਾਉਣੀ।
ਤੇਰੇ ਮੁਸ਼ਕਲ ਵਿਚ ਜਦ ਕਿੱਧਰੇ, ਪੈਰ ਜਾ ਡਗਮਗਾਏ।
ਨਾਮ ਪ੍ਰਭੂ ਦਾ ਅੱਖ ਪਲਕਾਰੇ, ਵੇਖੀਂ ਹੋਊ ਸਹਾਏ।
ਲੱਖਾਂ ਕਰੀਂ ਪ੍ਰਾਸਚਿਤ ਭਾਵੇਂ, ਪਰ ਭਵ ਨਾਂ ਤਰ ਹੋਵੇ।
ਜੀਵ ਦੇ ਕੀਤੇ ਪਾਪ ਕਰੋੜਾਂ, ਨਾਮ ਪ੍ਰਭੂ ਦਾ ਧੋਵੇ।
ਗੁਰਮੁਖ ਬਣ ਜਪੁ ਨਾਮ ਪ੍ਰਭੂ ਦਾ, ਤੂੰ ਸੁਣ ਐ ਮਨ ਮੇਰੇ।
ਪੰਜਵੇਂ ਨਾਨਕ ਜੀ ਇਉਂ ਕਹਿੰਦੇ, ਪਾਵੋ ਸੂਖ ਘਨੇਰੇ॥੧॥

Sri Satguru Jagjit Singh Ji eLibrary NamdhariElibrary@gmail.com

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥
ਲਾਖ ਕਰੋਰੀ ਬੰਧੁ ਨ ਪਰੈ॥
ਹਰਿ ਕਾ ਨਾਮੁ ਜਪਤ ਨਿਸਤਰੈ॥
ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥
ਹਰਿ ਕਾ ਨਾਮੁ ਜਪਤ ਆਘਾਵੈ॥
ਜਿਹ ਮਾਰਗਿ ਇਹੁ ਜਾਤ ਇਕੇਲਾ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥
ਐਸਾ ਨਾਮੁ ਮਨ ਸਦਾ ਧਿਆਈਐ॥
ਨਾਨਕ ਗੁਰਮੁਖਿ ਪਰਮ ਗਤਿ ਪਾਈਐ॥੨॥

ਭਾਵੇਂ ਰਾਜਾ ਹੋਵੇ ਜੱਗ ਦਾ, ਉਹ ਭੀ ਦੁੱਖ ਵਿਚ ਤਪਦਾ।
ਅਸਲ ਸੁਖੀ ਹੈ ਉਹੀਓ ਜੀਉੜਾ, ਨਾਮ ਪ੍ਰਭੂ ਜੋ ਜਪਦਾ।
ਲੱਖ ਕਰੋੜਾਂ ਦੀ ਪਾ ਦੌਲਤ, ਤਾਂ ਭੀ ਰੱਜ ਨਾ ਆਵੇ।
ਨਾਮ ਹਰੀ ਦਾ ਜਪਕੇ ਪ੍ਰਾਣੀ, ਭਵ ਸਾਗਰ ਤਰ ਜਾਵੇ।
ਮਾਇਆ ਦੇ ਬਹੁ ਰੰਗ ਵੇਖਕੇ, ਤ੍ਰੇਹ ਨਾ ਮਨ ਦੀ ਬੁੱਝਦੀ।
ਨਾਮ ਮਿਲੇ ਤਾਂ ਰੱਜ ਆ ਜਾਵੇ, ਲੋੜ ਰਹੇ ਨਾ ਕੁੱਝ ਦੀ।
ਜਿਸ ਰਸਤੇ 'ਤੇ ਅੰਤ ਸਮੇਂ ਨੂੰ, ਜਾਣਾ ਪੈਂਦਾ ਕੱਲਾ।
ਨਾਮ ਪ੍ਰਭੂ ਦਾ ਸਾਥ ਜੇ ਹੋਵੇ, ਹੋ ਜਾਏ ਜਾਣ ਸੁਖੱਲਾ।
ਐਸੇ ਨਾਮ ਨੂੰ ਐ ਮਨ ਮੇਰੇ, ਦਮ ਦਮ ਨਾਲ ਧਿਆਈਏ।
ਨਾਨਕ ਆਖਣ ਗੁਰਮੁਖ ਬਣਕੇ, ਮੋਖ, ਮੁਕਤਿ ਪਦ ਪਾਈਏ॥੨॥

Sri Satguru Jagjit Singh Ji eLibrary NamdhariElibrary@gmail.com

ਛੂਟਤ ਨਹੀ ਕੋਟਿ ਲਖ ਬਾਹੀ॥
ਨਾਮੁ ਜਪਤ ਤਹ ਪਾਰਿ ਪਰਾਹੀ॥
ਅਨਿਕ ਬਿਘਨ ਜਹ ਆਇ ਸੰਘਾਰੈ॥
ਹਰਿ ਕਾ ਨਾਮੁ ਤਤਕਾਲ ਉਧਾਰੈ॥
ਅਨਿਕ ਜੋਨਿ ਜਨਮੈ ਮਰਿ ਜਾਮ॥
ਨਾਮੁ ਜਪਤ ਪਾਵੈ ਬਿਸ੍ਰਾਮ॥
ਹਉ ਮੈਲਾ ਮਲੁ ਕਬਹੁ ਨ ਧੋਵੈ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ॥
ਐਸਾ ਨਾਮੁ ਜਪਹੁ ਮਨ ਰੰਗਿ॥
ਨਾਨਕ ਪਾਈਐ ਸਾਧ ਕੈ ਸੰਗਿ॥੩॥

ਜੱਗ ਦੀਆਂ ਬਾਹਾਂ ਦੀ ਸ਼ਕਤੀ ਨਾਲ, ਹੋਣਾ ਨਹੀਂ ਛੁਟਕਾਰਾ।
ਨਾਮ ਨੂੰ ਜੱਪਕੇ ਜੋ ਬਲ ਮਿਲਦਾ, ਕਰਦਾ ਪਾਰ ਉਤਾਰਾ।
ਪੈਰ ਪੈਰ ਜਾਂ ਠੋਕਰ ਲੱਗੇ, ਫੁੱਲ ਬਣ ਜਾਣ ਅੰਗਾਰੇ।
ਨਾਮ ਪ੍ਰਭੂ ਦਾ ਭਵਸਾਗਰ ਤੋਂ, ਤਾਰੇ ਅੱਖ ਪਲਕਾਰੇ।
ਕਈ ਜੂਨਾਂ ਵਿਚ ਮੁੜ ਮੁੜ ਪ੍ਰਾਣੀ, ਤੂੰ ਜੰਮਿਆ ਤੇ ਮਰਿਆ।
ਥੱਕ ਜਾਂਏਂਗਾ ਜੰਮਦਾ ਮਰਦਾ, ਜੇ ਨਾਂ ਨਾਮ ਸਿਮਰਿਆ।
ਹਉਂ ਮੈਲੀ ਅਤਿ ਮੈਲ ਕੁਚੈਲੀ, ਧੋਤਿਆਂ ਸਾਫ ਨਾਂ ਹੋਵੇ।
ਕੇਵਲ ਨਾਮ ਪ੍ਰਭੂ ਦਾ ਜਿਹੜਾ, ਮਲ ਪਾਪਾਂ ਦੀ ਧੋਵੇ।
ਐਸੇ ਨਾਮ ਨੂੰ ਐ ਮਨ ਮੇਰੇ, ਜੱਪੀਏ ਉੱਠਦੇ ਬਹਿੰਦੇ।
ਨਾਮ ਹੈ ਮਿਲਦਾ ਸਤਿਗੁਰ ਪਾਸੋਂ, ਪੰਜਵੇਂ ਨਾਨਕ ਕਹਿੰਦੇ ॥੩॥

Sri Satguru Jagjit Singh Ji eLibrary NamdhariElibrary@gmail.com

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂੰ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

ਜਿਸ ਰਸਤੇ ਦੇ ਕੋਹਾਂ ਦੀ ਕੋਈ, ਗਿਣਤੀ ਕਰ ਨਾਂ ਪਾਵੇ।
ਉਥੇ ਹਰੀ ਨਾਮ ਦਾ ਭੋਜਨ, ਆਤਮ ਨੂੰ ਤ੍ਰਿਪਤਾਵੇ।
ਜਿਸ ਰਸਤੇ ਵਿਚ ਘੋਰ ਹਨੇਰਾ, ਨਜ਼ਰ ਨਾਂ ਕੁਝ ਵੀ ਆਵੇ।
ਉਥੇ ਇਕੋ ਕਿਰਨ ਨਾਮ ਦੀ, ਰਾਹ ਤੇਰਾ ਰੁਸ਼ਨਾਵੇ।
ਜਿਹਨਾਂ ਰਾਹਾਂ ਵਿਚ ਤੂੰ ਅਜਨਬੀ, ਕੋਈ ਨਾਂ ਤੈਨੂੰ ਜਾਣੇ।
ਨਾਮ ਪ੍ਰਭੂ ਦਾ ਮਾਰਗ ਦਰਸ਼ਕ, ਬਣ ਪਹੁੰਚਾਊ ਟਿਕਾਣੇ।
ਜਿੱਥੇ ਕਹਿਰ ਦੀਆਂ ਧੁੱਪਾਂ ਨਾਲ, ਬਲ ਬਲ ਉਠਣ ਸ਼ੁਆਵਾਂ।
ਨਾਮ ਹਰੀ ਦਾ ਕਰੇਗਾ ਉਥੇ, ਤੈਨੂੰ ਠੰਢੀਆਂ ਛਾਵਾਂ।
ਤੇਰਾ ਮਨ ਜਦ ਵਿਚ ਤ੍ਰੇਹ ਦੇ, ਬੂੰਦ ਬੂੰਦ ਲਈ ਤਰਸੇ।
ਤੂੰ ਮੁੱਖ ਥੀਂ ਜਦ ਨਾਮ ਉਚਾਰੇਂ, ਅੰਬਰੋਂ ਅੰਮ੍ਰਿਤ ਵਰਸੇ ॥੪॥

Sri Satguru Jagjit Singh Ji eLibrary NamdhariElibrary@gmail.com

ਭਗਤ ਜਨਾ ਕੀ ਬਰਤਨਿ ਨਾਮੁ॥
ਸੰਤ ਜਨਾ ਕੈ ਮਨਿ ਬਿਸ੍ਰਾਮੁ॥
ਹਰਿ ਕਾ ਨਾਮੁ ਦਾਸ ਕੀ ਓਟ॥
ਹਰਿ ਕੈ ਨਾਮਿ ਉਧਰੇ ਜਨ ਕੋਟਿ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ॥
ਹਰਿ ਹਰਿ ਅਉਖਧੁ ਸਾਧ ਕਮਾਤਿ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ॥
ਪਾਰਬ੍ਰਹਮਿ ਜਨ ਕੀਨੋ ਦਾਨ॥
ਮਨ ਤਨ ਰੰਗਿ ਰਤੇ ਰੰਗ ਏਕੈ॥
ਨਾਨਕ ਜਨ ਕੈ ਬਿਰਤਿ ਬਿਬੇਕੈ॥੫॥

ਭਗਤ ਹਰੀ ਦੇ, ਹਰੀ ਨਾਮ ਦੀ, ਵਰਤੋਂ ਹਰ ਥਾਂ ਕਰਦੇ।
ਦਿਲ ਦੀ ਸੇਜ ਵਿਛਾਕੇ ਉਤੇ, ਨਾਮ ਹਰੀ ਦਾ ਧਰਦੇ।
ਐ ਮਾਲਕ ਮੈ ਦਾਸ ਤੇਰੇ ਨੇ, ਤੇਰੀ ਓਟ ਤਕਾਈ।
ਕੋਟਿ ਪਰਾਣੀ ਨਾਮ ਆਸਰੇ, ਉਧਰੇ ਪ੍ਰਭ ਸਰਣਾਈ।
ਅੱਠੇ ਪਹਰ ਸੰਤ ਭਗਤ ਜਨ, ਕੀਰਤਿ ਪ੍ਰਭੁ ਦੀ ਗਾਉਂਦੇ।
ਸੱਚੇ ਸਾਧੂ ਸਾਧ ਸਾਧਨਾ, ਨਾਮ ਦਾ ਦਾਰੂ ਪਾਉਂਦੇ।
ਹਰਿ ਜਨ ਕੋਲੇ ਨਾਮ ਖਜ਼ਾਨਾ, ਜਿਸ ਵਿਚ ਤੋਟ ਨਾ ਆਵੇ।
ਜਿਸ 'ਤੇ ਬਖਸ਼ਿਸ਼ ਵਾਹਿਗੁਰੂ ਦੀ, ਉਹ ਇਸ ਦਾਨ ਨੂੰ ਪਾਵੇ।
ਮਨ ਤਨ ਰੱਤੇ ਗਏ ਜਿਨ੍ਹਾਂ ਦੇ, ਨਾਮ ਮਜੀਠੀ ਰੰਗਦੇ।
ਗਿਆਨ ਦੇ ਫੁੱਲ ਖਿੜੇ ਤੇ ਰੱਚੀਆਂ, ਮਹਿਕਾਂ ਵਿਚ ਅੰਗ ਅੰਗ ਦੇ॥੫।

Sri Satguru Jagjit Singh Ji eLibrary NamdhariElibrary@gmail.com

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥
ਹਰਿ ਕਾ ਨਾਮੁ ਜਨ ਕੀ ਵਡਿਆਈ॥
ਹਰਿ ਕੈ ਨਾਮਿ ਜਨ ਸੋਭਾ ਪਾਈ॥
ਹਰਿ ਕਾ ਨਾਮੁ ਜਨ ਕਉ ਭੋਗ ਜੋਗ।
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ॥
ਜਨੁ ਰਾਤਾ ਹਰਿ ਨਾਮ ਕੀ ਸੇਵਾ॥
ਨਾਨਕ ਪੂਜੈ ਹਰਿ ਹਰਿ ਦੇਵਾ॥੬॥

ਹਰੀਜਨਾਂ ਨੂੰ ਮੁਕਤੀ ਵਾਲੀ ਨਾਮ ਦੀ ਜੁਗਤੀ ਦੱਸੇ।
ਨਾਮ 'ਚ ਰੱਤਿਆ ਜੀਉੜਾ ਮੁੜਕੇ, ਭੋਗਾਂ ਵੱਲ ਨਾ ਨੱਸੇ।
ਮਨ ਤਨ ਜਿਸਦਾ ਨਾਮ 'ਚ ਰੰਗਿਆ, ਰੂਪ ਨਾ ਝੱਲਿਆ ਜਾਵੇ।
ਦਮ ਦਮ ਦੇ ਸਿਮਰਨ ਵਿਚ ਉੱਥੇ, ਫਰਕ ਕਦੇ ਨਾ ਆਵੇ।
ਨਾਮ ਪ੍ਰਭੂ ਦਾ ਜਿਸਨੇ ਜੱਪਿਆ, ਹਰ ਥਾਂ ਹੋਵਣ ਸਿਫਤਾਂ।
ਹਰ ਇਕ ਨੇ ਸਤਿਕਾਰ ਹੈ ਕੀਤਾ, ਹਰ ਥਾਂ ਹੋਈਆਂ ਇੱਜ਼ਤਾਂ।
ਨਾਮ ਜਪਦਿਆਂ ਹਰਿਜਨ ਰਹਿੰਦਾ, ਵਿੱਚੇ ਗ੍ਰਿਹਸਤ ਉਦਾਸੀ।
ਕਦੇ ਨਾ ਪਏ ਵਿਛੋੜਾ ਪ੍ਰਭ ਤੋਂ, ਨਾਮ ਦਾ ਜੋ ਅਭਿਆਸੀ।
ਨਾਮ ਜਪਣ ਦੀ ਸੇਵਾ ਦੇ ਵਿਚ, ਹਰਿ ਜਨ ਲੱਗਿਆ ਰਹਿੰਦਾ।
ਕੇਵਲ ਇਕ ਅਕਾਲ ਦੀ ਪੂਜਾ, ਕਰਦਾ ਉਠਦਾ ਬਹਿੰਦਾ ॥੬॥

Sri Satguru Jagjit Singh Ji eLibrary NamdhariElibrary@gmail.com

ਹਰਿ ਹਰਿ ਜਨ ਕੈ ਮਾਲੁ ਖਜੀਨਾ॥
ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ॥
ਹਰਿ ਹਰਿ ਜਨ ਕੈ ਓਟ ਸਤਾਣੀ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ॥
ਓਤਿ ਪੋਤਿ ਜਨ ਹਰਿ ਰਸਿ ਰਾਤੇ॥
ਸੁੰਨ ਸਮਾਧਿ ਨਾਮ ਰਸ ਮਾਤੇ॥
ਆਠ ਪਹਰ ਜਨੁ ਹਰਿ ਹਰਿ ਜਪੈ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥
ਹਰਿ ਕੀ ਭਗਤਿ ਮੁਕਤਿ ਬਹੁ ਕਰੇ॥
ਨਾਨਕ ਜਨ ਸੰਗਿ ਕੇਤੇ ਤਰੇ॥੭॥

ਸਭ ਧਨ ਨਾਲੋਂ ਹਰਿ ਧਨ ਉੱਤੇ, ਹਰਿ ਜਨ ਭਰੇ ਭੰਡਾਰੇ।
ਹਰਿ ਧਨ ਦੀ ਇਹ ਦਾਤ ਅਮੁੱਲੜੀ, ਦਿਤੀ ਦੇਵਣਹਾਰੇ।
ਨਾਂ ਕਾੜ੍ਹਾ ਅੰਦੇਸਾ ਕੋਈ, ਜਿਸਨੂੰ ਉਸ ਦੀਆਂ ਓਟਾਂ।
ਪ੍ਰਭੁ ਜੀ ਦੇ ਇਕਬਾਲ ਦਾ ਸਦਕਾ, ਕਦੇ ਨਾ ਆਵਣ ਤੋਟਾਂ।
ਤਾਣੇ ਪੇਟੇ ਵਾਂਗੂੰ ਹਰਿ-ਜਨ, ਹਰਿ ਰੱਸ ਦੇ ਵਿਚ ਰੱਤੇ।
ਇਕ ਟੱਕ ਰਹਿਣ ਸਮਾਧੀ ਅੰਦਰੋਂ, ਨਾਮ ਰੰਗ ਵਿਚ ਮੱਤੇ।
ਸਿਮਰਨ ਦਾ ਪਰਵਾਹ ਹਰਿਜਨ ਦਾ, ਕਦੇ ਨਹੀਂ ਹੈ ਰੁੱਕਦਾ।
ਪ੍ਰਗਟ ਵਿਚ ਜਹਾਨ ਦੇ ਹੋਵੇ, ਨਹੀ ਲੁਕਾਇਆਂ ਲੁੱਕਦਾ।
ਮੋਹ ਮਾਇਆ ਦੇ ਸੰਗਲ ਤੋੜੇ ਭਗਤੀ ਜਿਹਨਾਂ ਕੀਤੀ।
ਭਗਤਾਂ ਸੰਗ ਕਈ ਸੇਵਕ ਤਰ ਗਏ, ਪਾਈ ਜਿਹਨਾਂ ਪ੍ਰੀਤੀ॥੭॥

Sri Satguru Jagjit Singh Ji eLibrary NamdhariElibrary@gmail.com

ਪਾਰਜਾਤੁ ਇਹੁ ਹਰਿ ਕੋ ਨਾਮ॥
ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥
ਨਾਮ ਕੀ ਮਹਿਮਾ ਸੰਤ ਰਿਦ ਵਸੈ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥
ਸੰਤ ਕਾ ਸੰਗੁ ਵਡਭਾਗੀ ਪਾਈਐ॥
ਸੰਤ ਕੀ ਸੇਵਾ ਨਾਮੁ ਧਿਆਈਐ॥
ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥

ਨਾਮ ਹੀ ਅਸਲੀ ਪਾਰਜਾਤ ਰੁੱਖ, ਜੋ ਸੁਰਗਾਂ ਵਿਚ ਦੱਸਦੇ।
ਕਾਮਧੇਨ ਗਾਂ ਵਿਚ ਗੁਣ ਜੇਹੜੇ, ਕੀਰਤਨ ਦੇ ਵਿਚ ਵੱਸਦੇ।
ਉਹੀ ਪਵਿੱਤਰ ਕਥਾ ਵਾਰਤਾ, ਜਿਸ ਵਿਚ ਹਰੀ ਵਿਚਾਰਾਂ।
ਜਿਸ ਨੂੰ ਸੁਣਿਆਂ ਭੁੱਲ ਜਾਣ ਸਭ, ਦੁੱਖ ਦਰਦ ਦੀਆਂ ਮਾਰਾਂ।
ਨਾਮ ਦੀ ਉਪਮਾ ਸੰਤਾਂ ਦੇ ਸਦਾ, ਹਿਰਦੇ ਅੰਦਰ ਵੱਸੇ।
ਸੰਤਾਂ ਦੀ ਬਖਸ਼ਿਸ਼ ਦਾ ਸਦਕਾ, ਪਾਪ ਕਸੰਮਲ ਨੱਸੇ।
ਸੰਗਤ ਭਲਿਆਂ ਪੁਰਸ਼ਾਂ ਦੀ ਮਿਲੇ, ਉਤਮ ਭਾਗ ਕਹਾਈਏ।
ਸੰਤਾਂ ਦੀ ਸੇਵਾ ਦਾ ਮੇਵਾ, ਨਾਮ ਪਦਾਰਥ ਪਾਈਏ।
ਨਾਮ ਬਰਾਬਰ ਹੋਰ ਨਾ ਕੋਈ, ਉਚਾ ਰੁਤਬਾ ਪਾਵੇ।
ਦਾਤ ਅਮੁੱਲੜੀ ਸਤਿਗੁਰ ਕਹਿੰਦੇ ਗੁਰਮੁਖ ਹਿੱਸੇ ਆਵੇ॥੮॥੨॥

Sri Satguru Jagjit Singh Ji eLibrary NamdhariElibrary@gmail.com

*ਸਲੋਕੁ ॥*

**ਬਹੁ ਸਾਸਤ੍ਰ ਬਹੁ ਸਿਮ੍ਰਿਤੀ
ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ
ਨਾਨਕ ਨਾਮ ਅਮੋਲ ॥੧॥**

ਧਰਮ ਕਰਮ ਦੇ ਗਰੰਥ ਅਨੇਕਾਂ,
ਪੜ੍ਹ ਪੜ੍ਹ ਕੇ ਵੀਚਾਰੇ।
ਨਾਮ ਪ੍ਰਭੂ ਦਾ ਸਭ ਤੋਂ ਉੱਚਾ,
ਇਸ ਤੋਂ ਹੇਠਾਂ ਸਾਰੇ ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥

ਜੇ ਕਰ ਕੋਈ ਜਪ ਤਪ ਕਰਕੇ, ਗਿਆਨ ਧਿਆਨ ਵਧਾਕੇ।
ਛੇ ਸ਼ਾਸਤ੍ਰ ਤੇ ਸਿਮ੍ਰਤੀਆਂ ਦੀ, ਕਥਾ ਕਰੇ ਚਿੱਤ ਲਾਕੇ।
ਕਰ ਯੋਗਾ ਅਭਿਆਸ ਜੇ ਕੋਈ, ਧਰਮੀ ਰਹਿਤ ਕਮਾਵੇ।
ਛੱਡਕੇ ਵਸਦੀ ਰਸਦੀ ਦੁਨੀਆਂ, ਜੰਗਲੀਂ ਡੇਰਾ ਲਾਵੇ।
ਕਰਮ ਧਰਮ ਭੀ ਕਰੇ ਅਨੇਕਾਂ, ਨਾਲੇ ਹਵਨ ਕਰਾਵੇ।
ਪੁੰਨ ਦਾਨ ਵਿਚ ਕੀਮਤੀ ਮੋਤੀ, ਹੀਰੇ, ਰਤਨ ਲੁਟਾਵੇ।
ਤਨ ਆਪਣੇ ਦੇ ਕਰਕੇ ਟੋਟੇ, ਵਿਚ ਹਵਨ ਦੇ ਪਾਵੇ।
ਅਨਿਕ ਤਰਾਂ ਦੇ ਵਰਤ ਨੇਮ ਰੱਖ, ਤਨ ਦੇ ਤਾਂਈ ਤਪਾਵੇ।
ਨਾਮ ਬਰਾਬਰ ਹੋਰ ਨਾ ਕੋਈ, ਐਵੇਂ ਨਾਂ ਪਏ ਖਪੀਏ।
ਗੁਰਮੁਖ ਬਣਕੇ ਨਾਮ ਪ੍ਰਭੂ ਦਾ, ਮਨ ਚਿੱਤ ਲਾਕੇ ਜਪੀਏ॥੧॥

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥
ਮਹਾ ਉਦਾਸੁ ਤਪੀਸਰੁ ਥੀਵੈ॥
ਅਗਨਿ ਮਾਹਿ ਹੋਮਤ ਪਰਾਨ॥
ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥
ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥
ਤਉ ਭੀ ਹਉਮੈ ਮੈਲੁ ਨ ਜਾਵੈ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥

ਜੇ ਕਿਸੇ ਸਾਰੀ ਧਰਤੀ ਘੁੰਮੀ, ਲੰਮੀ ਉਮਰਾ ਭੋਗੀ।
ਮੋਹ ਮਾਇਆ ਤੋਂ ਉਪਰ ਉਠਕੇ, ਬਣਿਆ ਤਪੀਆ ਜੋਗੀ।
ਹੋਮ ਦੀ ਅਗਨੀ ਦੇ ਵਿਚ ਪਾਈ, ਆਪਣੀ ਪ੍ਰਾਣ ਅਹੂਤੀ।
ਵੱਧੀਆ ਘੋੜੇ, ਧਰਤੀ, ਸੋਨਾ, ਦਿਤੀ ਦਾਨ ਬਿਭੂਤੀ।
ਨਿਉਲੀ ਧੋਤੀ ਯੋਗ ਦੇ ਆਸਣ, ਕੀਤੇ ਹੋਰ ਅਨੇਕਾਂ।
ਜੈਨ ਧਰਮ ਦੀ ਆਹਿੰਸਾ ਤੇ, ਮਨ ਵਿਚ ਧਰੀਆਂ ਟੇਕਾਂ।
ਆਪਣਾ ਤਨ ਕਟਾਕੇ ਕੀਤੀ, ਉਸਦੀ ਬੋਟੀ ਬੋਟੀ।
ਹਉਂ ਮੈਲੀ ਨਾ ਉਜਲੀ ਹੋਈ, ਲੱਖਾਂ ਵਾਰੀ ਧੋਤੀ।
ਵਾਹਿਗੁਰੂ ਦੇ ਨਾਮ ਬਰਾਬਰ, ਹੋਰ ਨਹੀਂ ਕੋਈ ਜੁਗਤੀ।
ਗੁਰਮੁਖ ਬਣਕੇ ਨਾਮ ਜੇ ਜਪੀਏ, ਮਿਲ ਜਾਂਦੀ ਹੈ ਮੁਕਤੀ ॥੨॥

ਮਨ ਕਾਮਨਾ ਤੀਰਥ ਦੇਹ ਛੁਟੈ॥
ਗਰਬੁ ਗੁਮਾਨੁ ਨ ਮਨ ਤੇ ਹੁਟੈ॥
ਸੋਚ ਕਰੈ ਦਿਨਸੁ ਅਰੁ ਰਾਤਿ॥
ਮਨ ਕੀ ਮੈਲੁ ਨ ਤਨ ਤੇ ਜਾਤਿ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ॥
ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ॥
ਸੁਧ ਕਹਾ ਹੋਇ ਕਾਚੀ ਭੀਤਿ॥
ਮਨ ਹਰਿ ਕੇ ਨਾਮ ਕੀ ਮਹਿਮਾ ਊਚ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥੩॥

ਜੇ ਕੋਈ ਮਨ ਵਿਚ ਧਾਰ ਕਾਮਨਾ, ਤੀਰਥ 'ਤੇ ਮਰ ਜਾਵੇ।
ਹਉਂ ਦਾ ਕੰਡਾ ਮਨ ਵਿਚ ਪੁੜਿਆ, ਫਿਰ ਭੀ ਉਹ ਤੜਪਾਵੇ।
ਰਾਤ ਦਿਹੁੰ ਜੇ ਦੇਹ ਕੋਈ ਆਪਣੀ, ਪਾਣੀ ਦੇ ਵਿਚ ਧੋਵੇ।
ਤਨ ਨੂੰ ਧੋਤਿਆਂ ਪਾਣੀ ਦੇ ਨਾਲ, ਮਨ ਨਾ ਉਜਲਾ ਹੋਵੇ।
ਸਾਧਨ ਕਰੇ ਹੋਰ ਅਨੇਕਾਂ ਤਨ ਕਸ਼ਟਾਂ ਵਿਚ ਪਾਕੇ।
ਇਸ ਮਾਇਆ ਦਾ ਜ਼ਹਿਰ ਨਾ ਉਤਰੇ, ਮਨ ਤੋਂ ਜ਼ੋਰ ਲਗਾਕੇ।
ਨਾਸ਼ਵਾਨ ਇਹ ਦੇਹੀ ਤਾਂਹੀ, ਜੇ ਧੋਵੇ ਜਲ ਦੁਆਰਾ।
ਕੱਚੀ ਕੰਧ ਨੇ ਹੋ ਜਾਣਾ ਹੈ, ਬਸ ਗਾਰੇ ਦਾ ਗਾਰਾ।
ਉਚੀ ਸੁੱਚੀ ਨਾਮ ਦੀ ਮਹਿਮਾਂ, ਐ ਮਨ ਕਹੀ ਨਾ ਜਾਵੇ।
ਬੱਜਰ ਪਾਪੀ, ਭਵਸਾਗਰ ਤੋਂ, ਨਾਮ ਹੀ ਪਾਰ ਲੰਘਾਵੇ॥੩॥

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥
ਭੇਖ ਅਨੇਕ ਅਗਨਿ ਨਹੀ ਬੁਝੈ॥
ਕੋਟਿ ਉਪਾਵ ਦਰਗਹ ਨਹੀ ਸਿਝੈ॥
ਛੂਟਸਿ ਨਾਹੀ ਊਭ ਪਇਆਲਿ॥
ਮੋਹਿ ਬਿਆਪਹਿ ਮਾਇਆ ਜਾਲਿ॥
ਅਵਰ ਕਰਤੂਤਿ ਸਗਲੀ ਜਮੁ ਡਾਨੈ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥
ਹਰਿ ਕਾ ਨਾਮੁ ਜਪਤ ਦੁਖੁ ਜਾਇ॥
ਨਾਨਕ ਬੋਲੈ ਸਹਜਿ ਸੁਭਾਇ॥੪॥

ਬੇਸ਼ਕ ਧਨੀ ਅਕਲ ਦਾ ਹੋਵੇ, ਫਿਰ ਭੀ ਜਮਾਂ ਤੋਂ ਡਰਦਾ।
ਤ੍ਰਿਸ਼ਨਾ ਕਦੇ ਭੀ ਤ੍ਰਿਪਤ ਨਾ ਹੁੰਦੀ, ਲਖ ਯਤਨ ਪਿਆ ਕਰਦਾ।
ਭੇਖ ਧਰਮ ਦੇ ਧਾਰ ਅਨੇਕਾਂ, ਅੱਗ ਨਾਂ ਬੁੱਝੇ ਦਿਲ ਦੀ।
ਵਿਚ ਦਰਗਾਹ ਦੇ ਨਾਮ ਦੇ ਬਾਝੋਂ, ਢੋਈ ਨਹੀ ਹੈ ਮਿਲ ਦੀ।
ਉਡ ਅਕਾਸ਼ੀਂ, ਲੁਕ ਪਤਾਲੀਂ, ਜਿਥੇ ਭੀ ਤੈਂ ਵਸਣਾ।
ਮੋਹ ਮਾਇਆ ਦੇ ਜਾਲ ਦੇ ਅੰਦਰ, ਤੈਂ ਫਸਣਾ ਹੀ ਫਸਣਾ।
ਸਜ਼ਾ ਜਮਾਂ ਦੀ ਮਿਲਣੀ ਤੈਨੂੰ, ਯਤਨ ਕਰੀਂ ਚਾ ਲੱਖਾਂ।
ਪ੍ਰਭੁ ਭਗਤੀ ਬਿਨ ਹੋਰ ਕਿਸੇ ਨਾਂ, ਅੱਗੇ ਕਰਨੀਆਂ ਰੱਖਾਂ।
ਸਭ ਦੁੱਖਾਂ ਦਾ ਇਕੋ ਦਾਰੂ, ਨਾਮ ਪ੍ਰਭੂ ਦਾ ਭਾਈ।
ਪੰਜਵੇਂ ਨਾਨਕ ਕਹਿੰਦੇ ਹੋਣਾ, ਅੰਤ ਨੂੰ ਇਸੇ ਸਹਾਈ। ੪॥

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥
ਜੇ ਕੋ ਆਪੁਨਾ ਦੂਖੁ ਮਿਟਾਵੈ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ॥
ਜੇ ਕੋ ਅਪੁਨੀ ਸੋਭਾ ਲੋਰੈ॥
ਸਾਧ ਸੰਗਿ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਣ ਤੇ ਡਰੈ॥
ਸਾਧ ਜਨਾ ਕੀ ਸਰਨੀ ਪਰੈ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾ ਕੈ ਬਲਿ ਬਲਿ ਜਾਸਾ॥੫॥

ਧਰਮ, ਅਰਥ ਤੇ ਕਾਮ, ਮੋਖ, ਜੋ ਚਾਰ ਪਦਾਰਥ ਲੋੜੇ।
ਸੰਤ ਜਨਾਂ ਦੀ ਅਰਦਲ ਦੇ ਵਿਚ, ਜਾਕੇ ਝਾੜੇ ਜੋੜੇ।
ਜੇ ਕੋਈ ਚਾਹੇ ਜ਼ਿੰਦਗੀ ਵਿਚੋਂ, ਸਾਰਾ ਦੁੱਖ ਮਿੱਟ ਜਾਵੇ।
ਹਿਰਦੇ ਦੇ ਵਿਚ ਨਾਮ ਵਸਾਕੇ, ਸਦਾ ਹਰੀ ਗੁਣ ਗਾਵੇ।
ਜੇ ਕੋਈ ਚਾਹੇ ਸੋਭਾ ਮੇਰੀ, ਹੋਵੇ ਸਭ ਦੇ ਅੱਗੇ।
ਛੱਡ ਹੰਗਤਾ ਦਾ ਖਹਿੜਾ ਜਾਕੇ, ਸਤ ਸੰਗਤ ਲੜ ਲੱਗੇ।
ਜੰਮਣ ਮਰਨ ਦੇ ਡਰ ਤੋਂ ਕੋਈ, ਜੇ ਚਾਹੇ ਛੁਟਕਾਰਾ।
ਭਲਿਆਂ ਪੁਰਸ਼ਾਂ ਦੀ ਸੰਗਤ ਦਾ, ਆਕੇ ਲਵੇ ਸਹਾਰਾ।
ਪ੍ਰਭੂ ਦੀਦ ਦੀ ਸਿੱਕ ਜਿਸ ਆਪਣੇ, ਦਿਲ ਦੇ ਅੰਦਰ ਧਾਰੀ।
ਪੰਜਵੇ ਨਾਨਕ ਕਹਿੰਦੇ ਉਸ ਤੋਂ, ਮੈਂ ਸਦਕੇ ਲੱਖ ਵਾਰੀ।੫॥

Sri Satguru Jagjit Singh Ji eLibrary NamdhariElibrary@gmail.com

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥
ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ॥
ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥
ਸੂਖ ਦੂਖ ਜਨ ਸਮ ਦ੍ਰਿਸਟੇਤਾ॥
ਨਾਨਕ ਪਾਪ ਪੁੰਨ ਨਹੀ ਲੇਪਾ॥੬॥

ਸਭ ਤੋਂ ਵੱਧ ਸ੍ਰੇਸ਼ਟ ਹੈ ਉਹ, ਬੰਦਾ ਜੱਗ ਵਿਚ ਆਇਆ।
ਸਾਧ ਸੰਗਤ ਕਰ ਜਿਸਨੇ ਆਪਣੀ, ਹੰਗਤਾ ਤਾਂਈ ਮਿਟਾਇਆ।
ਆਪਣੇ ਆਪ ਨੂੰ ਦੂਸਰਿਆਂ ਤੋਂ, ਜਿਹੜਾ ਸਮਝੇ ਮੰਦਾ।
ਉਸਨੂੰ ਦਾਸ਼ਨਮੰਦ ਨੇ ਗਿਣਦੇ, ਸਭ ਤੋਂ ਉੱਚਾ ਬੰਦਾ।
ਚਰਨ ਧੂੜ ਸਭਨਾ ਦੀ ਜਿਹੜਾ, ਮਨ ਆਪਣੇ ਨੂੰ ਜਾਣੇ।
ਹਰ ਹਿਰਦੇ ਵਿਚ ਹਰੀ ਨਾਮ ਨੂੰ, ਉਹ ਕੇਵਲ ਪਹਿਚਾਣੇ।
ਰੱਖੇ ਜਿਹੜਾ ਮਨ ਆਪਣੇ ਤੋਂ, ਸਭ ਦਾ ਬੁਰਾ ਮਿਟਾਕੇ।
ਹਰ ਇਕ ਤਾਂਈ ਰੱਖੇ ਆਪਣਾ, ਸਾਜਨ ਮੀਤ ਬਣਾਕੇ।
ਦੁੱਖ ਸੁੱਖ ਨੂੰ ਜੋ ਇਕ ਨਜ਼ਰ ਨਾਲ, ਜੀਵਨ ਦੇ ਵਿਚ ਦੇਖੇ।
ਪੋਂਹਦੇ ਨਾਹੀ ਉਸ ਜਨ ਤਾਂਈ, ਪਾਪ ਪੁੰਨ ਦੇ ਲੇਖੇ।੬॥

Sri Satguru Jagjit Singh Ji eLibrary NamdhariElibrary@gmail.com

ਨਿਰਧਨ ਕਉ ਧਨੁ ਤੇਰੋ ਨਾਉ॥
ਨਿਥਾਵੇ ਕਉ ਨਾਉ ਤੇਰਾ ਥਾਉ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ॥
ਸਗਲ ਘਟਾ ਕਉ ਦੇਵਹੁ ਦਾਨੁ॥
ਕਰਨ ਕਰਾਵਨਹਾਰ ਸੁਆਮੀ॥
ਸਗਲ ਘਟਾ ਕੇ ਅੰਤਰਜਾਮੀ॥
ਅਪਨੀ ਗਤਿ ਮਿਤਿ ਜਾਨਹੁ ਆਪੇ॥
ਆਪਨ ਸੰਗਿ ਆਪਿ ਪ੍ਰਭ ਰਾਤੇ॥
ਤੁਮਰੀ ਉਸਤਤਿ ਤੁਮ ਤੇ ਹੋਇ॥
ਨਾਨਕ ਅਵਰੁ ਨ ਜਾਨਸਿ ਕੋਇ॥੭॥

ਉਹ ਕੰਗਲਾ ਨਹੀ ਜਿਸਦੇ ਕੋਲ ਹੈ, ਤੇਰਾ ਨਾਮ ਪਿਆਰਾ।
ਉਸਨੂੰ ਕੌਣ ਨਿਥਾਵਾਂ ਆਖੇ, ਜਿਸਦਾ ਨਾਮ ਸਹਾਰਾ।
ਜਿਸਨੂੰ ਮਾਣ ਹੈ ਵਾਹਿਗੁਰੂ 'ਤੇ, ਹੋਵੇ ਕਿਵੇਂ ਨਿਮਾਣਾ।
ਸਭ ਜੀਵਾਂ ਨੂੰ ਰਿਜ਼ਕ ਭੁੰਚਾਣਾ, ਤੇਰਾ ਬਿਰਦ ਪੁਰਾਣਾ।
ਹੇ ਮਾਲਕ ਤੂੰ ਜੱਗ ਦੇ ਉਤੇ, ਸਭ ਕੁਝ ਕਰਣੇਹਾਰਾ।
ਹਰ ਹਿਰਦੇ ਦਾ ਹਰ ਇਕ ਫੁਰਨਾ, ਤੂੰ ਹੀ ਜਾਨਣਹਾਰਾ।
ਆਪਣੀ ਚਾਲ ਤੇ ਮਰਯਾਦਾ ਨੂੰ, ਹੇ ਪ੍ਰਭੂ ਤੂੰ ਹੀ ਜਾਣੇ।
ਆਪਣੇ ਰੰਗ ਵਿਚ ਰੱਤਾ ਹੋਇਆ, ਆਪੇ ਸਭ ਰੰਗ ਮਾਣੇ।
ਤੇਰੀ ਮਹਿਮਾ ਹੇ ਪ੍ਰਭੂ ਮੇਰੇ, ਤੈਨੂੰ ਹੀ ਬਣ ਆਵੇ।
ਨਾ ਕੋਈ ਇਸ ਨੂੰ ਜਾਣ ਸਕੇ, ਤੇ ਨਾ ਕੋਈ ਕਹਿ ਪਾਵੇ।੭॥

Sri Satguru Jagjit Singh Ji eLibrary NamdhariElibrary@gmail.com

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥
ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥

ਸਭ ਤੋਂ ਉਤਮ ਜੱਗ ਦੇ ਅੰਦਰ, ਉਸ ਧਰਮ ਨੂੰ ਕਹੀਏ।
ਜਿਸ ਵਿਚ ਜੱਪਕੇ ਨਾਮ ਪ੍ਰਭੂ ਦਾ, ਨਿਰਮਲ ਹੋ ਕੇ ਰਹੀਏ।
ਸਭ ਤੋਂ ਉੱਚੀ ਸੁੱਚੀ ਹੈ ਉਹ, ਜੀਵਨ ਕਾਰਜ ਸ਼ੈਲੀ।
ਸਾਧ ਸੰਗਤ ਕਰ ਪਾਵਨ ਹੋਵੇ, ਇਹ ਮੱਤ ਹੋਈ ਮੈਲੀ।
ਉਹ ਹਿੰਮਤ ਹੈ ਸਭ ਤੋਂ ਵੱਧੀਆ, ਜੱਗ ਦੇ ਵਿਚ ਪਿਆਰੇ।
ਜਿਸਦਾ ਸਦਕਾ ਨਾਮ ਜਪਦਿਆਂ, ਆਵਣ ਸਦਾ ਹੁਲਾਰੇ।
ਸਰਬ ਸ੍ਰੇਸ਼ਟ ਹੈ ਉਹ ਬਾਣੀ, ਜਿਸ ਚੋਂ ਅੰਮ੍ਰਿਤ ਝਰਦਾ।
ਹਰਿ ਜੱਸ ਕਰਿਆਂ, ਹਰਿ ਜੱਸ ਸੁਣਿਆ, ਜੀਵਨ ਸਦਾ ਸੰਵਰਦਾ।
ਉਹ ਦੇਹੀ ਹੈ ਸਭ ਤੋਂ ਉਤਮ, ਬਾਣੀ ਕਰੇ ਖੁਲਾਸਾ।
ਵਾਹਿਗੁਰੂ ਦੇ ਨਾਮ ਨੇ ਕੀਤਾ, ਜਿਸਦੇ ਵਿਚ ਨਿਵਾਸਾ।੮।੩।

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਨਿਰਗੁਨੀਆਰ ਇਆਨਿਆ
ਸੋ ਪ੍ਰਭੁ ਸਦਾ ਸਮਾਲਿ ॥
ਜਿਨਿ ਕੀਆ ਤਿਸੁ ਚੀਤਿ ਰਖੁ
ਨਾਨਕ ਨਿਬਹੀ ਨਾਲਿ ॥੧॥

ਐ ਗੁਣ ਹੀਣੇ, ਬੁੱਧਿ ਤੋਂ ਸਖਣੇ,
ਸਭਨਾਂ ਨੂੰ ਪ੍ਰਭੂ ਪਾਲੇ।
ਨਾਮ ਉਹਦੇ ਨੂੰ ਹਿਰਦੇ ਵਿਚ ਰੱਖ,
ਜਿਸਨੇ ਨਿਭਣਾ ਨਾਲੇ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਰਮਈਆ ਕੇ ਗੁਨ ਚੇਤਿ ਪਰਾਨੀ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥
ਭਰਿ ਜੋਬਨ ਭੋਜਨ ਸੁਖ ਸੂਧ॥
ਬਿਰਧਿ ਭਇਆ ਊਪਰਿ ਸਾਕ ਸੈਨ॥
ਮੁਖਿ ਅਪਿਆਉ ਬੈਠ ਕਉ ਦੈਨ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥
ਬਖਸਿ ਲੇਹੁ ਤਉ ਨਾਨਕ ਸੀਝੈ॥੧॥

ਰੋਮ ਰੋਮ ਵਿਚ ਰਮੇ ਪ੍ਰਭੂ ਦੇ, ਗੁਣ ਚੇਤੇ ਕਰ ਅੜਿਆ।
ਮਾਂ ਦੀ ਰਕਤ ਪਿਤਾ ਦੇ ਬਿੰਦ ਤੋਂ, ਜਿਸਨੇ ਤੈਨੂੰ ਘੜਿਆ।
ਕਿਸ ਖੂਬੀ ਨਾਲ ਅੰਗ ਅੰਗ ਤੇਰਾ, ਤਨ ਤੇਰੇ ਵਿਚ ਜੜਿਆ।
ਦਸ ਮਾਂਹ ਜਠਰ ਅਗਨਿ ਵਿਚ ਰਹਿਕੇ, ਫਿਰ ਭੀ ਨਾਂ ਤੂੰ ਸੜਿਆ।
ਬਾਲ ਉਮਰ ਵਿਚ ਦੰਦ ਨਹੀ ਸਨ, ਦੁੱਧਾਂ ਨਾਲ ਤੂੰ ਪਲਿਆ।
ਚੜ੍ਹੀ ਜਵਾਨੀ ਤਰ੍ਹਾਂ ਤਰ੍ਹਾਂ ਦੇ, ਖਾਣੇ ਖਾਵੇਂ ਬੱਲਿਆ।
ਆਇਆ ਬੁਢਾਪਾ ਸਾਂਭਿਆ ਤੈਨੂੰ, ਤੇਰੇ ਰਿਸ਼ਤੇਦਾਰਾਂ।
ਭੋਜਨ ਨਰਮ ਖਵਾਂਦੇ ਤੈਨੂੰ, ਕਰਦੇ ਖਾਤਰਦਾਰਾਂ।
ਗੁਣ ਤੋਂ ਹੀਣਾ ਸਮਝ ਸਕੇ ਨਾਂ, ਤੇਰੀਆਂ ਇਹ ਵਡਿਆਈਆਂ।
ਮੇਹਰ ਕਰੋ ਇਸ ਜੀਵ ਦੇ ਉਤੇ, ਐ ਮੇਹਰਾਂ ਦੇ ਸਾਂਈਆਂ।੧।

Sri Satguru Jagjit Singh Ji eLibrary NamdhariElibrary@gmail.com

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥
ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥
ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥
ਸੁਖਦਾਈ ਪਵਨੁ ਪਾਵਕੁ ਅਮੁਲਾ ॥
ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥
ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥
ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥
ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥
ਐਸੇ ਦੋਖ ਮੂੜ ਅੰਧ ਬਿਆਪੇ ॥
ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥

ਇਸ ਧਰਤੀ ਤੇ ਸੁੱਖੀ ਵਸੇਂ ਤੂੰ, ਜਿਸਦੀ ਮੇਹਰ ਦੁਆਰਾ।
ਪੁੱਤ, ਭਰਾ, ਮਿੱਤ, ਪਤਨੀ ਦੇ ਸੰਗ, ਹਸਦੈਂ ਬਰਖ਼ੁਰ ਦਾਰਾ।
ਜਿਸਦੀ ਕਿਰਪਾ ਨਾਲ ਤੂੰ ਪੀਵੇਂ, ਠੰਢਾ ਅੰਮ੍ਰਿਤ ਪਾਣੀ।
ਅੱਗ, ਹਵਾ, ਅਣ ਮੁੱਲੀਆਂ ਦਾਤਾਂ, ਦਿਤੀਆਂ ਉਸਦੀਆਂ ਜਾਣੀ।
ਸਭ ਰਸ ਭੋਗੇਂ ਖੁਸ਼ੀਆਂ ਦੇ ਸੰਗ, ਉਸਦੀ ਰਹਿਮਤ ਕਰਕੇ।
ਸਰਬ ਪਦਾਰਥ ਮਿਲੇ ਜੋ ਤੈਨੂੰ, ਮਾਣੇਂ ਤੂੰ ਜੀ ਭਰਕੇ।
ਹੱਥ, ਪੈਰ, ਕੰਨ, ਜਿਹਭਾ ਦਿਤੀ, ਜਿਸ ਪ੍ਰਭੁ ਦਿਤੀਆਂ ਅੱਖੀਆਂ।
ਉਸਨੂੰ ਭੁੱਲਕੇ ਹੋਰਾਂ ਦੇ ਸੰਗ, ਤੂੰ ਸਾਂਝਾਂ ਪਾ ਰੱਖੀਆਂ।
ਅਕਲੋਂ ਅੰਧੇ, ਮੂੜ੍ਹੇ ਬੰਦੇ, ਪਾਪ ਕਮਾਂਦੇ ਰਹਿੰਦੇ।
ਹੇ ਪ੍ਰਭੁ ਕੱਢੋ ਪਾਪਾਂ ਵਿਚੋਂ, ਪੰਜਵੇਂ ਨਾਨਕ ਕਹਿੰਦੇ ।੨।

Sri Satguru Jagjit Singh Ji eLibrary NamdhariElibrary@gmail.com

ਆਦਿ ਅੰਤਿ ਜੋ ਰਾਖਨਹਾਰੁ॥
ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ॥
ਜਾ ਕੀ ਸੇਵਾ ਨਵ ਨਿਧਿ ਪਾਵੈ॥
ਤਾ ਸਿਉ ਮੂੜਾ ਮਨੁ ਨਹੀ ਲਾਵੈ॥
ਜੋ ਠਾਕੁਰੁ ਸਦ ਸਦਾ ਹਜੂਰੇ॥
ਤਾ ਕਉ ਅੰਧਾ ਜਾਨਤ ਦੂਰੇ॥
ਜਾ ਕੀ ਟਹਲ ਪਾਵੈ ਦਰਗਹ ਮਾਨੁ॥
ਤਿਸਹਿ ਬਿਸਾਰੈ ਮੁਗਧੁ ਅਜਾਨੁ॥
ਸਦਾ ਸਦਾ ਇਹੁ ਭੂਲਨਹਾਰੁ॥
ਨਾਨਕ ਰਾਖਨਹਾਰੁ ਅਪਾਰੁ॥੩॥

ਮੁੱਢ ਤੋਂ ਲੈਕੇ ਆਖਰ ਦੇ ਤੱਕ, ਜੋ ਕਰਦਾ ਰਖਵਾਲੀ।
ਉਸ ਮਾਲਕ ਨਾਲ ਮੂਰਖ ਬੰਦੇ, ਕਦੇ ਪ੍ਰੀਤ ਨਾਂ ਪਾਲੀ।
ਜਿਸ ਪ੍ਰਭੂ ਦੀ ਕਰ ਸੇਵਾ ਬੰਦਾ, ਨੌ ਨਿਧੀਆਂ ਨੂੰ ਪਾਵੇ।
ਇਹ ਮਨ ਕਮਲਾ ਭੁੱਲਕੇ ਭੀ ਨਾ, ਉਸ ਪਾਸੇ ਚਿੱਤ ਲਾਵੇ।
ਜੋ ਪਰਮੇਸ਼ਰ ਏਸ ਜੀਵ ਦੇ, ਸਦਾ ਹੈ ਅੰਗ ਸੰਗ ਵੱਸਦਾ।
ਅਕਲੋਂ ਅੰਧਾ ਬੰਦਾ ਉਸਨੂੰ, ਦੂਰ ਪਿਆ ਹੈ ਦੱਸਦਾ।
ਜਿਸਦੀ ਸੇਵਾ ਦਰਗਾਹ ਅੰਦਰ, ਇੱਜ਼ਤ ਮਾਣ ਦਿਵਾਵੇ।
ਇਹ ਮੂਰਖ ਅਣਜਾਣ ਨਾ ਉਸਨੂੰ, ਹਿਰਦੇ ਵਿਚ ਵਸਾਵੇ।
ਇਹੁ ਜੀਉ ਬਪੁੜਾ ਭੁੱਲਣਹਾਰਾ, ਪੈਰ ਪੈਰ ਤੇ ਭੁੱਲੇ।
ਉਸਦੀ ਰਹਿਮਤ ਦੇ ਦਰਵਾਜ਼ੇ, ਫਿਰ ਭੀ ਇਸ ਲਈ ਖੁਲ੍ਹੇ।੩॥

ਰਤਨੁ ਤਿਆਗਿ ਕਉਡੀ ਸੰਗਿ ਰਚੈ॥
ਸਾਚੁ ਛੋਡਿ ਝੂਠ ਸੰਗਿ ਮਚੈ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥
ਜੋ ਹੋਵਨੁ ਸੋ ਦੂਰਿ ਪਰਾਨੈ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥
ਸੰਗਿ ਸਹਾਈ ਤਿਸੁ ਪਰਹਰੈ॥
ਚੰਦਨ ਲੇਪੁ ਉਤਾਰੈ ਧੋਇ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ॥
ਅੰਧ ਕੂਪ ਮਹਿ ਪਤਿਤ ਬਿਕਰਾਲ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥

ਨਾਮ ਰਤਨ ਨੂੰ ਛੱਡਕੇ ਜੀਉੜਾ, ਕਉਡਾਂ ਦੇ ਨਾਲ ਖੇਲ੍ਹੇ।
ਸੱਚ ਬੋਲਣ ਲਈ ਮੂੰਹ 'ਤੇ ਜੰਦਰਾ, ਝੂਠ ਬੋਲੇ ਹਰ ਵੇਲੇ।
ਉਸਨੂੰ ਮੰਨੇ ਵਸਤ ਸਦੀਵੀ, ਜੋ ਆਖਰ ਛੱਡ ਜਾਣੀ।
ਜਿਸ ਮੌਤ ਨੇ ਸਰਪਰ ਔਣਾ, ਸਮਝੇ ਦੂਰ ਪ੍ਰਾਣੀ।
ਕਸ਼ਟ ਝਾਗਦਾ ਉਸਦੇ ਬਦਲੇ, ਜਿਸ ਨਹੀ ਨਿਭਣਾ ਨਾਲੇ।
ਜਿਸਨੇ ਅੰਤ ਸਹਾਈ ਹੋਣਾ, ਉਹ ਨਾਂ ਵਸਤ ਸੰਭਾਲੇ।
ਲੇਪ ਚੰਦਨ ਦੀ ਖੋਤੇ ਤਾਂਈਂ, ਜ਼ਰਾ ਨਾ ਮੂਲ ਸੁਹਾਵੇ।
ਵਿਚ ਸੁਆਹ ਦੇ ਜਾਕੇ ਲਿਟਣਾ, ਏਹੀ ਉਸਨੂੰ ਭਾਵੇ।
ਪਾਪੀ ਜੀਉੜਾ ਅੰਨ੍ਹੇ ਖੂਹ ਵਿਚ, ਡਿਗਕੇ ਗੋਤੇ ਖਾਵੇ।
ਹੇ ਕਰੁਣਾ ਦੇ ਸਾਗਰ ਕੱਢ ਲਉ, ਕਿਧਰੇ ਡੁੱਬ ਨਾ ਜਾਵੇ।੪॥

Sri Satguru Jagjit Singh Ji eLibrary NamdhariElibrary@gmail.com

ਕਰਤੂਤਿ ਪਸੂ ਕੀ ਮਾਨਸ ਜਾਤਿ॥
ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥
ਛਪਸਿ ਨਾਹਿ ਕਛੁ ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥
ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥
ਗਲਿ ਪਾਥਰ ਕੈਸੇ ਤਰੈ ਅਥਾਹ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥
ਨਾਨਕ ਤੇ ਜਨ ਸਹਜਿ ਸਮਾਤਿ॥੫॥

ਕਿਰਿਆਂ ਵਾਂਗੂੰ ਜਾਨਵਰਾਂ ਦੇ, ਪਾਕੇ ਜਨਮ ਮਨੁੱਖਾ।
ਹਰ ਦਮ ਕਰਦਾ ਲੋਕ ਵਿਖਾਵਾ, ਵਡਿਆਈਆਂ ਦਾ ਭੁੱਖਾ।
ਬਾਹਰੋਂ ਉਜਲਾ ਅੰਦਰੋਂ ਮੈਲਾ, ਕਰਦਾ ਫਿਰਦਾ ਠੱਗੀਆਂ।
ਅਸਲੀਅਤ ਤਦ ਪਰਗਟ ਹੋਣੀ, ਜਦ ਕਸਵੱਟੀਆਂ ਲੱਗੀਆਂ।
ਲਿੰਬ ਪੋਚਕੇ ਆਪਨੂੰ ਪਾਉਂਦਾ, ਗਿਆਨ ਧਿਆਨ ਦੀ ਘੂਕਰ।
ਅੰਦਰ ਇਸਦੇ ਪਾਵੇ ਖੌਰੂ, ਲਬ ਲੋਭ ਦਾ ਕੂਕਰ।
ਭਾਂਬੜ ਮੱਚਦੇ ਅੱਗ ਦੇ ਅੰਦਰ, ਲਾਈ ਬਾਹਰ ਬਿਭੂਤੀ।
ਗਲ ਪੱਥਰ ਬੰਨ੍ਹ ਤਰਨਾ ਚਾਹੇ, ਹਾਲਤ ਹੋਈ ਕਸੂਤੀ।
ਜਿਸ ਪਾਵਨ ਹਿਰਦੇ ਦੇ ਅੰਦਰ, ਆਪ ਪ੍ਰਭੂ ਜੀ ਰਹਿੰਦੇ।
ਇਕ ਰਸ ਰਹਿਣ ਸਮਾਧੀ ਅੰਦਰ, ਪੰਜਵੇਂ ਨਾਨਕ ਕਹਿੰਦੇ।੫।

Sri Satguru Jagjit Singh Ji eLibrary NamdhariElibrary@gmail.com

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥
ਕਰੁ ਗਹਿ ਲੇਹੁ ਓੜਿ ਨਿਬਹਾਵੈ॥
ਕਹਾ ਬੁਝਾਰਤਿ ਬੂਝੈ ਡੋਰਾ॥
ਨਿਸਿ ਕਹੀਐ ਤਉ ਸਮਝੈ ਭੋਰਾ॥
ਕਹਾ ਬਿਸਨਪਦ ਗਾਵੈ ਗੁੰਗ॥
ਜਤਨ ਕਰੈ ਤਉ ਭੀ ਸੁਰ ਭੰਗ॥
ਕਹ ਪਿੰਗੁਲ ਪਰਬਤ ਪਰਭਵਨ॥
ਨਹੀ ਹੋਤ ਊਹਾ ਉਸੁ ਗਵਨ॥
ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ॥
ਨਾਨਕ ਤੁਮਰੀ ਕਿਰਪਾ ਤਰੈ॥੬॥

ਅੰਨ੍ਹਾਂ ਸੁਣਕੇ ਕੰਨਾਂ ਦੇ ਨਾਲ, ਕਿੰਜ ਰਸਤੇ ਪੈ ਜਾਵੇ ?
ਹੱਥ ਫੜਕੇ ਨਾ ਜੇਕਰ ਕੋਈ, ਉਸਨੂੰ ਸਿਰੇ ਪੁਜਾਵੇ।
ਬੋਲਾ ਬੁੱਝ ਸਕੇਗਾ ਕੈਸੇ, ਪਾਈਆਂ ਹੋਈਆਂ ਬਾਤਾਂ ?
ਜੇ ਕਰ ਉਸਨੂੰ ਕਹੀਏ ਰਾਤਾਂ, ਉਹ ਸਮਝੇ ਪਰਭਾਤਾਂ।
ਗੂੰਗਾ ਬੋਲਣ ਤੋਂ ਜੋ ਆਰੀ, ਗੀਤ ਕਿਸ ਤਰਾਂ ਗਾਵੇ ?
ਯਤਨ ਕਰੇ ਪਰ ਨਿਸਫਲ ਹੋਵੇ, ਜਦ ਸੁਰ ਭੰਗ ਹੋ ਜਾਵੇ।
ਕਿਵੇਂ ਫਿਰੇਗਾ ਪਰਬਤ ਉਤੇ ਜੋ ਲੱਤਾਂ ਤੋਂ ਆਰੀ ?
ਨਹੀ ਕਦੇ ਪੁੱਜ ਸਕਦਾ ਉਥੇ, ਪੱਲੇ ਪਵੇ ਖਵਾਰੀ।
ਐ ਦਇਆ ਦੇ ਸਾਗਰ ਪ੍ਰਭ ਜੀ, ਸੁਣ ਮੇਰੀਆਂ ਅਰਦਾਸਾਂ।
ਤੇਰੀ ਰਹਿਮਤ ਸਦਕਾ ਲਾਈਆਂ, ਮੈਂ ਤਰਨੇ ਦੀਆਂ ਆਸਾਂ।੬॥

ਸੰਗਿ ਸਹਾਈ ਸੁ ਆਵੈ ਨ ਚੀਤਿ॥
ਜੋ ਬੈਰਾਈ ਤਾ ਸਿਉ ਪ੍ਰੀਤਿ॥
ਬਲੂਆ ਕੇ ਗ੍ਰਿਹ ਭੀਤਰਿ ਬਸੈ॥
ਅਨਦ ਕੇਲ ਮਾਇਆ ਰੰਗਿ ਰਸੈ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥
ਕਾਲੁ ਨ ਆਵੈ ਮੂੜੇ ਚੀਤਿ॥
ਬੈਰ ਬਿਰਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥੭॥

ਸਦਾ ਸਹਾਈ ਨਾਮ ਪ੍ਰਭੂ ਦਾ, ਪਰ ਉਹ ਚਿੱਤ ਨਾਂ ਆਵੇ।
ਵਿਸ਼ੇ ਵਿਕਾਰ ਜੋ ਦੁਸ਼ਮਣ ਇਸਦੇ, ਹਿੱਤ ਉਹਨਾਂ ਵਿਚ ਲਾਵੇ।
ਰੇਤ ਦੇ ਮਹਿਲ ਉਸਾਰ ਕੇ ਬੰਦਾ, ਬੈਠਾ ਉਸ ਵਿਚ ਫੁੱਲਿਆ।
ਮਾਇਆ ਦੇ ਰੰਗਾਂ ਵਿਚ ਰੱਤਿਆ, ਦੇਣਹਾਰ ਪ੍ਰਭੁ ਭੁੱਲਿਆ।
ਇਸ ਜੀਵਨ ਨੂੰ ਸੱਚ ਜਾਣਕੇ, ਲਾ ਵਿਸ਼ਿਆਂ ਸੰਗ ਯਾਰੀ।
ਇਹ ਮੂਰਖ ਦਿਲ ਆਪਣੇ ਵਿਚੋਂ, ਬੈਠਾ ਮੌਤ ਵਿਸਾਰੀ।
ਮੋਹ ਵੱਸ ਹੋਕੇ ਵੈਰ ਕਮਾਵੇ, ਲੋਭੀ, ਕਪਟੀ, ਕਾਮੀ।
ਧੋਖਾ ਧੜੀ ਤੇ ਝੂਠ 'ਚ ਰੱਚਿਆ, ਖੱਟੇ ਜੱਗ ਬਦਨਾਮੀ ।
ਏਸ ਢੰਗ ਦੇ ਨਾਲ ਜੀਉਂਦਿਆਂ, ਬੀਤੇ ਜਨਮ ਬਹੁਤੇਰੇ।
ਆਪਣੀ ਬਖਸ਼ਿਸ਼ ਸਦਕੇ ਰਖ ਲੌਂ, ਦੋਸ਼ ਨਾ ਵੇਖੋ ਮੇਰੇ।੭॥

ਤੂੰ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥
ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥੮॥੪॥

ਤੂੰ ਹੈਂ ਮਾਲਕ ਸਾਡਾ ਪ੍ਰਭ ਜੀ, ਤੇਰੇ ਕੋਲ ਦੁਆਵਾਂ।
ਜਿੰਦ ਜਾਨ ਸਭ ਤੇਰੀ ਪੂੰਜੀ, ਤੇਰਾ ਦਿਤਾ ਖਾਵਾਂ।
ਆਪ ਹੀ ਸਾਡੇ ਮਾਤ ਪਿਤਾ ਹੋ, ਬੱਚੜੇ ਹਾਂ ਅਸੀਂ ਤੇਰੇ।
ਤੇਰੀ ਬਖਸ਼ਿਸ਼ ਨਾਲ ਮਾਣੀਏਂ, ਜੱਗ ਵਿਚ ਸੁੱਖ ਘਨੇਰੇ।
ਅੱਜ ਤੱਕ ਤੇਰੇ ਆਦਿ ਅੰਤ ਦੀ, ਖਬਰ ਕਿਸੇ ਨਾਂ ਹੋਈ।
ਊਚ ਅਪਾਰ ਬੇਅੰਤ ਸੁਆਮੀ, ਤੁੱਧ ਜੇਵਡ ਨਾਂ ਕੋਈ।
ਇਕ ਧਾਗੇ ਦੇ ਵਿਚ ਪਰੋਈ, ਸ੍ਰਿਸ਼ਟੀ ਸਾਜਣਹਾਰੇ।
ਤੇਰੀ ਆਗਿਆ ਦੇ ਵਿਚ ਚੱਲਦੇ, ਚੰਦ ਸੂਰਜ ਤੇ ਤਾਰੇ।
ਚਾਲ ਅਵੱਸਥਾ ਤੇਰੀ ਹੇ ਪ੍ਰਭੂ, ਤੈਨੂੰ ਹੀ ਬਣ ਆਵੇ।
ਨਾਨਕ ਤੇਰਾ ਦਾਸ ਤੇਰੇ ਤੋਂ, ਸਦ ਬਲਿਹਾਰੇ ਜਾਵੇ।੯॥੪॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਦੇਨਹਾਰੁ ਪ੍ਰਭ ਛੋਡਿ ਕੈ
ਲਾਗਹਿ ਆਨ ਸੁਆਇ ॥
ਨਾਨਕ ਕਹੂ ਨ ਸੀਝਈ
ਬਿਨੁ ਨਾਵੈ ਪਤਿ ਜਾਇ ॥੧॥

ਦੇਵਨਹਾਰ ਦਾਤਾਰ ਭੁਲਾਕੇ
ਲਵੇਂ ਰਸਾਂ ਦੀਆਂ ਲੱਜ਼ਤਾਂ।
ਨਾਂਮ ਬਿਨਾਂ ਨਾ ਜੱਗ ਵਿਚ ਹੋਵਣ,
ਕਦੇ ਕਿਸੇ ਦੀਆਂ ਇੱਜ਼ਤਾਂ।

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕੁਰ ਸਿਉ ਨਾਹੀ ਚਾਰਾ॥
ਤਾ ਕਉ ਕੀਜੈ ਸਦ ਨਮਸਕਾਰਾ॥
ਜਾ ਕੈ ਮਨਿ ਲਾਗਾ ਪ੍ਰਭੁ ਮੀਠਾ॥
ਸਰਬ ਸੂਖ ਤਾਹੂ ਮਨਿ ਵੂਠਾ
ਜਿਸੁ ਜਨ ਅਪਨਾ ਹੁਕਮੁ ਮਨਾਇਆ॥
ਸਰਬ ਥੋਕ ਨਾਨਕ ਤਿਨਿ ਪਾਇਆ॥੧॥

ਵਾਹਿਗੁਰੂ ਤੋਂ ਲੈ ਦਸ ਦਾਤਾਂ, ਸਾਂਭ ਕੇ ਰੱਖੀਂ ਜਾਵੇ।
ਐਪਰ ਇਕ ਜੇ ਦਾਤ ਮਿਲੇ ਨਾਂ, ਸਿਦਕ 'ਚ ਖੋਟ ਰਲਾਵੇ।
ਜੇ ਕਰ ਖੋਹ ਲਏ ਪਹਿਲੀਆਂ ਦਸ ਭੀ, ਦਿਤੀਆਂ ਵਸਤਾਂ ਮਾਲਕ।
ਕੀ ਕਰ ਸਕਦਾ ਪ੍ਰਭੂ ਪਿਤਾ ਦਾ, ਦੱਸੋ ਮੂਰਖ ਬਾਲਕ ?
ਜਿਸ ਪ੍ਰਭੂ ਅੱਗੇ ਬੇ-ਵੱਸ ਬੰਦਾ, ਕੁਝ ਵੀ ਕਰ ਨਹੀ ਸਕਦਾ।
ਉਸ ਨੂੰ ਕਰ ਪਰਨਾਮ ਹਮੇਸ਼ਾਂ, ਜੋ ਪੜਦੇ ਸਭ ਢੱਕਦਾ।
ਜਿਸ ਵਡਭਾਗੇ ਦੇ ਮਨ ਤਾਂਈਂ, ਲਗਦਾ ਪ੍ਰਭੂ ਪਿਆਰਾ।
ਸਭ ਸੁੱਖ ਉਸਦੇ ਮਨ ਵਿਚ ਵੱਸਦੇ, ਉਸਦੀ ਮੇਹਰ ਦੁਆਰਾ।
ਜਿਸਨੂੰ ਆਪਣੀ ਰਜ਼ਾ 'ਚ ਰੱਖਦਾ, ਉਹ ਜਨ ਕਰਮਾਂਵਾਲਾ।
ਸਭ ਕੁਝ ਉਸਨੂੰ ਮਿਲ ਜਾਵੇ, ਤੇ ਜੀਵਨ ਹੋਏ ਉਜਾਲਾ।੧॥

Sri Satguru Jagjit Singh Ji eLibrary NamdhariElibrary@gmail.com

ਅਗਨਤ ਸਾਹੁ ਅਪਨੀ ਦੇ ਰਾਸਿ॥
ਖਾਤ ਪੀਤ ਬਰਤੈ ਅਨਦ ਉਲਾਸਿ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥
ਅਗਿਆਨੀ ਮਨਿ ਰੋਸੁ ਕਰੇਇ॥
ਅਪਨੀ ਪਰਤੀਤਿ ਆਪ ਹੀ ਖੋਵੈ॥
ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ॥
ਜਿਸ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥
ਉਸ ਤੇ ਚਉਗੁਨ ਕਰੈ ਨਿਹਾਲੁ॥
ਨਾਨਕ ਸਾਹਿਬੁ ਸਦਾ ਦਇਆਲੁ॥੨॥

ਮਾਲਕ ਦਿਤੀਆਂ ਵਰਤਣ ਦੇ ਲਈ, ਅਨਿਕ ਜੀਵ ਨੂੰ ਦਾਤਾਂ।
ਖਾਂਦਾ ਪੀਂਦਾ ਖਿੜਿਆ ਰਹਿੰਦਾ, ਉਸਦੀਆਂ ਵਰਤ ਸੌਗਾਤਾਂ।
ਆਪਣੀ ਏਸ ਅਮਾਨਤ ਵਿਚੋਂ, ਜੇ ਮਾਲਕ ਕੁਝ ਲੈਂਦਾ।
ਬੇ-ਸਮਝੀ ਵਿਚ ਉਸ ਮਾਲਕ ਨਾਲ, ਇਹ ਬੰਦਾ ਰੁੱਸ ਬਹਿੰਦਾ।
ਆਪ ਭਰੋਸਾ ਬੰਦਾ ਆਪਣਾ, ਏਦਾਂ ਫੇਰ ਗਵਾਏ।
ਨਾਂ ਮੁੜ ਕਰੇ ਯਕੀਨ ਏਸ ’ਤੇ, ਲੱਖ ਵਿਸ਼ਵਾਸ ਦਿਵਾਏ।
ਜੇ ਕਰ ਦਿਤੀ ਵਸਤ ਓਸਦੀ, ਨਾਲ ਖੁਸ਼ੀ ਦੇ ਮੋੜੇ।
ਹੁਕਮ ਪ੍ਰਭੂ ਦਾ ਮੰਨ ਕੇ ਮਿੱਠਾ, ਚਿੱਤ ਚਰਨਾ ਵਿਚ ਜੋੜੇ।
ਪਹਿਲੇ ਤੋਂ ਵੱਧ ਚਾਰ ਗੁਣਾ, ਉਹ ਝੋਲੀ ਦੇ ਵਿਚ ਭਰਦਾ।
ਸਦਾ ਦਿਆਲੂ ਵਾਹਿਗੁਰੂ ਜੀ, ਇਉਂ ਮੇਹਰਾਂ ਹੈ ਕਰਦਾ।੨॥

ਅਨਿਕ ਭਾਤਿ ਮਾਇਆ ਕੇ ਹੇਤ॥
ਸਰਪਰ ਹੋਵਤ ਜਾਨੁ ਅਨੇਤ॥
ਬਿਰਖ ਕੀ ਛਾਇਆ ਸਿਉ ਰੰਗ ਲਾਵੈ॥
ਓਹ ਬਿਨਸੈ ਉਹੁ ਮਨਿ ਪਛੁਤਾਵੈ॥
ਜੋ ਦੀਸੈ ਸੋ ਚਾਲਨਹਾਰੁ॥
ਲਪਟਿ ਰਹਿਓ ਤਹ ਅੰਧ ਅੰਧਾਰੁ॥
ਬਟਾਊ ਸਿਉ ਜੋ ਲਾਵੈ ਨੇਹ॥
ਤਾ ਕਉ ਹਾਥਿ ਨ ਆਵੈ ਕੇਹ॥
ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ॥੩॥

ਤਰਾਂ ਤਰਾਂ ਦੇ ਰੰਗ ਮਾਇਆ ਦੇ, ਜੋ ਲਗਦੇ ਨੇ ਪਿਆਰੇ।
ਹਰ ਹਾਲਤ ਇਹ ਮਿੱਟ ਜਾਣੇ ਨੇ, ਝੂਠੇ ਜਗਤ ਪਸਾਰੇ।
ਰੁੱਖ ਦੀ ਛਾਂਇਆਂ ਨਾਲ ਕਿਸੇ ਨੇ, ਜੇ ਕਰ ਪਿਆਰ ਹੈ ਪਾਇਆ।
ਢੱਲਿਆ ਜਦ ਪਰਛਾਵਾਂ ਆਖਰ, ਮਨ ਦੇ ਵਿਚ ਪਛਤਾਇਆ।
ਇਹ ਅਸਥਿਰ ਹੈ ਜਗ ਦੀ ਰਚਨਾ, ਵੇਖਦੀਆਂ ਜੋ ਅੱਖੀਆਂ।
ਮਨ ਮੂਰਖ ਨੇ ਮੋਹ ਦੀਆਂ ਤੰਦਾਂ, ਫਿਰ ਭੀ ਘੁੱਟ ਫੜ ਰੱਖੀਆਂ।
ਤੁਰੇ ਜਾਂਵਦੇ ਰਾਹੀ ਦੇ ਨਾਲ, ਪਿਆਰ ਹੈ ਜੇਹੜਾ ਪਾਉਂਦਾ।
ਕੁਝ ਘੜੀਆਂ ਦੇ ਸਾਥ ਬਿਨਾ, ਫਿਰ ਹੱਥ ਨਹੀਂ ਕੁਝ ਆਉਂਦਾ।
ਹਰੀ ਨਾਮ ਨੂੰ ਪਿਆਰ ਜੋ ਕਰਦੇ, ਸਦਾ ਸੁਖੀ ਨੇ ਰਹਿੰਦੇ।
ਵਾਹਿਗੁਰੂ ਸਦਾ ਮਿਹਰਾਂ ਕਰਦਾ, ਪੰਜਵੇਂ ਨਾਨਕ ਕਹਿੰਦੇ ।੩॥

Sri Satguru Jagjit Singh Ji eLibrary NamdhariElibrary@gmail.com

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥
ਮਿਥਿਆ ਹਉਮੈ ਮਮਤਾ ਮਾਇਆ॥
ਮਿਥਿਆ ਰਾਜ ਜੋਬਨ ਧਨ ਮਾਲ॥
ਮਿਥਿਆ ਕਾਮ ਕ੍ਰੋਧ ਬਿਕਰਾਲ॥
ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥
ਮਿਥਿਆ ਧ੍ਰੋਹ ਮੋਹ ਅਭਿਮਾਨੁ॥
ਮਿਥਿਆ ਆਪਸ ਊਪਰਿ ਕਰਤ ਗੁਮਾਨੁ॥
ਅਸਥਿਰੁ ਭਗਤਿ ਸਾਧ ਕੀ ਸਰਨ॥
ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥੪॥

ਇਹ ਸਰੀਰ, ਇਹ ਦੌਲਤ, ਇਹ ਪਰਵਾਰ ਨਾਸ਼ਵਾਨ ਸਾਰੇ।
ਮੋਹ ਮਾਇਆ ਤੇ ਹੰਗਤਾ ਆਦਿਕ, ਝੂਠੇ ਸਭੇ ਪਸਾਰੇ।
ਧਨ ਜੋਬਨ ਤੇ ਰਾਜ ਭਾਗ ਇਹ, ਚਾਰ ਦਿਨਾਂ ਦੇ ਮੇਲੇ।
ਕਾਮ, ਕਰੋਧ ਜੋ ਅਤਿ ਭਿਆਨਕ, ਲਿਪਟੇ ਖੰਡ ਕਰੇਲੇ।
ਬੱਘੀਆਂ, ਘੋੜੇ, ਹਾਥੀ ਆਦਿਕ, ਕਪੜੇ ਨਵੇਂ ਨਵੇਲੇ।
ਮਾਇਆ ਦਾ ਸਭ ਕੂੜ ਪਸਾਰਾ, ਹੱਸ ਹੱਸ ਜਿਸ ਸੰਗ ਖੇਲ੍ਹੇ।
ਮੋਹ ਵਿਚ ਫਸਕੇ ਮਾਰੇਂ ਠੱਗੀਆਂ, ਕਰਦੈਂ ਝੂਠੇ ਧੰਦੇ।
ਆਪਣੇ ਆਪ 'ਤੇ ਮਾਣ ਨਾਂ ਕਰ ਤੂੰ, ਨਾਸ਼ਵਾਨ ਓ ਬੰਦੇ।
ਸੱਚਾ ਸਿਮਰਨ ਵਾਹਿਗੁਰੂ ਦਾ, ਸੰਤ ਸਰਨਿ ਪੈ ਕਰ ਲੈ।
ਹਿਰਦੇ ਵਿਚ ਹਰੀ ਚਰਨ ਵਸਾਲੈ, ਜਪੁ ਭਵਸਾਗਰ ਤਰ ਲੈ।੪॥

Sri Satguru Jagjit Singh Ji eLibrary NamdhariElibrary@gmail.com

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥
ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥
ਮਿਥਿਆ ਮਨ ਪਰ ਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰ ਉਪਕਾਰਾ ॥
ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥

ਝੂਠੇ ਨੇ ਉਹ ਕੰਨ ਜੋ ਸੁਣਦੇ, ਰਹਿੰਦੇ ਨਿੱਤ ਬੁਰਾਈ।
ਹੱਥ ਭੀ ਝੂਠੇ ਚੋਰੀ ਕਰ ਜੋ, ਚੁੱਕਦੇ ਵਸਤ ਪਰਾਈ।
ਨਜ਼ਰ ਭੀ ਝੂਠੀ ਅੱਖੀਆਂ ਰਾਹੀਂ, ਰੂਪ ਪਰਾਇਆ ਤੱਕਦੀ।
ਜੀਭਾ ਝੂਠੀ ਅਨਿਕ ਤਰਾਂ ਦੇ, ਜੋ ਭੋਜਨ ਨਿੱਤ ਛੱਕਦੀ।
ਪੈਰ ਉਹ ਝੂਠੇ ਪਾਪ ਕਰਨ ਲਈ, ਜੋ ਭੱਜ ਭੱਜ ਕੇ ਜਾਂਦੇ।
ਮਨ ਝੂਠਾ ਜਿਸ ਵਿਚੋਂ ਉਠਦੇ, ਫੁਰਨੇ ਲੋਭ ਲੁਭਾਂਦੇ।
ਤਨ ਝੂਠਾ ਜੋ ਸਫਲ ਨਹੀ ਹੋਇਆ, ਪਰ ਉਪਕਾਰ ਕਮਾਕੇ।
ਨੱਕ ਝੂਠਾ ਜੋ ਲਏ ਵਾਸ਼ਨਾ, ਵਿਸ਼ਿਆਂ ਦੀ ਨੂੰ ਧਾ ਕੇ।
ਬਿਨਾ ਸਮਝ ਦੇ ਸਭ ਨੇ ਝੂਠੇ, ਜਾਣੋ ਅੰਗ ਇਸ ਤਨ ਦੇ।
ਸਫਲੀ ਦੇਹੀ ਉਹ ਹੈ ਵੱਸਿਆ, ਪ੍ਰਭੁ ਜੀ ਜਿਸ ਵਿਚ ਮਨ ਦੇ।੫॥

Sri Satguru Jagjit Singh Ji eLibrary NamdhariElibrary@gmail.com

ਬਿਰਥੀ ਸਾਕਤ ਕੀ ਆਰਜਾ ॥
ਸਾਚ ਬਿਨਾ ਕਹ ਹੋਵਤ ਸੂਚਾ ॥
ਬਿਰਥਾ ਨਾਮ ਬਿਨਾ ਤਨੁ ਅੰਧ ॥
ਮੁਖਿ ਆਵਤ ਤਾ ਕੈ ਦੁਰਗੰਧ ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥
ਮੇਘ ਬਿਨਾ ਜਿਉ ਖੇਤੀ ਜਾਇ ॥
ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥
ਜਿਉ ਕਿਰਪਨ ਕੇ ਨਿਰਾਰਥ ਦਾਮ ॥
ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥
ਨਾਨਕ ਤਾ ਕੈ ਬਲਿ ਬਲਿ ਜਾਉ ॥੬॥

ਵਾਹਿਗੁਰੂ ਤੋਂ ਵਿਛੜਿਆ ਜੋ, ਨਿਸਫਲ ਉਸਦਾ ਜੀਣਾ।
ਅਸਲੀਅਤ ਨੂੰ ਸਮਝੇ ਬਿਨ ਭਲਾ, ਕਿਵੇਂ ਪਵਿਤਰ ਥੀਣਾ?
ਸੱਚੇ ਨਾਂਮ ਬਿਨਾ ਤਨ ਅੰਧਾ, ਕੰਮ ਕਿਸੇ ਨਾ ਆਵੇ।
ਸਾਕਤ ਮੁੱਖ ਚੋਂ ਦੁਰਮੱਤ ਵਾਲੀ, ਬਦਬੂ ਕਦੇ ਨਾ ਜਾਵੇ।
ਪ੍ਰਭੂ ਯਾਦ ਬਿਨ ਰਾਤ ਦਿਹੁੰ ਕਰ, ਅਉਧ ਬੀਤਦੀ ਜਾਂਦੀ।
ਜਿਉਂ ਬਾਰਸ਼ ਦੇ ਵਰਸੇ ਬਾਝੋਂ, ਖੜੀ ਫਸਲ ਕੁਮਲਾਂਦੀ
ਪ੍ਰਭ ਸਿਮਰਨ ਬਿਨ ਨਿਸਫਲ ਜਾਣੋ, ਜੱਗ ਦੇ ਕੂੜ ਪਸਾਰੇ।
ਧਨ ਜੋੜਿਆ ਜਿਵੇਂ ਸੂਮ ਦਾ, ਕੰਮ ਨਾ ਕੋਈ ਸੰਵਾਰੇ।
ਹਰੀ ਜਿਹਨਾਂ ਦੇ ਹਿਰਦੇ ਵੱਸਿਆ, ਧੰਨ ਹਨ ਉਹੀ ਪਰਾਣੀ।
ਪੰਜਵੇਂ ਨਾਨਕ ਕਹਿੰਦੇ ਜਾਵਾਂ, ਉਹਨਾਂ ਤੋਂ ਕੁਰਬਾਨੀ ।੬।

Sri Satguru Jagjit Singh Ji eLibrary NamdhariElibrary@gmail.com

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥
ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥
ਆਵਤ ਜਾਵਤ ਜਨਮੈ ਮਰੈ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ॥
ਤਿਸ ਕੀ ਸੀਖ ਤਰੈ ਸੰਸਾਰੁ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥
ਨਾਨਕ ਉਨ ਜਨ ਚਰਨ ਪਰਾਤਾ॥੭॥

ਰਹਣੀ ਕਰਕੇ ਧਰਮੀ ਜਾਪਣ, ਕੰਮ ਧਰਮੀ ਨਾ ਕਰਦੇ।
ਅੰਦਰੋਂ ਨਹੀਂ ਪ੍ਰੀਤੀ ਮੂੰਹ ਤੋਂ, ਦਮ ਪਿਆਰ ਦਾ ਭਰਦੇ।
ਐਪਰ ਸਮਝਾਂ ਵਾਲਾ ਪ੍ਰੀਤਮ, ਜੋ ਹੈ ਅੰਤਰ ਜਾਮੀ।
ਕੇਵਲ ਬਾਹਰੀ ਭੇਖ ਦੇ ਉਤੇ, ਕਦੇ ਨਾਂ ਰੀਝੇ ਸੁਆਮੀ।
ਲੋਕਾਂ ਤਾਂਈ ਸਿੱਖਿਆ ਦੇਵੇ, ਐਪਰ ਆਪ ਨਾ ਕਰਦਾ।
ਰਹੇ ਚੌਰਾਸੀ ਗੇੜੇ ਦੇ ਵਿਚ, ਮੁੜ ਮੁੜ ਜੰਮਦਾ ਮਰਦਾ।
ਜਿਸ ਵਡਭਾਗੇ ਹਿਰਦੇ ਦੇ ਵਿਚ, ਕੀਤਾ ਪ੍ਰਭੂ ਟਿਕਾਣਾ।
ਉਸਦੀ ਸਿਖਿਆ 'ਤੇ ਜੋ ਚਲਦਾ, ਉਸਨੇ ਹੈ ਤਰ ਜਾਣਾ।
ਜੋ ਪ੍ਰਭੂ ਤੈਨੂੰ ਚੰਗੇ ਲੱਗਦੇ, ਜਾਣ ਉਹ ਤੈਨੂੰ ਲੈਂਦੇ।
ਚਰਨ ਉਹਨਾਂ ਦੇ ਰਹਾਂ ਪਰਸਦਾ, ਪੰਜਵੇਂ ਨਾਨਕ ਕਹਿੰਦੇ ।੭॥

Sri Satguru Jagjit Singh Ji eLibrary NamdhariElibrary@gmail.com

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥
ਅਪਨਾ ਕੀਆ ਆਪਹਿ ਮਾਨੈ॥
ਆਪਹਿ ਆਪ ਆਪਿ ਕਰਤ ਨਿਬੇਰਾ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥
ਉਪਾਵ ਸਿਆਨਪ ਸਗਲ ਤੇ ਰਹਤ॥
ਸਭੁ ਕਛੁ ਜਾਨੈ ਆਤਮ ਕੀ ਰਹਤ॥
ਜਿਸੁ ਭਾਵੈ ਤਿਸੁ ਲਏ ਲੜਿ ਲਾਇ॥
ਥਾਨ ਥਨੰਤਰਿ ਰਹਿਆ ਸਮਾਇ॥
ਸੋ ਸੇਵਕੁ ਜਿਸੁ ਕਿਰਪਾ ਕਰੀ॥
ਨਿਮਖ ਨਿਮਖ ਜਪਿ ਨਾਨਕ ਹਰੀ॥੮॥੫॥

ਪ੍ਰਭ ਜੀ ਮੇਰਾ ਪਿਆਰਾ, ਮੇਰੀਆਂ ਜੋਦੜੀਆਂ ਨੂੰ ਜਾਣੇ।
ਜਿਸ ਨੇ ਪੈਦਾ ਕੀਤਾ ਦੇਂਦਾ, ਉਹ ਹੀ ਮਾਣ ਨਿਮਾਣੇ।
ਜੀਵ ਦੇ ਕੀਤੇ ਕਰਮਾਂ ਦੇ ਉਹ, ਆਪ ਹੀ ਕਰੇ ਨਿਬੇੜੇ।
ਆਪ ਹੀ ਦਿੱਸੇ ਦੂਰ ਕਿਸੇ ਨੂੰ, ਕਿਸੇ ਨੂੰ ਜਾਪੇ ਨੇੜੇ।
ਅਕਲਾਂ ਅਤੇ ਉਪਾਵਾਂ ਕੋਲੋਂ, ਰਹਿੰਦਾ ਪ੍ਰਭੂ ਨਿਆਰਾ।
ਪਰ ਹਰ ਇਕ ਦੀ ਅੰਦਰ ਦੀ, ਉਹ ਰਹਿਤ ਨੂੰ ਜਾਨਣਹਾਰਾ।
ਜਿਸ ਉਪਰ ਮਿਹਰੰਮਤ ਕਰਦਾ, ਆਪਣੇ ਲੜ ਲਾ ਲੈਂਦਾ।
ਥਾਨ ਥਨੰਤਰ ਸਭਨੀ ਥਾਂਈ, ਉਸਦਾ ਵਾਸਾ ਰਹਿੰਦਾ ।
ਜਿਸਦੇ ਉਪਰ ਬਖਸ਼ਿਸ਼ ਉਸਦੀ, ਉਹ ਸੇਵਕ ਬਣ ਜਾਵੇ।
ਸਿਮਰਨ ਕਰਕੇ ਸੇਵਕ ਆਪਣਾ, ਜੀਵਨ ਸਫਲ ਬਣਾਵੇ।੮।੫॥

ਸਲੋਕੁ ॥
ਕਾਮ ਕ੍ਰੋਧ ਅਰੁ ਲੋਭ ਮੋਹ
ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ
ਕਰਿ ਪ੍ਰਸਾਦੁ ਗੁਰਦੇਵ ॥੧॥

ਕਾਮ ਕਰੋਧ ਅਹੰਕਾਰ ਲੋਭ ਮੋਹ,
ਮੇਰੇ ਬਿਨਸਣ ਸਾਰੇ।
ਸ਼ਰਣੀ ਆਂਇਆ ਦੀ ਲੱਜ ਪਾਲੋ,
ਕਿਰਪਾ ਕਰੋ ਪਿਆਰੇ।੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ ॥

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥

ਜਿਸਦੀ ਕਿਰਪਾ ਨਾਲ ਤੂੰ ਭੋਜਨ, ਛੱਤੀ ਤਰਾਂ ਦੇ ਖਾਵੇਂ।
ਹਿਰਦੇ ਵਿਚ ਵਸਾ ਉਹ ਮਾਲਕ, ਮੱਤ ਕਿਧਰੇ ਭੁੱਲ ਜਾਵੇ।
ਜਿਸਦੀ ਬਖਸ਼ਿਸ਼ ਨਾਲ ਤੂੰ ਤਨ ਨੂੰ, ਪਿਆ ਸੁਗੰਧੀਆਂ ਲਾਵੇਂ।
ਸਿਮਰਨ ਸਦਕਾ ਸੁਰਤਿ ਮੰਡਲ ਵਿਚ, ਉਚੀ ਪਦਵੀ ਪਾਵੇਂ।
ਜਿਸਦਾ ਸਦਕਾ ਸੁੱਖ ਵਿਚ ਵੱਸੋਂ, ਸੁੰਦਰ ਮਹਿਲ ਬਣਾਕੇ।
ਓਸ ਪ੍ਰਭੂ ਨੂੰ ਮਨ ਦੇ ਅੰਦਰ, ਰੱਖੀਂ ਸਦਾ ਵਸਾਕੇ।
ਜਿਸ ਕਾਰਨ ਤੂੰ ਸੁਖੀਂ ਏਂ ਘਰ ਵਿਚ, ਅਤੇ ਤੇਰਾ ਪਰਿਵਾਰਾ।
ਦਿਨ ਤੇ ਰਾਤ ਸਿਮਰ ਉਹ ਮਾਲਕ, ਆਪਣੀ ਰਸਨਾ ਦੁਆਰਾ।
ਜਿਸਦੀ ਕਿਰਪਾ ਸਦਕਾ ਰਸ ਰੰਗ, ਭੋਗਦੇ ਸਾਰੇ ਰਹਿੰਦੇ।
ਓਸ ਪ੍ਰਭੂ ਨੂੰ ਸਦਾ ਧਿਆਈਏ, ਪੰਜਵੇਂ ਨਾਨਕ ਕਹਿੰਦੇ।੧॥

Sri Satguru Jagjit Singh Ji eLibrary NamdhariElibrary@gmail.com

ਜਿਸ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥
ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥
ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥
ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥
ਮੁਖਿ ਤਾ ਕੋ ਜਸੁ ਰਸਨ ਬਖਾਨੈ ॥
ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥
ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥
ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥
ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥

ਜਿਸਦੀ ਕਿਰਪਾ ਨਾਲ ਪ੍ਰਾਣੀ, ਰੇਸ਼ਮ ਰਹੇਂ ਹੰਢਾਉਂਦਾ।
ਉਸਨੂੰ ਛੱਡ ਕਿਉਂ ਹੋਰਸ ਵੱਲੇ, ਮਨ ਤੇਰਾ ਲਲਚਾਉਂਦਾ।
ਜਿਸਦੀ ਬਖਸ਼ਿਸ਼ ਸਦਕਾ ਸੌਂ ਜਾਏਂ, ਸੁੱਖ ਦੀ ਨੀਂਦੇ ਜਾ ਕੇ।
ਹਰ ਵੇਲੇ ਕਰ ਕੀਰਤਨ ਉਸਦਾ, ਆਪਣਾ ਮਨ ਚਿੱਤ ਲਾ ਕੇ।
ਜਿਸਦਾ ਸਦਕਾ ਮਾਣ ਨੇ ਕਰਦੇ, ਤੇਰਾ ਸਾਰੇ ਮਿੱਤਰ।
ਰਸਨਾ ਤੋਂ ਜੱਪ ਓਸ ਪ੍ਰਭੂ ਨੂੰ, ਕਰ ਲੈ ਮੁੱਖ ਪਵਿੱਤਰ।
ਜਿਸਦੀ ਕਿਰਪਾ ਨਾਲ ਜਗਤ ਵਿਚ, ਧਰਮ ਤੇਰਾ ਨਿਭ ਜਾਏ।
ਕੇਵਲ ਉਸੇ ਵਾਹਿਗੁਰੂ ਨੂੰ, ਐ ਮਨ ਸਦਾ ਧਿਆਏ।
ਪ੍ਰਭ ਦਰਗਾਹੇ ਮਾਣ ਉਹ ਪਾਉਂਦੇ, ਨਾਮ ਜੋ ਉਸਦਾ ਲੈਂਦੇ।
ਜਾਣ ਸੱਚੇ ਘਰ ਇੱਜ਼ਤ ਦੇ ਨਾਲ, ਪੰਜਵੇਂ ਨਾਨਕ ਕਹਿੰਦੇ ।੨।

Sri Satguru Jagjit Singh Ji eLibrary NamdhariElibrary@gmail.com

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥
ਲਿਵ ਲਾਵਹੁ ਤਿਸੁ ਰਾਮ ਸਨੇਹੀ॥
ਜਿਹ ਪ੍ਰਸਾਦਿ ਤੇਰਾ ਓਲਾ ਰਹਤ॥
ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ॥
ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥
ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ॥
ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ॥
ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ॥
ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥
ਨਾਨਕ ਤਾਂ ਕੀ ਭਗਤਿ ਕਰੇਹ॥੩॥

ਰੋਗ ਰਹਿਤ ਹੈ ਜਿਸਦਾ ਸਦਕਾ, ਇਹ ਕੰਚਨ ਤਨ ਤੇਰਾ।
ਉਸ ਪ੍ਰੀਤਮ ਨਾਲ ਸੁਰਤਿ ਜੋੜਕੇ, ਹੋਵੇਂ ਸੁਖੀ ਘਨੇਰਾ।
ਜਿਸਦੀ ਮਿਹਰ ਦੇ ਸਦਕੇ ਤੇਰਾ, ਬਣਿਆਂ ਰਹਿੰਦਾ ਪਰਦਾ।
ਸੁੱਖ ਸਦੀਵੀਂ ਜੇ ਮਨ ਲੋੜੇਂ, ਹਰਿ ਕੀਰਤਨ ਰਹੁ ਕਰਦਾ।
ਜਿਸਦੀ ਕਿਰਪਾ ਦੇ ਨਾਲ ਤੇਰੇ, ਐਬ ਢਕੇ ਨੇ ਰਹਿੰਦੇ।
ਉਸ ਦੀ ਰਹੁ ਸ਼ਰਣਾਈ ਐ ਮਨ, ਹਰ ਦਮ ਉੱਠਦੇ ਬਹਿੰਦੇ ।
ਜਿਸਦੀ ਰਹਿਮਤ ਸਦਕਾ ਤੈਨੂੰ, ਛੂਹ ਨਾਂ ਸੱਕੇ ਕੋਈ।
ਮਨ ਮੇਰੇ ਉਸ ਵਾਹਿਗੁਰੂ ਨੂੰ, ਸਿਮਰ ਸਿਮਰ ਸੁੱਖ ਹੋਈ।
ਇਹ ਅਣਮੁੱਲੀ ਦੇਹੀ, ਜਿਸਦੀ ਕਿਰਪਾ ਸਦਕਾ ਪਾਈ।
ਪੰਜਵੇਂ ਨਾਨਕ ਕਹਿੰਦੇ, ਉਸਦੀ ਭਗਤੀ ਕਰ ਤੂੰ ਭਾਈ।੩॥

Sri Satguru Jagjit Singh Ji eLibrary NamdhariElibrary@gmail.com

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ॥
ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ॥
ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ॥
ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ॥
ਜਿਹ ਪ੍ਰਸਾਦਿ ਬਾਗ ਮਿਲਖ ਧਨਾ॥
ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥
ਜਿਨਿ ਤੇਰੀ ਮਨ ਬਨਤ ਬਨਾਈ॥
ਊਠਤ ਬੈਠਤ ਸਦ ਤਿਸਹਿ ਧਿਆਈ॥
ਤਿਸਹਿ ਧਿਆਇ ਜੋ ਏਕ ਅਲਖੈ॥
ਈਹਾ ਊਹਾ ਨਾਨਕ ਤੇਰੀ ਰਖੈ॥੪॥

ਜਿਸਦੀ ਕਿਰਪਾ ਨਾਲ ਤੂੰ, ਸੁੰਦਰ ਗਹਿਣੇ ਪਾਈ ਫਿਰਦੈਂ।
ਉਸਦਾ ਸਿਮਰਨ ਕਰਨੇ ਦੇ ਲਈ, ਕਿਉਂ ਮਨ ਆਲਸ ਕਰਦੈਂ।
ਮਿਹਰ ਜਿਹਦੀ ਨਾਲ ਕਰਦੈਂ ਸੈਰਾਂ, ਹਾਥੀ ਘੋੜੇ ਚੜ੍ਹਕੇ।
ਯਾਦ ਉਹਦੀ ਨੂੰ ਐ ਮਨ ਮੇਰੇ, ਰੱਖ ਸੀਨੇ ਵਿਚ ਜੜ੍ਹਕੇ।
ਬਾਗ ਤੇ ਮਿਲਖ ਜਗੀਰਾਂ ਮਿਲੀਆਂ, ਜਿਸਦੀ ਰਹਿਮਤ ਕਰਕੇ।
ਨਾਮ ਓਸਦਾ ਮੋਤੀਆਂ ਵਾਕੁਰ, ਰੱਖ ਮਨ ਦੇ ਵਿਚ ਜੜਕੇ।
ਜਿਸ ਮਾਲਕ ਨੇ ਐਸੀ ਤੇਰੀ, ਸੁੰਦਰ ਸ਼ਬੀ ਬਣਾਈ।
ਬਹਿੰਦਿਆਂ ਉਠਦਿਆਂ ਯਾਦ ਉਹਦੀ ਵਿਚ, ਰੱਖੀਂ ਸੁਰਤਿ ਟਿਕਾਈ।
ਸਿਮਰ ਓਸਨੂੰ ਜਿਸਨੂੰ ਕੋਈ, ਜਾਣ ਨਹੀਂ ਹੈ ਸਕਦਾ।
ਇੱਥੇ ਉੱਥੇ ਦੋਹੀਂ ਜਹਾਨੀਂ, ਪੈਜ ਜੋ ਤੇਰੀ ਰੱਖਦਾ ॥੪॥

Sri Satguru Jagjit Singh Ji eLibrary NamdhariElibrary@gmail.com

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ॥
ਮਨ ਆਠ ਪਹਰ ਕਰਿ ਤਿਸ ਕਾ ਧਿਆਨ॥
ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ॥
ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ॥
ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥
ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥
ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ॥
ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ॥
ਜਿਹ ਪ੍ਰਸਾਦਿ ਤੇਰੀ ਪਤਿ ਰਹੈ॥
ਗੁਰ ਪ੍ਰਸਾਦਿ ਨਾਨਕ ਜਸੁ ਕਹੈ॥੫॥

ਜਿਸਦੀ ਕਿਰਪਾ ਨਾਲ ਤੂੰ ਪਾਈ, ਪੁੰਨ ਦਾਨ ਦੀ ਜੁਗਤੀ।
ਐ ਮਨ ਮੇਰੇ ਰੱਖ ਹਮੇਸ਼ਾ, ਉਸ ਪ੍ਰਭੁ ਜੀ ਵਿਚ ਸੁਰਤੀ।
ਰਸਮ ਰਿਵਾਜ਼ ਕਰਨ ਵਿਚ ਬਣਿਆਂ, ਜਿਸਦੇ ਕਾਰਨ ਸਿਆਣਾ।
ਹਰ ਦਮ ਉਸਦਾ ਸਿਮਰਨ ਕਰ ਤੂੰ, ਇਹੀਓ ਅੱਗੇ ਜਾਣਾ।
ਤਨ ਰੂਪੀ ਇਹ ਸੁੰਦਰ ਚੋਲਾ, ਜਿਸਦੇ ਸਦਕਾ ਮਿਲਿਆ।
ਉਸ ਉਪਮਾ ਤੋਂ ਰਹਿਤ ਪ੍ਰਭੂ ਦੀ, ਯਾਦ 'ਚ ਰਹੁ ਤੂੰ ਖਿਲਿਆ।
ਜਿਸਦੀ ਮਿਹਰ ਦੇ ਨਾਲ ਮਿਲੀ ਹੈ, ਸੋਹਣੀ ਮਾਨੁੱਖ ਜਾਤੀ।
ਉਸ ਮਾਲਕ ਦਾ ਕਰ ਸ਼ੁਕਰਾਨਾ, ਮਨਾਂ ਸਿਮਰ ਦਿਨ ਰਾਤੀ।
ਦੇ ਕੇ ਪ੍ਰੇਮ ਪਟੋਲਾ ਜਿਸਨੇ, ਢੱਕਿਆ ਤੇਰਾ ਪਰਦਾ।
ਪੰਜਵੇਂ ਨਾਨਕ ਕਹਿੰਦੇ ਉਸਦਾ, ਸਦਾ ਰਹੁ ਜੱਸ ਕਰਦਾ ।੫॥

Sri Satguru Jagjit Singh Ji eLibrary NamdhariElibrary@gmail.com

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ॥
ਜਿਹ ਪ੍ਰਸਾਦਿ ਪੇਖਹਿ ਬਿਸਮਾਦ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ॥
ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ॥
ਜਿਹ ਪ੍ਰਸਾਦਿ ਹਸਤ ਕਰ ਚਲਹਿ॥
ਜਿਹ ਪ੍ਰਸਾਦਿ ਸੰਪੂਰਨ ਫਲਹਿ॥
ਜਿਹ ਪ੍ਰਸਾਦਿ ਪਰਮ ਗਤਿ ਪਾਵਹਿ॥
ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ॥
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ॥
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ॥੬॥

ਜਿਸਦੀ ਕਿਰਪਾ ਸਦਕਾ ਸੁਣਦੈਂ, ਗੀਤ ਸੰਗੀਤ ਪਿਆਰੇ।
ਆਵੇਂ ਵਜਦ 'ਚ ਅੱਖਾਂ ਦੇ ਨਾਲ, ਤੱਕਕੇ ਅਜਬ ਨਜ਼ਾਰੇ।
ਜਿਸਦੇ ਸਦਕਾ ਜੀਭਾ ਬੋਲੇ, ਬੋਲ ਸ਼ਹਿਦ ਤੋਂ ਮਿੱਠੇ।
ਵਿਚ ਸੁੱਖਾਂ ਦੇ ਮੌਜਾਂ ਮਾਣੇਂ, ਦੁੱਖ ਕਦੇ ਨਾਂ ਡਿੱਠੇ।
ਜਿਸਦੀ ਰਹਿਮਤ ਦੇ ਨਾਲ ਤੇਰੇ, ਹੱਥ ਪੈਰ ਨੇ ਚੱਲਦੇ।
ਜਿਸ ਸਦਕਾ ਸ਼ੁਭ ਕਰਮ ਨੇ ਤੇਰੇ, ਪੂਰਨ ਰੂਪ 'ਚ ਫੱਲਦੇ।
ਜਿਸਦੀ ਕਿਰਪਾ ਦੇ ਨਾਲ ਹੋਈ, ਉੱਚ ਅਵੱਸਥਾ ਤੇਰੀ।
ਆਤਮ ਮੰਡਲ ਦੇ ਅੰਬਰ ਵਿਚ, ਸੁਰਤਿ ਲਗਾਵੇ ਫੇਰੀ।
ਐਸੇ ਦਇਆਲ ਪ੍ਰਭੂ ਨੂੰ ਛੱਡਕੇ, ਹੋਰ ਕਿੱਧਰ ਮਨ ਲਾਵੋਂ।
ਗੁਰ ਕਿਰਪਾ ਨਾਲ ਸਤਿਗੁਰ ਕਹਿੰਦੇ, ਸੁੱਤਾ ਮਨ ਜਗਾਵੋਂ।੬।

Sri Satguru Jagjit Singh Ji eLibrary NamdhariElibrary@gmail.com

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥
ਜਿਹ ਪ੍ਰਸਾਦਿ ਤੇਰਾ ਪਰਤਾਪੁ ॥
ਰੇ ਮਨ ਮੂੜ ਤੂ ਤਾ ਕਉ ਜਾਪੁ ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥
ਤਿਸਹਿ ਜਾਨੁ ਮਨ ਸਦਾ ਹਜੂਰੇ ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥
ਨਾਨਕ ਜਾਪੁ ਜਪੈ ਜਪੁ ਸੋਇ ॥੭॥

ਜਿਸਦੀ ਕਿਰਪਾ ਨਾਲ ਤੂੰ, ਜਾਣਿਆਂ ਜਾਂਦਾ ਸਭਨੀਂ ਥਾਂਈਂ।
ਉਸ ਮਾਲਕ ਨੂੰ ਇਕ ਛਿਨ ਭੀ ਤੂੰ, ਕਦੇ ਨਾਂ ਦਿਲੋਂ ਭੁਲਾਈਂ।
ਜਿਸਦੀ ਮਿਹਰ ਦਾ ਸਦਕਾ ਤੇਰਾ, ਜੱਗ ਜੱਸ ਦੂਣ ਸਵਾਇਆ।
ਮਨਾਂ ਮੂਰਖਾ ਓਸ ਪ੍ਰਭੂ ਨੂੰ, ਤੂੰ ਕਿਉਂ ਦਿਲੋਂ ਭੁਲਾਇਆ।
ਜਿਸਦੀ ਕਿਰਪਾ ਦੇ ਨਾਲ ਤੇਰੇ, ਕਾਰਜ ਹੋਵਣ ਪੂਰੇ।
ਅੰਗ ਸੰਗ ਸਮਝੀਂ ਸਦਾ ਓਸਨੂੰ, ਕਦੇ ਨਾਂ ਜਾਣੀ ਦੂਰੇ।
ਜਿਸਦੀ ਰਹਿਮਤ ਸਦਕਾ ਤੈਂ ਮਨ, ਸੱਚ ਦੀ ਰਮਜ਼ ਪਛਾਣੀ।
ਇਕ ਮਿਕ ਹੋ ਜਾ ਉਸ ਨਾਲ ਏਦਾਂ, ਜਿਉਂ ਪਾਣੀ ਸੰਗ ਪਾਣੀ।
ਜਿਸਦੀ ਬਖਸ਼ਿਸ਼ ਸਦਕਾ ਮਿਲਦੀ, ਮੁਕਤੀ ਸਭਨਾਂ ਤਾਂਈਂ।
ਪੰਜਵੇਂ ਨਾਨਕ ਕਹਿੰਦੇ ਤੂੰ ਭੀ, ਉਸ ਪ੍ਰਭੂ ਤਾਂਈਂ ਧਿਆਈਂ।੭॥

Sri Satguru Jagjit Singh Ji eLibrary NamdhariElibrary@gmail.com

ਆਪਿ ਜਪਾਏ ਜਪੈ ਸੋ ਨਾਉ॥
ਆਪ ਗਾਵਾਏ ਸੁ ਹਰਿ ਗੁਨ ਗਾਉ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥
ਪ੍ਰਭੂ ਦਇਆ ਤੇ ਕਮਲ ਬਿਗਾਸੁ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ॥
ਪ੍ਰਭ ਦਇਆ ਤੇ ਮਤਿ ਊਤਮ ਹੋਇ॥
ਸਰਬ ਨਿਧਾਨ ਪ੍ਰਭ ਤੇਰੀ ਮਇਆ॥
ਆਪਹੁ ਕਛੂ ਨ ਕਿਨਹੂ ਲਇਆ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥
ਨਾਨਕ ਇਨ ਕੈ ਕਛੂ ਨ ਹਾਥ॥੮॥੬॥

ਉਹੀਓ ਜਪਦਾ ਨਾਮ ਪ੍ਰਭੂ ਦਾ, ਜਿਸ ਤੋਂ ਆਪ ਜਪਾਏ।
ਜਿਸਤੇ ਨਜ਼ਰਿ-ਇਨਾਇਤ ਉਸਦੀ, ਓਹੀ ਹਰਿ ਗੁਣ ਗਾਏ।
ਦੂਰ ਹੋਏ ਅਗਿਆਨ ਹਨੇਰਾ, ਰੌਸ਼ਨ ਹੋਵੇ ਹਿਰਦਾ।
ਪ੍ਰਭੂ ਦਇਆ ਨਾਲ ਇੰਜ ਖਿੜ ਜਾਏ, ਜਿਵੇਂ ਕਮਲ ਫੁੱਲ ਖਿੜਦਾ।
ਜਿਸ 'ਤੇ ਹੋਏ ਖੁਸ਼ ਉਹ ਬਹੁਤਾ, ਉਸਦੇ ਮਨ ਵੱਸ ਜਾਵੇ।
ਮੈਲ ਰਹਿਤ ਮੱਤ ਹੋਵੇ ਉਸਦੀ, ਜਿਹੜਾ ਉਸਨੂੰ ਭਾਵੇ।
ਮਿਹਰ ਤੇਰੀ ਨਾਲ ਮਿਲਦੇ ਦਾਤਾ,ਨਾਮ ਦੇ ਭਰੇ ਖਜ਼ਾਨੇ।
ਆਪਣੇ ਆਪ ਤੇ ਕੁਝ ਨਹੀ ਮਿਲਦਾ, ਬਾਣੀ ਇਉਂ ਬਖਾਨੇ।
ਜਿੱਥੇ ਲਾਇਆ ਆਪ ਪ੍ਰਭੂ ਨੇ, ਜੀਵ ਲੱਗੇ ਹਨ ਰਹਿੰਦੇ।
ਹੱਥ ਇਹਨਾਂ ਦੇ ਕੁਝ ਭੀ ਨਾਂਹੀਂ, ਪੰਜਵੇਂ ਨਾਨਕ ਕਹਿੰਦੇ ।੮॥੬॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਅਗਮ ਅਗਾਧਿ ਪਾਰਬ੍ਰਹਮੁ ਸੋਇ ॥
ਜੋ ਜੋ ਕਹੈ ਸੁ ਮੁਕਤਾ ਹੋਇ ॥
ਸੁਨਿ ਮੀਤਾ ਨਾਨਕੁ ਬਿਨਵੰਤਾ ॥
ਸਾਧ ਜਨਾ ਕੀ ਅਚਰਜ ਕਥਾ ॥੧॥

ਅਪਹੁੰਚ ਪ੍ਰਭੂ ਨੂੰ ਜਿਸ ਜਿਸ ਜੱਪਿਆ,
ਉਸ ਪਾਏ ਛੁਟਕਾਰੇ।
ਸਾਧ ਜਨਾਂ ਦੀ ਅਜਬ ਕਹਾਣੀ,
ਸੁਣ ਤੂੰ ਮੀਤ ਪਿਆਰੇ ।੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਸਾਧ ਕੈ ਸੰਗਿ ਮੁਖ ਊਜਲ ਹੋਤ॥
ਸਾਧ ਸੰਗਿ ਮਲੁ ਸਗਲੀ ਖੋਤ॥
ਸਾਧ ਕੈ ਸੰਗਿ ਮਿਟੈ ਅਭਿਮਾਨੁ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥
ਸਾਧ ਸੰਗਿ ਸਭੁ ਹੋਤ ਨਿਬੇਰਾ॥
ਸਾਧ ਕੈ ਸੰਗਿ ਪਾਏ ਨਾਮ ਰਤਨੁ॥
ਸਾਧ ਕੈ ਸੰਗਿ ਏਕ ਊਪਰਿ ਜਤਨੁ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥੧॥

ਸਾਧ ਜਨਾਂ ਦੀ ਸੰਗਤ ਕਰਕੇ, ਮੁੱਖੜਾ ਉਜਲਾ ਹੋਵੇ।
ਮਨ ਨੂੰ ਲੱਗੀ ਮੱਲ ਪਾਪਾਂ ਦੀ, ਸਾਧੂ ਦਾ ਸੰਗ ਧੋਵੇ।
ਮਿਟ ਜਾਵੇ ਹੰਕਾਰ ਓਸਦਾ, ਸਾਧ ਕੋਲ ਜੋ ਆਵੇ।
ਸਾਧੂ ਸੰਗ ਕਰ ਗਿਆਨ ਦਾ ਦੀਪਕ, ਹਿਰਦੇ ਵਿਚ ਜਗ ਜਾਵੇ।
ਸਾਧ ਗੁਰੂ ਕੋਲ ਬੈਠਿਆਂ ਜਾਪੇ, ਅੰਗ ਸੰਗ ਪ੍ਰਭੂ ਪਿਆਰਾ।
ਮਿੱਟ ਜਾਂਦੇ ਸਭ ਝਗੜੇ ਝੇੜੇ, ਸਾਧੂ ਬੋਲ ਦੁਆਰਾ।
ਰਤਨ ਅਮੋਲਕ ਨਾਮ ਪ੍ਰਭੂ ਦਾ, ਸਾਧ ਗੁਰੂ ਤੋਂ ਮਿਲਦਾ।
ਇਕੋ ਪ੍ਰਭੂ ਨੂੰ ਪਾਵਣ ਦੇ ਲਈ, ਯਤਨ ਹੈ ਰਹਿੰਦਾ ਦਿਲਦਾ।
ਸਾਧ ਗੁਰੂ ਦੀ ਉਪਮਾ ਤਾਈਂ, ਕਿਹੜਾ ਆਖ ਸੁਣਾਵੇ।
ਸੱਚੇ ਸਾਧ ਤੇ ਪ੍ਰਭ ਦੀ ਸੋਭਾ, ਇੱਕ ਸਮਾਨ ਹੋ ਜਾਵੇ।੧॥

Sri Satguru Jagjit Singh Ji eLibrary NamdhariElibrary@gmail.com

ਸਾਧ ਕੈ ਸੰਗਿ ਅਗੋਚਰੁ ਮਿਲੈ॥
ਸਾਧ ਕੈ ਸੰਗਿ ਸਦਾ ਪਰਫੁਲੈ॥
ਸਾਧ ਕੈ ਸੰਗਿ ਆਵਹਿ ਬਸਿ ਪੰਚਾ॥
ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ॥
ਸਾਧ ਸੰਗਿ ਹੋਇ ਸਭ ਕੀ ਰੇਨ॥
ਸਾਧ ਕੈ ਸੰਗਿ ਮਨੋਹਰ ਬੈਨ॥
ਸਾਧ ਕੈ ਸੰਗਿ ਨ ਕਤਹੂੰ ਧਾਵੈ॥
ਸਾਧ ਸੰਗਿ ਅਸਥਿਤਿ ਮਨੁ ਪਾਵੈ॥
ਸਾਧ ਕੈ ਸੰਗਿ ਮਾਇਆ ਤੇ ਭਿੰਨ।
ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ॥੨॥

ਸਾਧ ਗੁਰੂ ਹੀ ਮੇਲ ਕਰਾਵੇ, ਜੋ ਦ੍ਰਿਸ਼ਟੀ ਨਾਂ ਆਵੇ।
ਐਸੇ ਸਾਧ ਦੀ ਸੰਗਤ ਸਦ ਹੀ, ਆਤਮ ਨੂੰ ਬਿਗਸਾਵੇ।
ਕਾਮ ਆਦਿਕ ਪੰਜੇ ਵੱਸ ਆਵਣ, ਕਰਕੇ ਸਾਧੂ ਸੰਗਤ।
ਸਾਧ ਗੁਰੂ ਤੋਂ ਅੰਮ੍ਰਿਤ ਛੱਕ ਕੇ, ਚੜ੍ਹੇ ਨਾਮ ਦੀ ਰੰਗਤ।
ਆਏ ਗਰੀਬੀ ਮਨ ਦੇ ਅੰਦਰ, ਚਰਨ ਧੂੜ ਹੋਏ ਸਭ ਦੀ।
ਮਾਖਿਓਂ ਮਿੱਠੇ ਬੋਲ ਹੋ ਜਾਵਣ, ਸਾਧ ਸੰਗਤ ਜਾਂ ਲੱਭਦੀ।
ਸਾਧ ਗੁਰੂ ਦੀ ਸੰਗਤ ਕਰਕੇ, ਮਨ ਭੱਜਦਾ ਰੁੱਕ ਜਾਵੇ।
ਟਿਕ ਜਾਵੇ ਨਿੱਜ ਆਸਣ 'ਤੇ ਮੁੜ, ਫੇਰ ਨਾ ਕਿੱਧਰੇ ਧਾਵੇ।
ਮ੍ਹਾਇਆ ਮੋਹਣੀਂ ਮੋਹ ਨਾ ਸਕਦੀ, ਮਨ ਹੋ ਰਹੇ ਨਿਰਾਲਾ।
ਸਾਧ ਗੁਰੂ ਦੀ ਸੰਗਤ ਸਦਕਾ, ਹੋਣ ਪ੍ਰਭੂ ਕਿਰਪਾਲਾ ।੨॥

ਸਾਧ ਸੰਗਿ ਦੁਸਮਨ ਸਭਿ ਮੀਤ॥
ਸਾਧੂ ਕੈ ਸੰਗਿ ਮਹਾ ਪੁਨੀਤ॥
ਸਾਧ ਸੰਗਿ ਕਿਸ ਸਿਉ ਨਹੀ ਬੈਰੁ॥
ਸਾਧ ਕੈ ਸੰਗਿ ਨ ਬੀਗਾ ਪੈਰੁ।
ਸਾਧ ਕੈ ਸੰਗਿ ਨਾਹੀ ਕੋ ਮੰਦਾ॥
ਸਾਧ ਸੰਗਿ ਜਾਨੇ ਪਰਮਾਨੰਦਾ॥
ਸਾਧ ਕੈ ਸੰਗਿ ਨਾਹੀ ਹਉ ਤਾਪੁ॥
ਸਾਧ ਕੈ ਸੰਗਿ ਤਜੈ ਸਭੁ ਆਪੁ॥
ਆਪੇ ਜਾਨੈ ਸਾਧ ਬਡਾਈ॥
ਨਾਨਕ ਸਾਧ ਪ੍ਰਭੂ ਬਨਿ ਆਈ॥੩॥

ਸਭ ਦੁਸ਼ਮਣ ਸੱਜਣ ਬਣ ਜਾਂਦੇ, ਸਾਧ ਸੰਗਤ ਜਾਂ ਕਰੀਏ।
ਹੋਏ ਪਵਿੱਤਰ ਮੈਲ੍ਹੀ ਰੂਹ ਭੀ, ਸਾਧ ਗੁਰੂ ਸੰਗ ਤਰੀਏ।
ਸਾਧ ਸੰਗਤ ਕਰ ਮਿੱਟ ਜਾਂਦੇ ਨੇ, ਵੈਰ ਵਿਰੋਧ ਭੀ ਸਾਰੇ।
ਪੁੱਠੇ ਪਾਸੇ ਪੈਰ ਨਾਂ ਜਾਂਦੇ, ਸਾਧ ਗੁਰੂ ਸਦਕਾਰੇ।
ਆਪ ਤੋਂ ਮੰਦਾ ਕੋਈ ਨਾਂ ਦਿਸਦਾ, ਸਾਧ ਸੰਗਤ ਵਿਚ ਜਾਕੇ।
ਵਾਹਿਗੁਰੂ ਨੂੰ ਜਾਣਿਆ ਜਾਵੇ, ਸਾਧ ਗੁਰੂ ਕੋਲ ਆਕੇ।
ਹਉਮੈਂ ਰੋਗ ਮਿਟੇ ਸਾਧੂ ਸੰਗ, ਮਨ ਅਰੋਗ ਹੋ ਜਾਵੇ।
ਮੁੜ ਹੰਗਤਾ ਦਾ ਤਾਪ ਨਾ ਚੜ੍ਹਦਾ, ਨਾ ਕੋਈ ਦੁੱਖ ਸਤਾਵੇ।
ਸੱਚਾ ਸਾਹਿਬ ਆਪ ਹੀ ਜਾਣੇਂ, ਸਾਧੂ ਦੀ ਵਡਿਆਈ।
ਵਾਹਿਗੁਰੂ ਤੇ ਸੱਚੇ ਸਾਧ ਦੀ, ਧੁਰ ਤੋਂ ਬਣਦੀ ਆਈ।੩॥

Sri Satguru Jagjit Singh Ji eLibrary NamdhariElibrary@gmail.com

ਸਾਧ ਕੈ ਸੰਗਿ ਨ ਕਬਹੂ ਧਾਵੈ॥
ਸਾਧ ਕੈ ਸੰਗਿ ਸਦਾ ਸੁਖੁ ਪਾਵੈ॥
ਸਾਧ ਸੰਗਿ ਬਸਤੁ ਅਗੋਚਰ ਲਹੈ॥
ਸਾਧੂ ਕੈ ਸੰਗਿ ਅਜਰੁ ਸਹੈ॥
ਸਾਧ ਕੈ ਸੰਗਿ ਬਸੈ ਥਾਨਿ ਊਚੈ॥
ਸਾਧੂ ਕੈ ਸੰਗਿ ਮਹਲਿ ਪਹੂਚੈ॥
ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥
ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥
ਸਾਧ ਕੈ ਸੰਗਿ ਪਾਏ ਨਾਮ ਨਿਧਾਨ॥
ਨਾਨਕ ਸਾਧੂ ਕੈ ਕੁਰਬਾਨ॥੪॥

ਸਾਧ ਗੁਰੂ ਦੀ ਸੰਗਤ ਕਰਕੇ, ਚੰਚਲ ਮਨ ਵੱਸ ਆਵੇ।
ਦੁੱਖਾਂ ਤੋਂ ਛੁਟਕਾਰਾ ਹੋਵੇ, ਸੁੱਖ ਸਦੀਵੀਂ ਪਾਵੇ।
ਸਾਧੂ ਦੇਵੇ ਨਾਮ ਅਮੋਲਕ, ਜੋ ਨਜ਼ਰੀਂ ਨਾਂ ਆਵੇ।
ਨਾਮ ਅੱਜਰ ਨੂੰ ਜਰ ਜਾਵੇ, ਤੇ ਦਿਲ ਦੇ ਵਿੱਚ ਛੁਪਾਵੇ।
ਉੱਚ ਅਵਸਥਾ ਦੇ ਵਿਚ ਵੱਸਦਾ, ਜੋ ਸਾਧੂ ਸੰਗ ਕਰਦਾ।
ਸੁਰਤਿ ਪੁੱਜੇ ਪਰਮੇਸ਼ਰ ਦੇ ਦਰ, ਜੋ ਬਣਦਾ ਗੁਰੂ ਘਰ ਦਾ।
ਜੋ ਸਾਧੂ ਦੀ ਸੰਗਤ ਕਰਦਾ, ਸਭ ਫਰਜ਼ਾਂ ਨੂੰ ਜਾਣੇ।
ਸਾਧ ਦਾ ਸਦਕਾ ਹਰ ਇਕ ਵਿਚੋਂ, ਪਰਮੇਸ਼ਰ ਪਹਿਚਾਣੇ।
ਸਾਧ ਗੁਰੂ ਦੀ ਸੰਗਤ ਕਰਕੇ, ਨਾਮ ਖਜ਼ਾਨਾ ਪਾਵੇ।
ਐਸੇ ਸੱਚੇ ਸਾਧ ਦੇ ਉੱਪਰੋਂ, ਨਾਨਕ ਬਲਿਬਲਿ ਜਾਵੇ।੪॥

Sri Satguru Jagjit Singh Ji eLibrary NamdhariElibrary@gmail.com

ਸਾਧ ਕੈ ਸੰਗਿ ਸਭ ਕੁਲ ਉਧਾਰੈ॥
ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥
ਸਾਧੂ ਕੈ ਸੰਗਿ ਸੋ ਧਨੁ ਪਾਵੈ॥
ਜਿਸੁ ਧਨ ਤੇ ਸਭੁ ਕੋ ਵਰਸਾਵੈ॥
ਸਾਧ ਸੰਗਿ ਧਰਮਰਾਇ ਕਰੇ ਸੇਵਾ॥
ਸਾਧ ਕੈ ਸੰਗਿ ਸੋਭਾ ਸੁਰ ਦੇਵਾ॥
ਸਾਧੂ ਕੈ ਸੰਗਿ ਪਾਪ ਪਲਾਇਨ॥
ਸਾਧ ਸੰਗਿ ਅੰਮ੍ਰਿਤ ਗੁਨ ਗਾਇਨ॥
ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥
ਨਾਨਕ ਸਾਧ ਕੈ ਸੰਗਿ ਸਫਲ ਜਨੰਮ॥੫॥

ਸਾਧ ਗੁਰੂ ਦੀ ਸੰਗਤ ਕਰਕੇ, ਕੁੱਲਾਂ ਭੀ ਤਰ ਜਾਵਣ।
ਰਿਸ਼ਤੇਦਾਰ ਤੇ ਦੋਸਤ ਮਿੱਤਰ, ਮੁਕਤੀ ਦਾ ਦਰ ਪਾਵਣ।
ਸਾਧੂ ਤੋਂ ਉਹ ਇੱਜ਼ਤ ਮਿਲਦੀ, ਜਿਸਦਾ ਮੁੱਲ ਨਾ ਕੋਈ।
ਸਭ ਨੂੰ ਜਿਸਤੋਂ ਲਾਹਾ ਮਿਲਦਾ, ਦਰਗਹ ਮਿਲਦੀ ਢੋਈ।
ਧਰਮਰਾਜ ਭੀ ਸੇਵਾ ਕਰਦਾ, ਜੋ ਸਾਧੂ ਸੰਗ ਰਹਿੰਦੇ।
ਦੇਵਤਿਆਂ ਵਿਚ ਸ਼ੋਭਾ ਹੋਵੇ, ਭਲਾ ਭਲਾ ਸਭ ਕਹਿੰਦੇ।
ਸਾਧ ਸੰਗਿ ਹੋਏ ਸੁਰਤਿ ਉਚੇਰੀ, ਪਾਪ ਉੱਥੋਂ ਭੱਜ ਜਾਂਦੇ।
ਜੋ ਸਾਧੂ ਦੀ ਸੰਗਤ ਦੇ ਵਿਚ, ਰਹਿਣ ਪ੍ਰਭੂ ਗੁਣ ਗਾਂਦੇ।
ਪਹੁੰਚ ਸੁਰਤਿ ਦੀ ਸਾਧ ਸੰਗਤ ਕਰ, ਹਰ ਥਾਂ 'ਤੇ ਹੋ ਜਾਵੇ।
ਜੋ ਪ੍ਰਾਣੀ ਸਾਧੂ ਸੰਗ ਰਹਿੰਦਾ, ਸਫਲਾ ਜਨਮ ਬਣਾਵੇ। ੫॥

Sri Satguru Jagjit Singh Ji eLibrary NamdhariElibrary@gmail.com

ਸਾਧ ਕੈ ਸੰਗਿ ਨਹੀ ਕਛੁ ਘਾਲ॥
ਦਰਸਨੁ ਭੇਟਤ ਹੋਤ ਨਿਹਾਲ॥
ਸਾਧ ਕੈ ਸੰਗਿ ਕਲੂਖਤ ਹਰੈ॥
ਸਾਧ ਕੈ ਸੰਗਿ ਨਰਕ ਪਰਹਰੈ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ॥
ਸਾਧ ਸੰਗਿ ਬਿਛੁਰਤ ਹਰਿ ਮੇਲਾ॥
ਜੋ ਇਛੈ ਸੋਈ ਫਲੁ ਪਾਵੈ॥
ਸਾਧ ਕੈ ਸੰਗਿ ਨ ਬਿਰਥਾ ਜਾਵੈ॥
ਪਾਰਬ੍ਰਹਮੁ ਸਾਧ ਰਿਦ ਬਸੈ॥
ਨਾਨਕ ਉਧਰੈ ਸਾਧ ਸੁਨਿ ਰਸੈ॥੬॥

ਕਠਿਨ ਤਪਾਂ ਦੀ ਲੋੜ ਨਾਂ ਰਹਿੰਦੀ, ਜੇ ਸਾਧੂ ਸੰਗ ਕਰੀਏ।
ਗੁਰਮੁਖ ਜਨ ਦੇ ਦਰਸ਼ਨ ਕਰਕੇ, ਭਵ ਸਾਗਰ ਨੂੰ ਤਰੀਏ।
ਸੰਗਤ ਭਲਿਆਂ ਪੁਰਸ਼ਾਂ ਦੀ ਕਰ, ਪਾਪ ਨੇ ਸਾਰੇ ਲਹਿੰਦੇ।
ਨਾਂ ਸੜਨਾ ਨਰਕਾਂ ਵਿਚ ਪੈਂਦਾ, ਨਾਂ ਦੁੱਖ ਪੈਣੇ ਸਹਿੰਦੇ।
ਸਾਧੂ ਦਾ ਸੰਗ ਲੋਕ ਅਤੇ, ਪਰਲੋਕ ਨੂੰ ਸੁਖੀ ਬਣਾਉਂਦਾ।
ਜਨਮ ਜਨਮ ਦੇ ਵਿਛੜਿਆਂ ਨੂੰ, ਪ੍ਰਭੂ ਜੀ ਨਾਲ ਮਿਲਾਉਂਦਾ।
ਜੋ ਸਾਧੂ ਦੀ ਸੰਗਤ ਕਰਦਾ, ਮਨ ਇੱਛਤ ਫਲ ਪਾਵੇ।
ਸਾਧ ਜਨਾਂ ਦੀ ਕੀਤੀ ਸੰਗਤ, ਬਿਰਥੀ ਕਦੇ ਨਾਂ ਜਾਵੇ।
ਸਾਧ ਜਨਾਂ ਦੇ ਹਿਰਦੇ ਦੇ ਵਿਚ, ਵੱਸਦਾ ਹੈ ਨਿਰੰਕਾਰਾ।
ਸਾਧੂ ਦੀ ਰਸਨਾ ਤੋਂ ਨਿਕਲੇ, ਕਰਦੇ ਬੋਲ ਉਧਾਰਾ।੬॥

Sri Satguru Jagjit Singh Ji eLibrary NamdhariElibrary@gmail.com

ਸਾਧ ਕੈ ਸੰਗਿ ਸੁਨਉ ਹਰਿ ਨਾਉ॥
ਸਾਧ ਸੰਗਿ ਹਰਿ ਕੇ ਗੁਨ ਗਾਉ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ॥
ਸਾਧ ਸੰਗਿ ਸਰਪਰ ਨਿਸਤਰੈ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ॥
ਸਾਧ ਕੈ ਸੰਗਿ ਘਟਿ ਘਟਿ ਡੀਠਾ॥
ਸਾਧ ਸੰਗਿ ਭਏ ਆਗਿਆਕਾਰੀ॥
ਸਾਧ ਸੰਗਿ ਗਤਿ ਭਈ ਹਮਾਰੀ॥
ਸਾਧ ਕੈ ਸੰਗਿ ਮਿਟੇ ਸਭਿ ਰੋਗ॥
ਨਾਨਕ ਸਾਧ ਭੇਟੇ ਸੰਜੋਗ॥੭॥

ਨਾਮ ਪ੍ਰਭੂ ਦਾ ਸੁਣਨੇ ਦੇ ਲਈ, ਕੋਲ ਸਾਧ ਦੇ ਜਾਵਾਂ।
ਉਸਦੀ ਸੰਗਤ ਦੇ ਵਿਚ ਬਹਿਕੇ, ਪ੍ਰਭੂ ਜੀ ਦੇ ਗੁਣ ਗਾਵਾਂ।
ਨਾਮ ਪ੍ਰਭੂ ਦਾ ਸਾਧੂ ਸਦਕਾ, ਮਨ ਤੋਂ ਨਾਂ ਵਿਸਰਾਦਾਂ।
ਸਤਸੰਗੀ ਹਰ ਹਾਲਤ ਦੇ ਵਿਚ, ਭਵਸਾਗਰ ਤਰ ਜਾਂਦਾ।
ਸਾਧੂ ਦੀ ਸੰਗਤ ਦਾ ਸਦਕਾ, ਲਗਦਾ ਪ੍ਰਭੂ ਪਿਆਰਾ।
ਹਰ ਹਿਰਦੇ ਵਿਚ ਹਰੀ ਨੂੰ ਤੱਕਿਆ, ਸਾਧੂ ਸੰਗ ਦੁਆਰਾ।
ਸਾਧ ਗੁਰੂ ਦੀ ਸੰਗਤ ਵਿੱਚੋਂ, ਸਿਖਿਆ ਰਜ਼ਾ 'ਚ ਰਹਿਣਾ,
ਛੁੱਟੇ ਆਵਾਗਵਣ ਦੇ ਵਿੱਚੋਂ, ਪਿਆ ਨਾਂ ਦੁੱਖੜਾ ਸਹਿਣਾ।
ਸਭ ਰੋਗਾਂ ਤੋਂ ਸਾਧੂ ਸਦਕਾ, ਹੋਈ ਬੰਦ ਖਲਾਸੀ।
ਪੂਰਬਲੇ ਸੰਜੋਗਾਂ ਸਦਕੇ, ਭੇਟਿਆ ਗੁਰ ਅਬਿਨਾਸੀ।੭॥

Sri Satguru Jagjit Singh Ji eLibrary NamdhariElibrary@gmail.com

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਹਿ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥
ਸਾਧ ਕੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥
ਸਾਧ ਕੀ ਸੋਭਾ ਸਦਾ ਬੇਅੰਤ॥
ਸਾਧ ਕੀ ਸੋਭਾ ਊਚ ਤੇ ਊਚੀ॥
ਸਾਧ ਕੀ ਸੋਭਾ ਮੂਚ ਤੇ ਮੂਚੀ॥
ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥

ਵੇਦ ਨਾਂ ਜਾਨਣ ਸਾਧ ਦੀ ਉਪਮਾ, ਹਰੀ ਜਿਨ੍ਹਾਂ ਵਿਚ ਵੱਸਿਆ।
ਜਿਹਨਾਂ ਉਸਦੇ ਕਰਤੇ ਸੁਣਿਆ, ਉਤਨਾ ਹੀ ਉਸ ਦੱਸਿਆ।
ਤ੍ਰਿੰਨਾਂ ਗੁਣਾਂ ਤੋਂ ਕਿਤੇ ਹੈ ਉੱਚੀ, ਸਾਧੂ ਦੀ ਵਡਿਆਈ।
ਸਾਧ ਦੀ ਸੋਭਾ ਸ੍ਰਿਸ਼ਟੀ ਦੇ ਵਿਚ, ਹੈ ਭਰਪੂਰ ਸਮਾਈ।
ਸੱਚੇ ਸਾਧ ਦੀ ਮਹਿਮਾਂ ਦਾ ਨਾਂ, ਅੰਤ ਕਦੇ ਭੀ ਆਇਆ।
ਨਾਂ ਕੋਈ ਉਸਨੂੰ ਲਿਖ ਹੈ ਸਕਿਆ, ਨਾਂ ਕੋਈ ਕਹਿ ਪਾਇਆ।
ਸਭ ਤੋਂ ਉੱਚੀ ਸਾਧ ਦੀ ਸੋਭਾ, ਇਸ ਵਿਚ ਝੂਠ ਨਾ ਰਾਈ।
ਜੱਗ ਦੇ ਅੰਦਰ ਸਭ ਤੋਂ ਵੱਡੀ, ਸੋਭਾ ਕਥਨ ਨਾ ਜਾਈ।
ਸਾਧ ਦੀ ਸੋਭਾ ਸਾਧ ਹੀ ਜਾਣੇ, ਬੱਸ ਇਹ ਉਪਮਾ ਢੁੱਕਦੀ।
ਸਾਧ ਤੇ ਪ੍ਰਭ ਵਿਚ ਭੇਦ ਨਾਂ ਕੋਈ, ਗੱਲ ਇੱਥੇ ਆ ਮੁੱਕਦੀ।੮।੭॥

ਸਲੋਕੁ ॥
ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ
ਬ੍ਰਹਮ ਗਿਆਨੀ ਹੋਇ ॥੧॥

ਨਾਮ ਜੀਹਦਾ ਰਸਨਾਂ 'ਤੇ ਟਿਕਿਆ,
ਦਿਲ ਵੱਸਦਾ ਉਹ ਜਾਨੀ।
ਉਸ ਪ੍ਰਭੁ ਬਿਨ ਕੋਈ ਹੋਰ ਨਾ ਦੇਖੇ,
ਉਹ ਹੈ ਬ੍ਰਹਮ ਗਿਆਨੀ ॥੧॥

Sri Satguru Jagjit Singh Ji eLibrary NamdhariElibrary@gmail.com

www.archive.org/details/namdhari



## ਅਸਟਪਦੀ॥

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥
ਬ੍ਰਹਮ ਗਿਆਨੀ ਸਦਾ ਨਿਰਦੋਖ॥
ਜੈਸੇ ਸੂਰੁ ਸਰਬ ਕਉ ਸੋਖ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
ਬ੍ਰਹਮ ਗਿਆਨੀ ਕੈ ਧੀਰਜੁ ਏਕ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥੧॥

ਮਾਇਆ ਤੋਂ ਨਿਰਲੇਪ ਹਮੇਸ਼ਾ, ਰਹਿੰਦਾ ਬ੍ਰਹਮ ਗਿਆਨੀ।
ਜੱਗ ਵਿਚ ਰਹਿੰਦਾ ਏਸ ਤਰਾਂ, ਜਿਉਂ ਕਮਲ ਰਹੇ ਵਿਚ ਪਾਨੀ।
ਬ੍ਰਹਮ ਗਿਆਨੀ ਦੋਸ਼ ਮੁਕਤਿ ਹੈ, ਜੱਗ ਦੇ ਵਿਚ ਕਹਾਉਂਦਾ।
ਸੂਰਜ ਜਿਵੇਂ ਮੈਲ ਤੱਤਾਂ ਦੀ, ਕਿਰਨਾਂ ਨਾਲ ਸੁਕਾਉਂਦਾ।
ਨਾਂ ਕੋਈ ਉੱਚਾ ਨਾਂ ਕੋਈ ਨੀਵਾਂ, ਬ੍ਰਹਮ ਗਿਆਨੀ ਅੱਗੇ।
ਜਿਉਂ ਧਨਵਾਨ, ਕੰਗਾਲ ਦੇ ਤਾਂਈ, ਹਵਾ ਬਰਾਬਰ ਲੱਗੇ।
ਧਰਤੀ ਵਾਂਗੂੰ ਧੀਰਜ ਦਿਲ ਵਿਚ, ਬ੍ਰਹਮ ਗਿਆਨੀ ਧਰਦਾ।
ਕੋਈ ਟੋਏ ਪੁੱਟੇ ਤੇ ਕੋਈ, ਲੇਪ ਚੰਦਨ ਦੀ ਕਰਦਾ।
ਅੱਗ ਦਾ ਜਿਵੇਂ ਸੁਭਾਉ ਕੁਦਰਤੀ, ਹਰ ਇਕ ਦੀ ਮਲ ਸਾੜੇ।
ਇਉਂ ਹੀ ਬ੍ਰਹਮ ਗਿਆਨੀ ਸਾੜੇ, ਕਰਮ ਜੀਵਾਂ ਦੇ ਮਾੜੇ।੧॥

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥
ਜੈਸੇ ਮੈਲੁ ਨ ਲਾਗੈ ਜਲਾ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥
ਜੈਸੇ ਧਰ ਊਪਰਿ ਆਕਾਸੁ॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥
ਬ੍ਰਹਮ ਗਿਆਨੀ ਊਚ ਤੇ ਊਚਾ॥
ਮਨਿ ਅਪਨੈ ਹੈ ਸਭ ਤੇ ਨੀਚਾ॥
ਬ੍ਰਹਮ ਗਿਆਨੀ ਸੇ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥੨॥

ਅਤਿ ਪਵਿੱਤਰ ਜੀਵਨ ਜੀਉਂਦਾ, ਜੱਗ 'ਤੇ ਬ੍ਰਹਮ ਗਿਆਨੀ।
ਹਰ ਇਕ ਦੀ ਮਲ ਧੋਣੇ ਵਾਲਾ, ਜਿਉਂ ਨਿਰਮਲ ਹੈ ਪਾਨੀ।
ਨੂਰ ਨੂਰ ਮਨ ਜਿਸਦਾ ਹੋਇਆ, ਬ੍ਰਹਮ ਗਿਆਨੀ ਜਾਣੀ।
ਜਿਉਂ ਧਰਤੀ 'ਤੇ ਨੂਰ ਬਿਖਰਦਾ, ਅੰਬਰੋਂ ਕਿਰਨਾਂ ਥਾਣੀ।
ਵੈਰੀ, ਸੱਜਣ ਦੇ ਵਿਚ ਜਿਸਨੂੰ, ਭੇਦ ਜ਼ਰਾ ਨਹੀਂ ਕੋਈ।
ਹੰਗਤਾ ਜਿਸਦੇ ਨੇੜ ਨਾਂ ਆਵੇ, ਬ੍ਰਹਮ ਗਿਆਨੀ ਸੋਈ।
ਬ੍ਰਹਮ ਗਿਆਨੀ ਜ਼ਿੰਦਗੀ ਦੇ ਵਿਚ, ਵਿਚਰੇ ਸੱਚਾ ਸੁੱਚਾ।
ਮਨ ਕਰਕੇ ਉਹ ਸਭ ਤੋਂ ਨੀਵਾਂ, ਮੱਤ ਕਰ ਸਭ ਤੋਂ ਉੱਚਾ।
ਜਿਨ੍ਹਾਂ ਉੱਪਰ ਮਿਹਰੰਮਤ ਤੇਰੀ, ਐ ਦਾਤਾ ਜੀ ਹੋਈ।
ਪੰਜਵੇਂ ਨਾਨਕ ਕਹਿੰਦੇ ਬਣਦੇ, ਬ੍ਰਹਮ ਗਿਆਨੀ ਸੋਈ॥੨॥

ਬ੍ਰਹਮ ਗਿਆਨੀ ਸਗਲ ਕੀ ਰੀਨਾ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥
ਬ੍ਰਹਮ ਗਿਆਨੀ ਸਦਾ ਸਮਦਰਸੀ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥੩॥

ਚਰਨ ਧੂੜ ਹੋ ਬ੍ਰਹਮ ਗਿਆਨੀ, ਨਿਮਰਤਾ ਵਿਚ ਜੀਵੇ।
ਜਾਣ ਲਿਆ ਉਸ ਆਤਮ ਰਸ ਨੂੰ, ਹਰ ਦਮ ਉਸਨੂੰ ਪੀਵੇ।
ਬ੍ਰਹਮ ਗਿਆਨੀ ਦੀ ਰਹਿਮਤ ਦਾ, ਮੀਂਹ ਸਭਨਾਂ 'ਤੇ ਵਰ੍ਹਦਾ।
ਸੁਪਨੇ ਵਿਚ ਭੀ ਬ੍ਰਹਮ ਗਿਆਨੀ, ਕਦੇ ਬੁਰਾ ਨਾਂ ਕਰਦਾ।
ਇੱਕ ਨਜ਼ਰ ਨਾਲ ਬ੍ਰਹਮ ਗਿਆਨੀ, ਦੇਖੇ ਜਗਤ ਪਸਾਰਾ।
ਅੱਖੀਆਂ ਵਿਚੋਂ ਸਦ ਹੀ ਵਰਸੇ, ਨ੍ਹਿੰਮ ਨ੍ਹਿੰਮ ਅੰਮ੍ਰਿਤਧਾਰਾ।
ਬ੍ਰਹਮ ਗਿਆਨੀ ਸਦਾ ਸੁਤੰਤਰ, ਝੰਜਟਾਂ ਵਿਚ ਨਹੀਂ ਪੈਂਦਾ।
ਜੀਵਨ ਸ਼ੈਲੀ ਉਜਲੀ ਉਸਦੀ, ਪਾਕ ਪਵਿਤਰ ਰਹਿੰਦਾ।
ਤ੍ਰਿਪਤ ਰਹੇ ਸਦਾ ਬ੍ਰਹਮ ਗਿਆਨੀ, ਗਿਆਨ ਦਾ ਭੋਜਨ ਖਾਕੇ।
ਵਾਹਿਗੁਰੂ ਦੇ ਸਿਮਰਨ ਦੇ ਵਿਚ, ਰੱਖੋ ਸੁਰਤਿ ਟਿਕਾਕੇ ॥੩॥

ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹ ਗਿਆਨੀ ਸੁਫਲ ਫਲਾ ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥

ਇੱਕੋ ਓਟ ਪ੍ਰਭੂ ਦੀ ਤੱਕਦਾ, ਅਵਰ ਤਿਆਗੇ ਓਟਾਂ।
ਬ੍ਰਹਮ ਗਿਆਨੀ ਅਮਰ ਹਮੇਸ਼ਾ, ਕਿਉਂ ਕਿ ਵਿਚ ਨਹੀਂ ਖੋਟਾਂ।
ਹਿਰਦੇ ਦੇ ਵਿਚ ਬ੍ਰਹਮ ਗਿਆਨੀ, ਧਾਰ ਨਿਮਰਤਾ ਰੱਖੇ।
ਪਰ ਉਪਕਾਰ ਕਰਨ ਦਾ ਚਾਉ, ਦਿਲ 'ਚੋਂ ਲਹਿ ਨਾਂ ਸਕੇ।
ਬ੍ਰਹਮ ਗਿਆਨੀ ਕਦੇ ਨਾਂ ਪਿੱਟੇ, ਧੰਧਿਆਂ ਦੀਆਂ ਲਕੀਰਾਂ।
ਭੱਜਦੇ ਮਨ ਨੂੰ ਬੰਨ੍ਹਣ ਦੇ ਲਈ, ਰੱਖੇ ਮਾਰ ਜੰਜ਼ੀਰਾਂ।
ਬ੍ਰਹਮ ਗਿਆਨੀ ਵਾਹਿਗੁਰੂ ਦੇ, ਭਾਣੇ ਦੇ ਵਿਚ ਚਲਦਾ।
ਬੀਜਿਆ ਬ੍ਰਹਮ ਗਿਆਨੀ ਦਾ, ਸਦਾ ਦੂਣ ਸਵਾਇਆ ਫਲਦਾ।
ਬ੍ਰਹਮ ਗਿਆਨੀ ਸਦਕਾ ਹੁੰਦਾ, ਸਭਨਾਂ ਦਾ ਨਿਸਤਾਰਾ।
ਨਾਮ ਪ੍ਰਭੂ ਦਾ ਜੱਪਦਾ ਇਸ ਸੰਗ, ਰਲ ਕੇ ਆਲਮ ਸਾਰਾ ॥੪॥

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਕੈ ਏਕੈ ਰੰਗ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥
ਬ੍ਰਹਮ ਗਿਆਨੀ ਸਦਾ ਸਦ ਜਾਗਤ॥
ਬ੍ਰਹਮ ਗਿਆਨੀ ਅਹੰਬੁਧਿ ਤਿਆਗਤ॥
ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥੫॥

ਬ੍ਰਹਮ ਗਿਆਨੀ ਤਾਂਈ ਲੱਗੇ, ਇੱਕੋ ਨਾਮ ਪਿਆਰਾ।
ਅੰਗ ਸੰਗ ਉਸਦੇ ਰਹੇ ਹਮੇਸ਼ਾਂ, ਸੱਚਾ ਸਿਰਜਣਹਾਰਾ।
ਨਾਮ ਆਸਰਾ ਸੱਤ ਪੁਰਸ਼ ਦਾ, ਜੀਵੇ ਨਾਮ ਸਹਾਰੇ।
ਨਾਮ ਪ੍ਰਭੂ ਦਾ ਬ੍ਰਹਮ ਗਿਆਨੀ, ਟੱਬਰ ਵਾਂਗ ਪਿਆਰੇ।
ਮੋਹ ਮਾਇਆ ਵਿਚ ਸਭ ਜੱਗ ਸੁੱਤਾ, ਬ੍ਰਹਮ ਗਿਆਨੀ ਜਾਗੇ।
ਨਿਮਰਤਾ ਵਿਚ ਰਹੇ ਹਮੇਸ਼ਾਂ, ਹੰਗਤਾ ਤਾਂਈਂ ਤਿਆਗੇ।
ਮਨ ਵਿਚ ਵਾਸਾ ਸਦਾ ਖੁਸ਼ੀ ਦਾ, ਮਸਤਕ ਉੱਪਰ ਖੇੜਾ।
ਸਦਾ ਸੁੱਖਾਂ ਦੇ ਘਰ ਵਿਚ ਵੱਸਦਾ, ਬ੍ਰਹਮ ਗਿਆਨੀ ਜਿਹੜਾ।
ਸੁਖੀ ਅਡੋਲ ਅਵੱਸਥਾ ਦੇ ਵਿਚ, ਬ੍ਰਹਮ ਗਿਆਨੀ ਵੱਸਦਾ।
ਆਤਮਿਕ ਮੌਤ ਕਦੇ ਨਾਂ ਆਵੇ, ਕਾਲ ਭੀ ਡਰਦਾ ਨੱਸਦਾ॥੫॥

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥
ਬ੍ਰਹਮ ਗਿਆਨੀ ਏਕ ਸੰਗਿ ਹੇਤਾ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ॥
ਬ੍ਰਹਮ ਗਿਆਨੀ ਕਾ ਨਿਰਮਲ ਮੰਤ॥
ਬ੍ਰਹਮ ਗਿਆਨੀ ਜਿਸੁ ਕੈਰ ਪ੍ਰਭੁ ਆਪਿ॥
ਬ੍ਰਹਮ ਗਿਆਨੀ ਕਾ ਬਡ ਪਰਤਾਪ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥
ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥੬॥

ਪਾਰਬ੍ਰਹਮ ਦੇ ਤਾਂਈਂ ਕੇਵਲ, ਜਾਣੇ ਬ੍ਰਹਮ ਗਿਆਨੀ।
ਉਸ ਇੱਕ ਨਾਲ ਪਿਆਰ ਓਸਦਾ, ਦੁਨੀਆਂ ਜਾਣੇ ਫ਼ਾਨੀ।
ਬੇ-ਫ਼ਿਕਰੀ ਵਿਚ ਰਹੇ ਹਮੇਸ਼ਾਂ, ਚਿੰਤਾ ਕਦੇ ਨਾਂ ਕਰਦਾ।
ਉਸਦਾ ਸੁਣ ਉਪਦੇਸ਼ ਪਵਿੱਤਰ, ਜੱਗ ਭਵਸਾਗਰ ਤਰਦਾ।
ਬ੍ਰਹਮ ਗਿਆਨੀ ਉਹੀਓ ਬਣਦਾ, ਜਿਸਨੂੰ ਪ੍ਰਭੂ ਬਣਾਏ।
ਉਸਦੇ ਜਾਹੋ-ਜਲਾਲ ਦੇ ਅੱਗੇ, ਟਿਕ ਨਾਂ ਕੋਈ ਪਾਵੇ।
ਹੋਵਣ ਵੱਡੇ ਭਾਗ ਤਾਂ ਦਰਸ਼ਨ, ਬ੍ਰਹਮ ਗਿਆਨੀ ਦਾ ਪਾਈਏ।
ਸਦ ਬਲਿ ਜਾਈਏ ਹੱਸਕੇ ਉਸਤੋਂ, ਜਿੰਦੜੀ ਘੋਲ ਘੁਮਾਈਏ।
ਸ਼ਿਵ ਜੀ ਵਰਗੇ ਦੇਵਤੇ ਭੀ ਪਏ, ਬ੍ਰਹਮ ਗਿਆਨੀ ਭਾਲਣ।
ਪਾਰਬ੍ਰਹਮ ਤੇ ਉਸਦੇ ਅੰਦਰ, ਫ਼ਰਕ ਜ਼ਰਾ ਨਾ ਜਾਨਣ ॥੬॥

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥
ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖੵਰੁ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥

ਬ੍ਰਹਮ ਗਿਆਨੀ ਦੇ ਮੁੱਲ ਦਾ, ਕੋਈ ਅੰਤ ਨਾਂ ਪਾਰਾਵਾਰਾ।
ਉਸਦੇ ਮਨ ਅੰਦਰ ਹੈ ਵੱਸਦਾ, ਇਹ ਸਭ ਜਗਤ ਪਸਾਰਾ।
ਬ੍ਰਹਮ ਗਿਆਨੀ ਕਿਸ ਰੰਗ ਵਿਚਰੇ, ਮਰਮ ਨਾਂ ਕੋਈ ਜਾਣੇ।
ਹੋਵਣ ਉਸਨੂੰ ਸਦਾ ਸਲਾਮਾਂ, ਕਰਸਨ ਲੋਕ ਸਿਆਣੇ।
ਅੱਧਾ ਲਫਜ਼ ਭੀ ਉਸ ਦੀ ਮਹਿਮਾ, ਦਾ ਕਹਿਆ ਨਾਂ ਜਾਏ।
ਸਭ ਦਾ ਮਾਲਕ ਬ੍ਰਹਮ ਗਿਆਨੀ, ਰਮਜ਼ ਇਹ ਵਿਰਲਾ ਪਾਏ।
ਆਤਮਿਕ ਉਚਤਾ ਬ੍ਰਹਮ ਗਿਆਨੀ, ਦੀ ਵਰਣੀ ਨਾਂ ਜਾਏ।
ਉਸ ਵਰਗਾ ਕੋਈ ਹੋਵੇ ਜਿਹੜਾ, ਉਹੀਓ ਹੀ ਕਹਿ ਪਾਏ।
ਬ੍ਰਹਮ ਗਿਆਨੀ ਦਾ ਜੱਗ ਉੱਤੇ, ਅੰਤ ਕਿਸੇ ਨਾਂ ਪਾਇਆ।
ਉਸਨੂੰ ਹੈ ਪ੍ਰਣਾਮ ਹਮੇਸ਼ਾਂ, ਸਭ ਜੱਗ ਕਰਦਾ ਆਇਆ॥੭॥

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥

ਇਸ ਸਾਰੀ ਸ੍ਰਿਸ਼ਟੀ ਨੂੰ, ਬ੍ਰਹਮ ਗਿਆਨੀ ਪੈਦਾ ਕਰਦਾ।
ਬ੍ਰਹਮ ਗਿਆਨੀ ਜੀਏ ਹਮੇਸ਼ਾਂ, ਕਦੇ ਨਹੀਂ ਹੈ ਮਰਦਾ।
ਜੀਵਨ ਜਾਂਚ ਸਿਖਾਲਣ ਵਾਲਾ, ਮੁਕਤੀ ਦੇਵਣ ਵਾਲਾ।
ਸਭ ਜੀਵਾਂ ਦੇ ਚੰਗੇ ਮੰਦੇ, ਲੇਖ ਲਿਖਣ ਹੈ ਵਾਲਾ।
ਜਿਸਦਾ ਕੋਈ ਨਾਂ ਹੋਵੇ ਉਸਦਾ, ਰਾਖਾ ਬ੍ਰਹਮ ਗਿਆਨੀ।
ਮੇਹਰਾਂ ਦਾ ਹੱਥ ਰੱਖੇ ਸਭ 'ਤੇ, ਕਰਦਾ ਮਿਹਰਬਾਨੀ।
ਜਗਤ ਪਸਾਰਾ ਜੋ ਦਿਸਦਾ ਹੈ, ਇਸ ਸਭ ਦਾ ਉਹ ਬਾਨੀ।
ਵਾਹਿਗੁਰੂ ਦੀ ਬ੍ਰਹਮਗਿਆਨੀ, ਸਰਗੁਣ ਰੂਪ ਨਿਸ਼ਾਨੀ।
ਬ੍ਰਹਮ ਗਿਆਨੀ ਦੀ ਵਡਿਆਈ, ਉਸੇ ਨੂੰ ਬਣ ਆਈ।
ਸਭ ਦਾ ਮਾਲਕ ਬ੍ਰਹਮ ਗਿਆਨੀ, ਇਹ ਅਟੱਲ ਸਚਿਆਈ ॥੮॥੮॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਉਰਿ ਧਾਰੈ ਜੋ ਅੰਤਰਿ ਨਾਮੁ ॥
ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥
ਨਾਨਕ ਓਹੁ ਅਪਰਸੁ
ਸਗਲ ਨਿਸਤਾਰੈ ॥੧॥

ਹਿਰਦੇ ਦੇ ਵਿਚ ਨਾਮ ਵਸਾਕੇ,
ਸਭ ਵਿਚ ਪ੍ਰਭੂ ਨਿਹਾਰੇ।
ਹਰ ਦਮ ਸਿਮਰੇ ਮਾਲਕ ਤਾਂਈ,
ਉਹ ਅਪਰਸ ਜਗ ਤਾਰੇ ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਮਿਥਿਆ ਨਾਹੀ ਰਸਨਾ ਪਰਸ॥
ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥
ਸਾਧ ਕੀ ਟਹਲ ਸੰਤ ਸੰਗਿ ਹੇਤ॥
ਕਰਨ ਨ ਸੁਨੈ ਕਾਹੂ ਕੀ ਨਿੰਦਾ॥
ਸਭ ਤੇ ਜਾਨੈ ਆਪਸ ਕਉ ਮੰਦਾ॥
ਗੁਰ ਪ੍ਰਸਾਦਿ ਬਿਖਿਆ ਪਰਹਰੈ॥
ਮਨ ਕੀ ਬਾਸਨਾ ਮਨ ਤੇ ਟਰੈ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥

ਜਿਸਦੀ ਜੀਭਾ ਭੁੱਲਕੇ ਭੀ ਕਦੇ, ਝੂਠ ਤਾਂਈਂ ਨਾਂ ਛੋਹਵੇ।
ਮਨ ਵਿਚ ਤਾਂਘ ਪ੍ਰਭੂ ਮਿਲਣ ਦੀ, ਹਰ ਦਮ ਲੱਗੀ ਹੋਵੇ।
ਪਰ ਨਾਰੀ ਦਾ ਰੂਪ ਤੱਕਣ ਤੋਂ, ਰੱਖੇ ਨੈਂਣ ਬਚਾਕੇ।
ਸਾਧ ਸੰਤ ਦੀ ਨਾਲ ਪ੍ਰੇਮ ਦੇ, ਸੇਵ ਕਰੇ ਦਿਲ ਲਾਕੇ।
ਆਪਣੇ ਕੰਨਾਂ ਨਾਲ ਕਦੇ ਨਾਂ, ਨਿੰਦਿਆ ਸੁਣੇ ਪਰਾਈ।
ਆਪਣੇ ਆਪ ਤੋਂ ਚੰਗੀ ਸਮਝੇ, ਜੇਤੀ ਸ੍ਰਿਸ਼ਟਿ ਸਬਾਈ।
ਗੁਰ ਕਿਰਪਾ ਦੇ ਨਾਲ ਮਾਇਆ ਦੀ, ਮਨ 'ਚੋਂ ਜ਼ਹਿਰ ਹਟਾਵੇ।
ਮਨ 'ਚੋਂ ਉੱਠੇ ਚੰਚਲ ਫੁਰਨੇ, ਮਨ ਦੇ ਵਿਚ ਦਬਾਵੇ।
ਹੋਏ ਸੁਰਖਰੂ ਪੰਜ ਦੋਖਾਂ ਤੋਂ, ਵੱਸ ਵਿਚ ਰੱਖੇ ਲੋੜਾਂ।
ਉਹ ਅਸਲੀ ਅਪੱਰਸ ਹੈ ਹੁੰਦਾ, ਇੱਕ ਅੱਧ ਵਿਚ ਕਰੋੜਾਂ।੧॥

Sri Satguru Jagjit Singh Ji eLibrary NamdhariElibrary@gmail.com

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥
ਬਿਸਨ ਕੀ ਮਾਇਆ ਤੇ ਹੋਇ ਭਿੰਨ॥
ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀ ਬਾਛੈ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ॥
ਮਨ ਤਨ ਅੰਤਰਿ ਸਿਮਰਨ ਗੋਪਾਲ॥
ਸਭ ਊਪਰਿ ਹੋਵਤ ਕਿਰਪਾਲ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥੨॥

ਵੈਸ਼ਨੋ ਸੋਈ ਜਿਸ ਉਪਰ ਉਹ, ਬਹੁਤਾ ਹੀ ਖੁਸ਼ ਜਾਪੇ।
ਪ੍ਰਭੂ ਦੀ ਮਾਇਆ ਜਿਸਦੇ ਤਾਂਈਂ, ਨਾਹੀਂ ਕਦੇ ਬਿਆਪੇ।
ਕਰਮ ਕਰਦਿਆਂ ਜ਼ਿੰਦਗੀ ਦੇ ਵਿਚ, ਲੇਪ ਤੋਂ ਰਹੇ ਨਿਆਰਾ।
ਐਸਾ ਪਾਵਨ ਵੈਸ਼ਨੂੰ ਹੁੰਦਾ, ਧਰਮੀਂ ਅਤੇ ਪਿਆਰਾ।
ਕੀਤੇ ਦਾ ਇਵਜ਼ਾਨਾ ਕਦੇ ਭੀ, ਨਾਹੀ ਦਿਲ ਤੋਂ ਲੋੜੇ।
ਸੁਰਤਿ ਆਪਣੀ ਸਿਮਰਨ ਅਥਵਾ, ਕੀਰਤਨ ਦੇ ਵਿਚ ਜੋੜੇ।
ਪ੍ਰਭੂ ਯਾਦ ਵਿਚ ਮਨ ਤਨ ਆਪਣਾ, ਅੱਠੇ ਪਹਿਰ ਲਗਾਵੇ।
ਦਇਆ ਕਰੇ ਹਰ ਇਕ ਦੇ ਉੱਤੇ, ਦਿਲ ਨਾਂ ਕੋਈ ਦੁਖਾਵੇ।
ਆਪ ਜਪੇ ਤੇ ਦੂਸਰਿਆਂ ਨੂੰ, ਨਾਮ ਜਪਣ ਵਿਚ ਲਾਵੇ।
ਐਸਾ ਵੈਸ਼ਨੋ ਪ੍ਰਭ ਦਰ ਉਤੇ, ਉੱਚਾ ਰੁਤਬਾ ਪਾਵੇ॥੨॥

Sri Satguru Jagjit Singh Ji eLibrary NamdhariElibrary@gmail.com

ਭਗਉਤੀ ਭਗਵੰਤ ਭਗਤਿ ਕਾ ਰੰਗੁ ॥
ਸਗਲ ਤਿਆਗੈ ਦੁਸਟ ਕਾ ਸੰਗੁ ॥
ਮਨ ਤੇ ਬਿਨਸੈ ਸਗਲਾ ਭਰਮੁ ॥
ਕਰਿ ਪੂਜੈ ਸਗਲ ਪਾਰਬ੍ਰਹਮੁ ॥
ਸਾਧ ਸੰਗਿ ਪਾਪਾ ਮਲੁ ਖੋਵੈ ॥
ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥
ਮਨੁ ਤਨੁ ਅਰਪੈ ਬਿਸਨ ਪਰੀਤਿ ॥
ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥

ਉਹੀ ਭਗਉਤੀ ਜਿਸਦੇ ਤਾਂਈਂ, ਭਗਤੀ ਦਾ ਰੰਗ ਚੜ੍ਹਿਆ।
ਮਾੜੇ ਬੰਦਿਆਂ ਦਾ ਸੰਗ ਛੱਡਕੇ, ਜੋ ਚੰਗਿਆਂ ਵਿਚ ਖੜ੍ਹਿਆ।
ਲਹਿ ਗਏ ਜਿਸਦੇ ਚਿੱਤ ਦੇ ਵਿਚੋਂ, ਸੱਭੇ ਭਰਮ ਭੁਲੇਖੇ।
ਸਿਮਰੇ, ਪੂਜੇ ਵਾਹਿਗੁਰੂ ਤੇ, ਸਭ ਵਿਚ ਉਸਨੂੰ ਦੇਖੇ।
ਸਾਧ ਸੰਗ ਦੇ ਸਰ ਵਿਚ ਨ੍ਹਾਕੇ, ਪਾਪਾਂ ਦੀ ਮਲ ਲਾਹਵੇ।
ਓਸ ਭਗਉਤੀ ਦੀ ਇੰਜ਼ ਕਰਕੇ, ਬੁਧਿ ਨਿਰਮਲ ਹੋ ਜਾਵੇ।
ਹਰ ਇਕ ਦੇ ਵਿਚ ਹਰੀ ਹੈ ਵੱਸਦਾ, ਜਾਣ ਇਹ ਸੇਵ ਕਮਾਵੇ।
ਆਪਣੇ ਪ੍ਰਭ ਤੋਂ ਮਨ ਤਨ ਆਪਣਾ, ਹੱਸਕੇ ਘੋਲ ਘੁਮਾਵੇ।
ਚਰਨ ਪ੍ਰਭੂ ਦੇ ਦਿਲ ਵਿਚ ਆਪਣੇ, ਜੇਹੜਾ ਭਗਤ ਵਸਾਉਂਦਾ।
ਸਤਿਗੁਰ ਕਹਿੰਦੇ ਉਹੀ ਭਗਉਤੀ, ਹੈ ਭਗਵਾਨ ਨੂੰ ਪਾਉਂਦਾ॥੩॥

Sri Satguru Jagjit Singh Ji eLibrary NamdhariElibrary@gmail.com

ਸੋ ਪੰਡਿਤੁ ਜੋ ਮਨੁ ਪਰਬੋਧੈ॥
ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥
ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥
ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥੪॥

ਪੰਡਿਤ ਉਹ ਜੋ ਸਭ ਤੋਂ ਪਹਿਲਾਂ, ਮਨ ਆਪਣਾ ਪੜਤਾਲੇ।
ਪਰਮੇਸ਼ਰ ਦੇ ਨਾਮ ਨੂੰ ਆਪਣੇ, ਮਨ ਮੰਦਰ ਚੋਂ ਭਾਲੇ।
ਰਾਮ ਨਾਮ ਦਾ ਪ੍ਰੇਮ ਪਿਆਲਾ, ਜੋ ਗਟ ਗਟ ਕਰ ਪੀਂਦਾ।
ਉਸ ਪੰਡਿਤ ਦੀ ਸਿਖਿਆ ਦੇ ਨਾਲ, ਜਗਤ ਪਸਾਰਾ ਜੀਂਦਾ।
ਵਾਹਿਗੁਰੂ ਦੀ ਸਿਫਤ ਸਲਾਹ ਨੂੰ, ਮਨ ਵਿਚ ਸਦਾ ਵਸਾਂਦਾ।
ਜਨਮ ਮਰਨ ਉਸ ਪੰਡਿਤ ਜੀ ਦਾ, ਸਦਾ ਲਈ ਕੱਟਿਆ ਜਾਂਦਾ।
ਵੇਦ ਪੁਰਾਨ ਤੇ ਸਿਮ੍ਰਤੀਆਂ ਦਾ, ਮੁੱਢ ਪਰਮੇਸ਼ਰ ਜਾਣੇ।
ਨਿਰਗੁਣ ਦੇ ਵਿਚ ਸਰਗੁਣ ਵੱਸੇ, ਭੇਦ ਇਹੋ ਪਹਿਚਾਣੇ।
ਖਤਰੀ, ਬ੍ਰਾਹਮਣ, ਸ਼ੂਦ, ਵੈਸ਼ ਨੂੰ, ਸਾਂਝੀ ਸਿਖਿਆ ਦੇਂਦਾ।
ਉਸ ਪੰਡਿਤ ਨੂੰ ਸਦਾ ਸਦਾ ਹੈ, ਜੱਗ ਪ੍ਰਣਾਮ ਕਰੇਂਦਾ।੪॥

ਬੀਜ ਮੰਤ੍ਰੁ ਸਰਬ ਕੋ ਗਿਆਨੁ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥
ਸਾਧ ਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰਧਾਰੈ॥
ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥

ਵਾਹਿਗੁਰੂ ਦੇ ਨਾਮ ਦਾ ਮੰਤ੍ਰ, ਸਭ ਲਈ ਗਿਆਨ ਭੰਡਾਰਾ।
ਚਹੁੰ ਵਰਨਾਂ ਚੋਂ ਜੋ ਭੀ ਜਪਦਾ, ਹੋਵੇ ਪਾਰ ਉਤਾਰਾ।
ਜਿਸ ਭੀ ਜੱਪਿਆ ਸੁਰਤਿ ਓਸਦੀ, ਅਰਸ਼ੀਂ ਲਾਏ ਉਡਾਰੀ।
ਐਪਰ ਸਾਧ ਸੰਗਤ ਚੋਂ ਇਸਨੂੰ, ਪਾਵੇ ਕੋਈ ਅਧਿਕਾਰੀ।
ਕਰ ਮਿਹਰੰਮਤ ਜਿਸ ਦੇ ਉਤੇ, ਹਿਰਦੇ ਨਾਂਮ ਟਿਕਾਵੇ।
ਮੂਰਖ, ਪਸ਼ੂ, ਪੱਥਰ, ਬਦ ਰੂਹ ਭੀ, ਭਵ ਸਾਗਰ ਤਰ ਜਾਵੇ।
ਸਭ ਰੋਗਾਂ ਦਾ ਦਾਰੂ ਇੱਕੋ, ਨਾਮ ਪ੍ਰਭੂ ਦਾ ਭਾਈ।
ਮੁਕਤਿ ਹੋਣ ਲਈ ਪ੍ਰਭੂ ਗੁਣ ਗਾਉਣੇ, ਹੋਵਣ ਸਦਾ ਸਹਾਈ।
ਨਾਮ ਧਰਮ ਕਿਸੇ ਢੰਗ ਤਰੀਕੇ, ਨਾਲ ਨਾ ਪਾਇਆ ਜਾਏ।
ਮਿਲੇ ਓਸਨੂੰ ਭਾਗ ਜਿਸਨੇ, ਧੁਰ ਤੋਂ ਹੋਣ ਲਿਖਾਏ।੫॥

ਜਿਸ ਕੈ ਮਨ ਪਾਰਬ੍ਰਹਮ ਕਾ ਨਿਵਾਸੁ॥
ਤਿਸ ਕਾ ਨਾਮੁ ਸਤਿ ਰਾਮਦਾਸੁ॥
ਆਤਮ ਰਾਮੁ ਤਿਸੁ ਨਦਰੀ ਆਇਆ॥
ਦਾਸ ਦਸੰਤਣ ਭਾਇ ਤਿਨਿ ਪਾਇਆ॥
ਸਦਾ ਨਿਕਟਿ ਨਿਕਟਿ ਹਰਿ ਜਾਨੁ॥
ਸੋ ਦਾਸੁ ਦਰਗਹ ਪਰਵਾਨੁ॥
ਅਪੁਨੇ ਦਾਸ ਕਉ ਆਪਿ ਕਿਰਪਾ ਕਰੈ॥
ਤਿਸੁ ਦਾਸ ਕਉ ਸਭ ਸੋਝੀ ਪਰੈ॥
ਸਗਲ ਸੰਗਿ ਆਤਮ ਉਦਾਸੁ॥
ਐਸੀ ਜੁਗਤਿ ਨਾਨਕ ਰਾਮਦਾਸੁ॥੬॥

ਜਿਸਦੇ ਸੁੱਚੇ ਹਿਰਦੇ ਦੇ ਵਿਚ, ਪਰਮੇਸ਼ਰ ਵਸ ਜਾਵੇ।
ਉਹੀ ਸੱਚਾ ਦਾਸ ਰਾਮ ਦਾ, ਜੱਗ ਦੇ ਵਿਚ ਕਹਾਵੇ।
ਆਤਮਾਂ ਵਿਚੋਂ ਪੈਂਦਾ ਉਸਨੂੰ, ਪ੍ਰਭ ਜੀ ਦਾ ਲਿਸ਼ਕਾਰਾ।
ਜਦ ਦਾਸਾਂ ਦਾ ਦਾਸ ਬਣੇ ਤਦ, ਹੋਵੇ ਪ੍ਰਭੂ ਪਿਆਰਾ।
ਹਰ ਵੇਲੇ ਉਹ ਪਾਰਬ੍ਰਹਮ ਨੂੰ, ਅੰਗ ਸੰਗ ਆਪਣੇ ਜਾਣੇ।
ਉਸਦੇ ਦਰ ਪਰਵਾਨ ਹੋਇਆਂ ਨੂੰ, ਅੱਗੇ ਮਿਲਣ ਟਿਕਾਣੇ।
ਆਪਣੇ ਦਾਸ 'ਤੇ ਆਪ ਮਿਹਰਾਂ ਦਾ, ਜਦ ਉਹ ਮੀਂਹ ਵਰਸਾਵੇ।
ਭੇਦ ਅਗੰਮ ਦੇ ਜਾਣ ਲਵੇ ਉਹ, ਐਸੀਆਂ ਸਮਝਾਂ ਪਾਵੇ।
ਰਹੇ ਸਦਾ ਨਿਰਲੇਪ ਜਗਤ ਵਿਚ, ਰੂਹ ਨਾਂ ਹੋਵੇ ਮੈਲੀ।
ਹੁੰਦੀ ਸੱਚੇ ਰਾਮਦਾਸ ਦੀ, ਐਸੀ ਜੀਵਨ ਸ਼ੈਲੀ॥੬॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥੭॥

ਰਜ਼ਾ ਪ੍ਰਭੂ ਦੀ ਹਰ ਇਕ ਰੰਗ ਵਿਚ, ਜਿਸਨੇ ਮਿੱਠੀ ਜਾਣੀ।
ਜੀਉਂਦੇ ਜੀਅ ਹੀ ਮੁਕਤੀ ਪਾਵੇ, ਐਸਾ ਜੋ ਹੈ ਪ੍ਰਾਣੀ।
ਖੁਸ਼ੀ ਗ਼ਮੀ ਵਿਚ ਰਹੇ ਬਰਾਬਰ, ਕਦੇ ਉਲਾਰ ਨਾ ਹੋਵੇ।
ਚੜ੍ਹਦੀ ਕਲਾ 'ਚ ਰਹੇ ਹਮੇਸ਼ਾਂ, ਰੋਣੇ ਕਦੇ ਨਾ ਰੋਵੇ।
ਕੰਚਨ ਵਿਚ ਤੇ ਮਿੱਟੀ ਦੇ ਵਿਚ, ਅੰਦਰੋਂ ਫਰਕ ਨਾਂ ਜਾਣੇ।
ਕੌੜਾ ਮਿੱਠਾ ਜ਼ਹਿਰ ਜਾਂ ਅੰਮ੍ਰਿਤ, ਨਾਂ ਕੋਈ ਭੇਦ ਪਛਾਣੇ।
ਇਕ ਰਸ ਵਿਚਰੇ ਆਦਰ ਹੋਵੇ, ਜਾਂ ਫਿਰ ਹੋਏ ਨਿਰਾਦਰ।
ਮੁਫ਼ਲਿਸ ਅਤੇ ਅਮੀਰ ਦੇ ਤਾਂਈਂ, ਸਮਝੇ ਇਕ ਬਰਾਬਰ।
ਰਾਜ਼ੀ ਰਹਿੰਦਾ ਪ੍ਰਭੂ ਰਜ਼ਾ ਵਿਚ, ਦਿਲ ਨਾਂ ਕਦੇ ਡੁਲਾਉਂਦਾ।
ਐਸਾ ਪੁਰਸ਼ ਹੀ ਵਿਚ ਹਯਾਤੀ, ਜੀਵਨ ਮੁਕਤਿ ਕਹਾਉਂਦਾ।੭॥

Sri Satguru Jagjit Singh Ji eLibrary NamdhariElibrary@gmail.com

ਪਾਰਬ੍ਰਹਮ ਕੇ ਸਗਲੇ ਠਾਉ ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥
ਆਪੇ ਕਰਨ ਕਰਾਵਨ ਜੋਗੁ ॥
ਪ੍ਰਭ ਭਾਵੈ ਸੋਈ ਫੁਨਿ ਹੋਗੁ ॥
ਪਸਰਿਓ ਆਪਿ ਹੋਇ ਅਨਤ ਤਰੰਗ ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥
ਜੈਸੀ ਮਤਿ ਦੇਇ ਤੈਸਾ ਪਰਗਾਸ ॥
ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥

ਸਰਗੁਣ ਰੂਪ 'ਚ ਵਾਹਿਗੁਰੂ ਦੇ, ਸਭ ਤਨ ਹੈਣ ਟਿਕਾਣੇ।
ਜਿਸ ਤਨ ਰੂਪੀ ਘਰ ਵਿਚ ਵੱਸੇ, ਤੈਸਾ ਨਾਮ ਵਖਾਣੇ।
ਉਹ ਸਮਰੱਥ ਸੁਆਮੀ ਸਭ ਕੁਝ, ਆਪੇ ਕਰੇ ਕਰਾਵੇ।
ਹੋਵੇ ਜੱਗ ਵਿਚ ਉਹੀਓ ਜਿਹੜਾ, ਮਾਲਕ ਤਾਂਈਂ ਭਾਵੇ।
ਜਲ ਦੀਆਂ ਲਹਿਰਾਂ ਵਾਂਗੂੰ ਕੀਤੇ, ਉਸਨੇ ਅਨਿਕ ਪਸਾਰੇ।
ਜਾਣ ਸਕੇ ਨਾ ਕੋਈ ਉਸਦੇ, ਕੌਤਕ ਅਜਬ ਨਿਆਰੇ।
ਜਿਤਨੀ ਬੁੱਧੀ ਕਿਸੇ ਨੂੰ ਬਖਸ਼ੇ, ਹੋਵੇ ਉਤਨਾ ਚਾਨਣ।
ਨਾਮ ਰਹਿਤ ਅਕਾਲ ਪੁਰਖ ਨੂੰ, ਪੂਰਾ ਕਿਵੇਂ ਬਿਆਨਣ।
ਵਾਹਿਗੁਰੂ ਹੈ ਦਇਆ ਦਾ ਸਾਗਰ, ਸਭ 'ਤੇ ਬਖਸ਼ਿਸ਼ ਕਰਦਾ।
ਉਸਦੀ ਯਾਦ 'ਚ ਜੁੜਿਆਂ ਸਦਾ ਹੀ, ਮੇਹਰਾਂ ਦਾ ਮੀਂਹ ਵਰ੍ਹਦਾ।੮।੯॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਉਸਤਤਿ ਕਰਹਿ ਅਨੇਕ ਜਨ
ਅੰਤੁ ਨ ਪਾਰਾਵਾਰ ॥
ਨਾਨਕ ਰਚਨਾ ਪ੍ਰਭਿ ਰਚੀ
ਬਹੁ ਬਿਧਿ ਅਨਿਕ ਪ੍ਰਕਾਰ ॥੧॥

ਅੰਤ ਨਾਂ ਆਵੇ ਜੋ ਕਰਦੇ ਨੇ,
ਪ੍ਰਭੁ ਜੀ ਦੀ ਵਡਿਆਈ।
ਕਈ ਢੰਗਾਂ ਨਾਲ ਵਾਹਿਗੁਰੂ ਨੇ,
ਇਹ ਸਭ ਸ੍ਰਿਸ਼ਟਿ ਉਪਾਈ।

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ ॥

ਕਈ ਕੋਟਿ ਹੋਏ ਪੂਜਾਰੀ ॥
ਕਈ ਕੋਟਿ ਆਚਾਰ ਬਿਉਹਾਰੀ ॥
ਕਈ ਕੋਟਿ ਭਏ ਤੀਰਥ ਵਾਸੀ ॥
ਕਈ ਕੋਟਿ ਬਨ ਭ੍ਰਮਹਿ ਉਦਾਸੀ ॥
ਕਈ ਕੋਟਿ ਬੇਦ ਕੇ ਸ੍ਰੋਤੇ ॥
ਕਈ ਕੋਟਿ ਤਪੀਸੁਰ ਹੋਤੇ ॥
ਕਈ ਕੋਟਿ ਆਤਮ ਧਿਆਨੁ ਧਾਰਹਿ ॥
ਕਈ ਕੋਟਿ ਕਬਿ ਕਾਬਿ ਬੀਚਾਰਹਿ ॥
ਕਈ ਕੋਟਿ ਨਵਤਨ ਨਾਮ ਧਿਆਵਹਿ ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥

ਪ੍ਰਭੂ ਦੀ ਪੂਜਾ ਕਰਨੇ ਵਾਲੇ, ਕਈ ਕਰੋੜ ਪੁਜਾਰੀ।
ਧਰਮ ਦੀਆਂ ਰਹੁੰ ਰੀਤਾਂ ਜਾਨਣ, ਵਾਲੇ ਪੰਡਿਤ ਭਾਰੀ।
ਕਈ ਕਰੋੜਾਂ ਤੀਰਥਾਂ ਉੱਤੇ, ਰਹਿਣ ਸਦਾ ਹੀ ਅਟਕੇ।
ਕਈ ਕਰੋੜ ਉਦਾਸੀ ਬਣਕੇ, ਜੰਗਲਾਂ ਦੇ ਵਿਚ ਭਟਕੇ।
ਕਈ ਕਰੋੜਾਂ ਸੁਣਨ ਰਿਚਾਂ ਨੂੰ, ਬਣਕੇ ਵੇਦ ਸਰੋਤੇ।
ਕਈ ਕਰੋੜਾਂ ਕਠਿਨ ਤਪਾਂ ਵਿਚ, ਰਹਿੰਦੇ ਸਦਾ ਖਲੋਤੇ।
ਕਈ ਕਰੋੜਾਂ ਸੁਰਤਿ ਆਪਣੀ, ਪ੍ਰਭੂ ਚਰਨੀਂ ਲਾ ਜਾਚਣ।
ਕਈ ਕਰੋੜਾਂ ਕਵੀ ਆਪਣੀ, ਕਵਿਤਾ ਲਿਖ ਲਿਖ ਵਾਚਣ।
ਕਈ ਕਰੋੜਾਂ ਨਿਤ ਨਵਾਂ ਹੀ, ਨਾਮ ਪ੍ਰਭੂ ਦਾ ਲੈਂਦੇ।
ਫਿਰ ਭੀ ਉਸਦਾ ਅੰਤ ਨਾਂ ਪਾਵਣ, ਪੰਜਵੇਂ ਨਾਨਕ ਕਹਿੰਦੇ॥੧॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਭਏ ਅਭਿਮਾਨੀ॥
ਕਈ ਕੋਟਿ ਅੰਧ ਅਗਿਆਨੀ॥
ਕਈ ਕੋਟਿ ਕਿਰਪਨ ਕਠੋਰ॥
ਕਈ ਕੋਟਿ ਅਭਿਗ ਆਤਮ ਨਿਕੋਰ॥
ਕਈ ਕੋਟਿ ਪਰ ਦਰਬ ਕਉ ਹਿਰਹਿ॥
ਕਈ ਕੋਟਿ ਪਰ ਦੂਖਨਾ ਕਰਹਿ॥
ਕਈ ਕੋਟਿ ਮਾਇਆ ਸ੍ਰਮ ਮਾਹਿ॥
ਕਈ ਕੋਟਿ ਪਰਦੇਸ ਭ੍ਰਮਾਹਿ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥੨॥

ਆਪਣੀ ਹੰਗਤਾ ਦੇ ਵਿਚ ਫਸੇ, ਕਈ ਕਰੋੜ ਹੰਕਾਰੀ।
ਗਿਆਨ ਵਿਹੂਣੇਂ ਅੰਦਰੋਂ ਥੋਥੇ, ਜਿਉਂ ਤਿਲ ਹੋਣ ਬੂਆੜੀ।
ਦਿਲ ਦੇ ਅਤਿ ਕਠੋਰ ਕਰੋੜਾਂ, ਪਏ ਕੰਜੂਸ ਨੇ ਫਿਰਦੇ।
ਊਣੇ ਝੂਣੇ ਦਇਆ ਵਿਹੂਣੇ, ਪੱਥਰਾਂ ਵਰਗੇ ਹਿਰਦੇ।
ਕਈ ਕਰੋੜਾਂ ਧਨ ਠੱਗਣ ਲਈ, ਫਿਰਨ ਮਾਰਦੇ ਠੱਗੀਆਂ।
ਚੁਗਲੀ ਨਿੰਦਿਆਂ ਵਿਚ ਕਰੋੜਾਂ, ਮਨੁੱਖਾਂ ਜੀਭਾਂ ਲੱਗੀਆਂ।
ਧਨ ਦੀ ਖਾਤਰ ਕਈ ਕਰੋੜਾਂ, ਮਿਹਨਤ ਕਰਨ ਹਮੇਸ਼ਾਂ।
ਇਸ ਮਾਇਆ ਮੋਹਣੀ ਦੇ ਮੋਹੇ, ਭਟਕਣ ਵਿਚ ਪਰਦੇਸਾਂ।
ਜਿਸ ਥਾਂਹ ਲਾਇਆ ਜੀਵਾਂ ਤਾਂਈਂ, ਉਹ ਲੱਗੇ ਹਨ ਰਹਿੰਦੇ।
ਆਪਣੀ ਕਿਰਤ ਨੂੰ ਕਰਤਾ ਜਾਣੇ, ਪੰਜਵੇਂ ਨਾਨਕ ਕਹਿੰਦੇ।੨॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਸਿਧ ਜਤੀ ਜੋਗੀ॥
ਕਈ ਕੋਟਿ ਰਾਜੇ ਰਸ ਭੋਗੀ॥
ਕਈ ਕੋਟਿ ਪੰਖੀ ਸਰਪ ਉਪਾਏ॥
ਕਈ ਕੋਟਿ ਪਾਥਰ ਬਿਰਖ ਨਿਪਜਾਏ॥
ਕਈ ਕੋਟਿ ਪਵਣ ਪਾਣੀ ਬੈਸੰਤਰ॥
ਕਈ ਕੋਟਿ ਦੇਸ ਭੂ ਮੰਡਲ॥
ਕਈ ਕੋਟਿ ਸਸੀਅਰ ਸੂਰ ਨਖੵਤ੍ਰ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥੩॥

ਕਈ ਕਰੋੜਾਂ ਧਰਮੀਂ ਜੀਉੜੇ, ਆਪਣਾ ਮੂਲ ਪਛਾਨਣ।
ਕਈ ਕਰੋੜਾਂ ਹੋ ਕੇ ਰਾਜੇ, ਭੋਗਾਂ ਦੇ ਰਸ ਮਾਨਣ।
ਪੈਦਾ ਕੀਤੇ ਕਈ ਕਰੋੜਾਂ, ਉੱਡਣ ਤੇ ਰੀਂਗਣ ਵਾਲੇ।
ਕਈ ਕਰੋੜਾਂ ਰੁੱਖ ਤੇ ਪੱਥਰ, ਪਰਬਤ ਕਈ ਹਿਮਾਲੇ।
ਕਈ ਕਰੋੜਾਂ ਅੱਗ ਤੇ ਪਾਣੀ, ਕਈ ਕਰੋੜ ਹਵਾਵਾਂ।
ਧਰਤੀਆਂ, ਉਪ-ਗ੍ਰਹਿ ਕਰੋੜਾਂ, ਕਿਸ ਕਿਸ ਤਾਈਂ ਗਿਣਾਵਾਂ।
ਇਸ ਬ੍ਰਹਮੰਡ ਵਿਚ ਕਈ ਕਰੋੜਾਂ, ਚੰਦ ਸੂਰਜ ਤੇ ਤਾਰੇ।
ਰਾਖਸ਼, ਦੇਵਤੇ ਕਈ ਕਰੋੜਾਂ, ਇੰਦਰ ਛੱਤ੍ਰ ਝੁਲਾਰੇ।
ਸਾਰੀ ਰਚਨਾਂ ਪ੍ਰਭ ਨੇ ਆਪਣੇ, ਧਾਗੇ ਵਿਚ ਪਰੋਈ।
ਜੋ ਜੋ ਉਸਨੂੰ ਚੰਗਾ ਲਗਦਾ, ਤਰ ਜਾਂਦਾ ਹੈ ਸੋਈ॥੩॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਰਾਜਸ ਤਾਮਸ ਸਾਤਕ॥
ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ॥
ਕਈ ਕੋਟਿ ਕੀਏ ਰਤਨ ਸਮੁਦ॥
ਕਈ ਕੋਟਿ ਨਾਨਾ ਪ੍ਰਕਾਰ ਜੰਤ॥
ਕਈ ਕੋਟਿ ਕੀਏ ਚਿਰ ਜੀਵੇ॥
ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ॥
ਕਈ ਕੋਟਿ ਜਖ੍ਯ ਕਿੰਨਰ ਪਿਸਾਚ॥
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥
ਸਭ ਤੇ ਨੇਰੈ ਸਭਹੂ ਤੇ ਦੂਰਿ॥
ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ॥੪॥

ਕਈ ਕਰੋੜਾਂ ਰਜ ਗੁਣ, ਤਮ ਗੁਣ, ਸਤ ਗੁਣ ਵਾਲੇ ਪ੍ਰਾਣੀ।
ਸ਼ਾਸਤ੍ਰ, ਵੇਦਾਂ, ਪੁਰਾਨ, ਸਿਮ੍ਰਤੀਆਂ, ਪੜ੍ਹਨ ਦੇਵ ਜੋ ਬਾਣੀ।
ਵਿਚ ਸਮੁੰਦਰਾਂ ਰਤਨ ਕਰੋੜਾਂ, ਅੰਤ ਨਾ ਕੋਈ ਆਏ।
ਕਈ ਕਰੋੜਾਂ ਤਰ੍ਹਾਂ ਤਰ੍ਹਾਂ ਦੇ, ਜੰਤੂ ਜੀਵ ਬਣਾਏ।
ਲੰਮੀਆਂ ਉਮਰਾਂ ਭੋਗਣ ਵਾਲੇ, ਜੀਵ ਨੇ ਕਈ ਕਰੋੜਾਂ।
ਪਰਬਤ ਸੋਨ ਸੁਨਿਹਰੇ ਕੇਈ, ਔਣ ਕਦੇ ਨਾਂ ਥੋੜਾਂ।
ਜਖ, ਪਿਸਾਚ ਤੇ ਕਿੰਨਰ ਕਰੋੜਾਂ, ਦੇਵਤਿਆਂ ਦੀਆਂ ਜ਼ਾਤਾਂ।
ਭੂਤ, ਪ੍ਰੇਤ, ਸੂਰ, ਸ਼ੇਰ, ਹਨ, ਕਈ ਕਰੋੜ ਆਫਾਤਾਂ।
ਸਭ ਦੇ ਕੋਲੇ, ਪਰੇ ਭੀ ਸਭ ਤੋਂ, ਭੇਦ ਨਾਂ ਕੋਈ ਜਾਣੇ।
ਹੈ ਨਿਰਲੇਪ ਤੇ ਵਰਤੇ ਸਭ ਵਿਚ, ਵਿਰਲਾ ਰਮਜ਼ ਪਛਾਣੇ॥੪॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਪਾਤਾਲ ਕੇ ਵਾਸੀ॥
ਕਈ ਕੋਟਿ ਨਰਕ ਸੁਰਗ ਨਿਵਾਸੀ॥
ਕਈ ਕੋਟਿ ਜਨਮਹਿ ਜੀਵਹਿ ਮਰਹਿ॥
ਕਈ ਕੋਟਿ ਬਹੁ ਜੋਨੀ ਫਿਰਹਿ॥
ਕਈ ਕੋਟਿ ਬੈਠਤ ਹੀ ਖਾਹਿ॥
ਕਈ ਕੋਟਿ ਘਾਲਹਿ ਥਕਿ ਪਾਹਿ॥
ਕਈ ਕੋਟਿ ਕੀਏ ਧਨਵੰਤ॥
ਕਈ ਕੋਟਿ ਮਾਇਆ ਮਹਿ ਚਿੰਤ॥
ਜਹ ਜਹ ਭਾਣਾ ਤਹ ਤਹ ਰਾਖੇ॥
ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥੫॥

ਕਈ ਕਰੋੜਾਂ ਧਰਤੀ ਹੇਠਾਂ, ਜੀਵ ਪਤਾਲੀਂ ਵੱਸਦੇ।
ਕਈ ਕਰੋੜਾਂ ਨਰਕ 'ਚ ਰੋਂਦੇ, ਕਈ ਸੁਰਗਾਂ ਵਿਚ ਹੱਸਦੇ।
ਕਈ ਕਰੋੜਾਂ ਜੰਮਦੇ, ਜੀਉਂਦੇ, ਮੌਤ ਆਈ ਮਰ ਜਾਂਦੇ।
ਕਈ ਕਰੋੜਾਂ ਹੋਰ ਜੂਨਾਂ ਵਿਚ, ਫਿਰਦੇ ਦੁੱਖੜੇ ਪਾਂਦੇ।
ਕੰਮ ਨਾਂ ਕਰਦੇ ਵਿਹਲੇ ਰਹਿੰਦੇ, ਬੈਠੇ ਖਾਣ ਕਰੋੜਾਂ।
ਕਈ ਥੱਕ ਜਾਂਦੇ ਮਿਹਨਤ ਕਰਦੇ, ਫਿਰ ਥੋੜਾਂ ਦੀਆਂ ਥੋੜਾਂ।
ਖੇਡਣ ਮਾਇਆ ਵਿਚ ਕਰੋੜਾਂ, ਧਨੀ ਜਿਨ੍ਹਾਂ ਨੂੰ ਕਹਿੰਦੇ।
ਕਈ ਵਿਚਾਰੇ ਇਸ ਧਨ ਖਾਤਰ, ਫਿਕਰਾਂ ਦੇ ਵਿਚ ਰਹਿੰਦੇ।
ਜਿਥੇ ਰੱਖੇ ਰਹਿਣਾ ਪੈਂਦਾ, ਵਿਚ ਮਾਲਕ ਦੇ ਭਾਣੇ।
ਉਸਦੇ ਹੱਥ ਵਿਚ ਡੋਰ ਅਸਾਡੀ, ਉਹ ਪ੍ਰਭ ਸਭ ਕੁਝ ਜਾਣੇ।੫॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਭਏ ਬੈਰਾਗੀ॥
ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥
ਕਈ ਕੋਟਿ ਪ੍ਰਭ ਕਉ ਖੋਜੰਤੇ॥
ਆਤਮ ਮਹਿ ਪਾਰਬ੍ਰਹਮ ਲਹੰਤੇ॥
ਕਈ ਕੋਟਿ ਦਰਸਨ ਪ੍ਰਭ ਪਿਆਸ॥
ਤਿਨ ਕਉ ਮਿਲਿਓ ਪ੍ਰਭੁ ਅਬਿਨਾਸ॥
ਕਈ ਕੋਟਿ ਮਾਗਹਿ ਸਤਸੰਗੁ॥
ਪਾਰਬ੍ਰਹਮ ਤਿਨ ਲਾਗਾ ਰੰਗੁ॥
ਜਿਨ ਕਉ ਹੋਏ ਆਪਿ ਸੁਪ੍ਰਸੰਨ॥
ਨਾਨਕ ਤੇ ਜਨ ਸਦਾ ਧਨਿ ਧੰਨਿ॥੬॥

ਛੱਡ ਘਰ ਬਾਰ ਬਣੇ ਵੈਰਾਗੀ, ਜੱਗ ਵਿਚ ਕਈ ਕਰੋੜੀਂ।
ਪਰਮੇਸ਼ਰ ਦੇ ਨਾਮ 'ਚ ਉਹਨਾਂ, ਸੁਰਤਿ ਆਪਣੀ ਜੋੜੀ।
ਕਈ ਕਰੋੜਾਂ ਬਣਕੇ ਖੋਜੀ, ਵਹਿਗੁਰੂ ਨੂੰ ਲੱਭਦੇ।
ਇਕ ਦਿਨ ਆਪਣੀ ਆਤਮਾਂ ਵਿਚੋਂ, ਦਰਸ਼ਨ ਕਰਦੇ ਰੱਬ ਦੇ।
ਕਈ ਕਰੋੜਾਂ ਪ੍ਰਭੂ ਦੀਦ ਲਈ, ਫਿਰਦੇ ਨੇ ਤ੍ਰਿਹਾਏ।
ਦਿਲ ਦੀ ਇਛਿਆ ਪੂਰੀ ਹੋਈ, ਪ੍ਰਭ ਅਬਿਨਾਸੀ ਪਾਏ।
ਕਈ ਕਰੋੜਾਂ ਸਤਪੁਰਸ਼ਾਂ ਦੀ, ਸੰਗਤ ਨੂੰ ਹਨ ਮੰਗਦੇ।
ਤਨ ਦੇ ਚੋਲੇ ਜਿਨ੍ਹਾਂ ਰੰਗਾਏ, ਨਾਮ ਮਜੀਠੀ ਰੰਗਦੇ।
ਖੁਸ਼ ਹੋਵਣ ਜਿਸ ਉੱਪਰ ਬਹੁਤੇ, ਮੇਰੇ ਪ੍ਰਭੂ ਪਿਆਰੇ।
ਸਫਲ ਤਿਨ੍ਹਾਂ ਦਾ ਜੱਗ 'ਤੇ ਆਉਣਾ, ਧੰਨ ਧੰਨ ਆਖਣ ਸਾਰੇ॥੬॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਖਾਣੀ ਅਰੁ ਖੰਡ॥
ਕਈ ਕੋਟਿ ਅਕਾਸ ਬ੍ਰਹਮੰਡ॥
ਕਈ ਕੋਟਿ ਹੋਏ ਅਵਤਾਰ॥
ਕਈ ਜੁਗਤਿ ਕੀਨੋ ਬਿਸਥਾਰ॥
ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਇਕੁ ਏਕੰਕਾਰ॥
ਕਈ ਕੋਟਿ ਕੀਨੇ ਬਹੁ ਭਾਤਿ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
ਤਾ ਕਾ ਅੰਤੁ ਨ ਜਾਨੈ ਕੋਇ॥
ਆਪੇ ਆਪਿ ਨਾਨਕ ਪ੍ਰਭੁ ਸੋਇ॥੭॥

ਕਈ ਕਰੋੜਾਂ ਜੰਮਣ ਸੋਮੇ, ਕਈ ਧਰਤੀ ਦੇ ਹਿੱਸੇ।
ਕਈ ਕਰੋੜਾਂ ਆਸਮਾਨ ਤੇ, ਬ੍ਰਹਮੰਡ ਨੇ ਅਣ ਦਿੱਸੇ।
ਇਸ ਸ੍ਰਿਸ਼ਟੀ ਵਿਚ ਕਈ ਕਰੋੜਾਂ, ਜੀਵਾਂ ਤਾਂਈ ਉਪਾਇਆ।
ਕਈ ਢੰਗਾਂ ਦੇ ਨਾਲ ਪ੍ਰਭੂ ਨੇ, ਆਪਣਾ ਆਪ ਫੈਲਾਇਆ।
ਕਈ ਕਰੋੜਾਂ ਵਾਰੀ ਕੀਤਾ, ਆਪਣਾ ਪ੍ਰਭੂ ਪਸਾਰਾ।
ਮੁੱਢ ਤੋਂ ਇਕੋ ਹੈ ਹਮੇਸ਼ਾਂ, ਇਹ ਜੱਗ ਸਿਰਜਣ ਹਾਰਾ।
ਕਈ ਢੰਗਾਂ ਦੇ ਨਾਲ ਕਰੋੜਾਂ, ਵਾਰੀ ਜਗਤ ਉਪਾਇਆ।
ਪ੍ਰਭ ਜੀ ਤੋਂ ਜੋ ਪੈਦਾ ਹੋਇਆ, ਪ੍ਰਭੁ ਜੀ ਵਿਚ ਸਮਾਇਆ।
ਕੌਤਕ ਅਜਬ ਨੇ ਵਾਹਿਗੁਰੂ ਦੇ, ਅੰਤ ਨਾ ਕੋਈ ਜਾਣੇ।
ਕਰਤਾ ਆਪਣੀ ਕਿਰਤ 'ਚ ਵੱਸੇ, ਵਿਰਲੀ ਅੱਖ ਪਹਿਚਾਣੇ।੭॥

Sri Satguru Jagjit Singh Ji eLibrary NamdhariElibrary@gmail.com

ਕਈ ਕੋਟਿ ਪਾਰਬ੍ਰਹਮ ਕੇ ਦਾਸ॥
ਤਿਨ ਹੋਵਤ ਆਤਮ ਪਰਗਾਸ॥
ਕਈ ਕੋਟਿ ਤਤ ਕੇ ਬੇਤੇ॥
ਸਦਾ ਨਿਹਾਰਹਿ ਏਕੋ ਨੇਤ੍ਰੇ॥
ਕਈ ਕੋਟਿ ਨਾਮ ਰਸੁ ਪੀਵਹਿ॥
ਅਮਰ ਭਏ ਸਦ ਸਦ ਹੀ ਜੀਵਹਿ॥
ਕਈ ਕੋਟਿ ਨਾਮ ਗੁਨ ਗਾਵਹਿ॥
ਆਤਮ ਰਸਿ ਸੁਖਿ ਸਹਜਿ ਸਮਾਵਹਿ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥
ਨਾਨਕ ਓਇ ਪਰਮੇਸੁਰ ਕੇ ਪਿਆਰੇ॥੮॥੧੦॥

ਕਈ ਕਰੋੜਾਂ ਵਾਹਿਗੁਰੂ ਦੇ, ਸੇਵਕ ਨਾਮ ਧਿਆਕੇ।
ਨੂਰੈ ਨੂਰ ਰੂਹਾਂ ਨੂੰ ਕਰ ਗਏ, ਗਿਆਨ ਦਾ ਚਾਨਣ ਪਾਕੇ।
ਕਈ ਕਰੋੜਾਂ ਜਿਹਨਾਂ ਜਗਤ ਦੀ, ਅਸਲੀਅਤ ਨੂੰ ਜਾਤਾ।
ਇਕ ਨਜ਼ਰ ਨਾਲ ਦੇਖਣ ਸਭ ਨੂੰ, ਜਦ ਤੋਂ ਪ੍ਰਭੂ ਪਛਾਤਾ।
ਨਾਮ ਰਸ ਪੀ ਕਈ ਕਰੋੜਾਂ, ਜਾਂ ਮਤਵਾਲੇ ਹੋਏ।
ਹੋ ਗਏ ਅਮਰ ਸਦਾ ਲਈ, ਮੁੱੜਕੇ ਨਾਂ ਜੰਨਮੇ ਨਾਂ ਮੋਏ।
ਕਈ ਕਰੋੜਾਂ ਕੀਰਤਨ ਕਰਕੇ, ਰਾਮ ਨਾਮ ਗੁਣ ਗਾਉਂਦੇ।
ਸਹਜ ਅਵੱਸਥਾ ਦੇ ਵਿਚ ਟਿੱਕਕੇ, ਆਤਮ ਰਸ ਸੁੱਖ ਪਾਉਂਦੇ।
ਹਰ ਦਮ ਕਰੇ ਸੰਭਾਲ ਉਹਨਾਂ ਦੀ, ਕਾਰਜ ਸਭੇ ਸਵਾਰੇ।
ਪੰਜਵੇਂ ਨਾਨਕ ਕਹਿੰਦੇ ਜੋ ਹਨ, ਵਾਹਿਗੁਰੂ ਦੇ ਪਿਆਰੇ।੮॥੧੦॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਕਰਣ ਕਾਰਣ ਪ੍ਰਭੁ ਏਕੁ ਹੈ
ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ
ਜਲਿ ਥਲਿ ਮਹੀਅਲਿ ਸੋਇ ॥੧ ॥

ਇਸ ਸ੍ਰਿਸ਼ਟੀ ਦਾ ਸਿਰਜਣਹਾਰਾ,
ਪ੍ਰਭ ਬਿਨ ਹੋਰ ਨਾਂ ਪਿਆਰੇ।
ਪਾਣੀ, ਧਰਤਿ, ਪੁਲਾੜ, 'ਚ ਜੋ ਹੈ,
ਉਸ ਤੋਂ ਸਦ ਬਲਿਹਾਰੇ।੧ ॥

Sri Satguru Jagjit Singh Ji eLibrary NamdhariElibrary@gmail.com

ਅਸਟਪਦੀ॥

ਕਰਨ ਕਰਾਵਨ ਕਰਨੈ ਜੋਗੁ॥
ਜੋ ਤਿਸੁ ਭਾਵੈ ਸੋਈ ਹੋਗੁ॥
ਖਿਨ ਮਹਿ ਥਾਪਿ ਉਥਾਪਨਹਾਰਾ॥
ਅੰਤ ਨਹੀ ਕਿਛੁ ਪਾਰਾਵਾਰਾ॥
ਹੁਕਮੇ ਧਾਰਿ ਅਧਰ ਰਹਾਵੈ॥
ਹੁਕਮੇ ਉਪਜੈ ਹੁਕਮਿ ਸਮਾਵੈ॥
ਹੁਕਮੇ ਊਚ ਨੀਚ ਬਿਉਹਾਰ॥
ਹੁਕਮੇ ਅਨਿਕ ਰੰਗ ਪਰਕਾਰ॥
ਕਰਿ ਕਰਿ ਦੇਖੈ ਅਪਨੀ ਵਡਿਆਈ॥
ਨਾਨਕ ਸਭ ਮਹਿ ਰਹਿਆ ਸਮਾਈ॥੧॥

ਵਾਹਿਗੁਰੂ ਹੈ ਇਸ ਜੱਗ ਉਤੇ, ਸਭ ਕੁਝ ਕਰਣੇਹਾਰਾ।
ਜੋ ਉਹ ਚਾਹਵੇ, ਉਹੀਓ ਹੋਵੇ, ਉਸਦਾ ਖੇਲ ਨਿਆਰਾ।
ਇਕ ਖਿਨ ਦੇ ਵਿਚ, ਸਭ ਕੁਝ ਸਾਜੇ, ਦੂਜੇ ਵਿਚ ਸਭ ਢਾਹਵੇ।
ਗਿਣਤੀ ਮਿਣਤੀ ਓਸ ਪ੍ਰਭੂ ਦੀ, ਨਾਂ ਕੋਈ ਕਰ ਪਾਵੇ।
ਬਿਨਾਂ ਆਸਰੇ ਹੁਕਮ ਦੇ ਅੰਦਰ, ਉਸਨੇ ਜਗਤ ਟਿਕਾਇਆ।
ਹੁਕਮ 'ਚ ਜਿਸਨੂੰ ਸਾਜਿਆ, ਉਸਨੂੰ ਹੁਕਮ 'ਚ ਮਾਰ ਮੁਕਾਇਆ।
ਹੁਕਮ 'ਚ ਉੱਚਾ ਹੁਕਮ 'ਚ ਨੀਵਾਂ, ਚਲਦਾ ਇੰਜ ਵਰਤਾਰਾ।
ਕਈ ਰੰਗਾਂ ਦਾ ਹੁਕਮ ਦੇ ਅੰਦਰ, ਕੀਤਾ ਪ੍ਰਭੂ ਪਸਾਰਾ।
ਆਪਣੀ ਕੁਦਰਤ ਸਾਜ ਕੇ ਕਰਤਾ, ਵੇਖੇ ਤੇ ਵਿਗਸਾਵੇ।
ਹਰ ਕਿਣਕੇ ਵਿਚ ਵਾਹਿਗੁਰੂ ਦਾ, ਜਲਵਾ ਨਜ਼ਰੀਂ ਆਵੇ।੧॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥
ਪ੍ਰਭ ਭਾਵੈ ਤਾ ਪਾਥਰ ਤਰਾਵੈ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥
ਪ੍ਰਭ ਭਾਵੈ ਤਾ ਪਤਿਤ ਉਧਾਰੈ॥
ਆਪਿ ਕਰੈ ਆਪਨ ਬੀਚਾਰੈ॥
ਦੁਹਾ ਸਿਰਿਆ ਕਾ ਆਪਿ ਸੁਆਮੀ॥
ਖੇਲੈ ਬਿਗਸੈ ਅੰਤਰਜਾਮੀ॥
ਜੋ ਭਾਵੈ ਸੋ ਕਾਰ ਕਰਾਵੈ॥
ਨਾਨਕ ਦ੍ਰਿਸਟੀ ਅਵਰੁ ਨ ਆਵੈ॥੨॥

ਬੰਧਨ ਮੁਕਤਿ ਕਰੇ ਬੰਦੇ ਨੂੰ, ਜੇ ਪ੍ਰਭ ਜੀ ਨੂੰ ਭਾਵੇ।
ਬੱਜਰ ਪਾਪੀ, ਪੱਥਰਾਂ ਵਰਗਾ, ਪ੍ਰਭੁ ਚਾਹੇ ਤਰ ਜਾਵੇ।
ਪ੍ਰਭ ਚਾਹੇ ਤਾਂ ਬਿਨਾ ਸਵਾਸੋਂ, ਮਰਦਾ ਜੀਵ ਬਚਾਵੇ।
ਜੇ ਕਰ ਉਸਦੀ ਰਹਿਮਤ ਹੋਵੇ, ਹਰਿ ਜਨ ਹਰਿ ਗੁਣ ਗਾਵੇ।
ਪ੍ਰਭ ਚਾਹੇ ਤਾਂ ਪਤਿਤ ਬੰਦੇ, ਨੂੰ ਭੀ ਪਾਰ ਲੰਘਾਵੇ।
ਆਪਣੇ ਬਾਰੇ ਆਪ ਹੀ ਜਾਣੇ, ਸਾਨੂੰ ਸਮਝ ਨਾਂ ਆਵੇ।
ਇੱਥੇ ਉੱਥੇ ਦੋਹੀਂ ਜਹਾਨੀਂ, ਮਾਲਕ ਆਪ ਕਹਾਵੇ।
ਅੰਤਰ ਜਾਮੀ ਖੇਡ ਕੇ ਖੇਡਾਂ, ਆਪੇ ਹੀ ਵਿਗਸਾਵੇ।
ਜਿਉਂ ਚਾਹੇ ਉਹ, ਜੀਵਾਂ ਕੋਲੋਂ, ਆਪਣੀ ਕਾਰ ਕਰਾਵੇ।
ਉਸ ਵਰਗਾ ਕੋਈ ਹੋਰ ਨਾਂ ਦੂਜਾ, ਨਜ਼ਰੀਂ ਕਿਧਰੇ ਆਵੇ।੨॥

ਕਹੁ ਮਾਨੁਖ ਤੇ ਕਿਆ ਹੋਇ ਆਵੈ॥
ਜੋ ਤਿਸੁ ਭਾਵੈ ਸੋਈ ਕਰਾਵੈ॥
ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥
ਜੋ ਤਿਸੁ ਭਾਵੈ ਸੋਈ ਕਰੇਇ॥
ਅਨਜਾਨਤ ਬਿਖਿਆ ਮਹਿ ਰਚੈ॥
ਜੇ ਜਾਨਤ ਆਪਨ ਆਪ ਬਚੈ॥
ਭਰਮੇ ਭੂਲਾ ਦਹ ਦਿਸਿ ਧਾਵੈ॥
ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥
ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥
ਨਾਨਕ ਤੇ ਜਨ ਨਾਮਿ ਮਿਲੇਇ॥੩॥

ਆਪਣੀ ਮਰਜ਼ੀ ਦੇ ਨਾਲ ਬੰਦਾ, ਕੁਝ ਭੀ ਕਰ ਨਾ ਪਾਵੇ।
ਉਹੀਓ ਹੁੰਦਾ ਜੱਗ ਦੇ ਉੱਤੇ, ਜੋ ਮਾਲਕ ਨੂੰ ਭਾਵੇ।
ਜੇ ਬੰਦੇ ਦੇ ਹੱਥ ਵੱਸ ਹੋਵੇ, ਸਭ ਕੁਝ ਸਾਂਭੇ ਆਪੇ।
ਇਹ ਤਾਂ ਪ੍ਰਭ ਦੇ ਹੱਥ ਦੀ ਪੁਤਲੀ, ਜਿਵੇਂ ਨਚਾਵੇ ਨਾਚੇ।
ਬੇ-ਸਮਝੀ ਵਿਚ, ਜ਼ਹਿਰ ਦੇ ਤਾਂਈ, ਖੰਡ ਸਮਝਕੇ ਫੱਕੇ।
ਜੇ ਅਸਲੀਅਤ ਤਾਂਈਂ ਸਮਝੇ, ਤਾਂ ਹੀ ਇਹ ਬਚ ਸੱਕੇ।
ਭਟਕਿਆ ਹੋਇਆ ਦਸਾਂ ਦਿਸ਼ਾਂ ਵਿਚ, ਹਰ ਥਾਂ ਧੱਕੇ ਖਾਵੇ।
ਅੱਖ ਪਲਕਾਰੇ ਵਿਚ ਚੰਚਲ ਮਨ, ਚਹੁੰ ਕੁੰਟੀ ਫਿਰ ਆਵੇ।
ਕਰ ਮਿਹਰੰਮਤ ਜਿਸ ਨੂੰ ਆਪਣੀ, ਭਗਤੀ ਦੇ ਵਿਚ ਲਾਵੇ।
ਦਾਤ ਬਖਸ਼ਕੇ ਨਾਂਮ ਦੀ ਉਸਨੂੰ, ਆਪਣੇ ਨਾਮ ਮਿਲਾਵੇ॥੩॥

Sri Satguru Jagjit Singh Ji eLibrary NamdhariElibrary@gmail.com

ਖਿਨ ਮਹਿ ਨੀਚ ਕੀਟ ਕਉ ਰਾਜ॥
ਪਾਰਬ੍ਰਹਮ ਗਰੀਬ ਨਿਵਾਜ॥
ਜਾ ਕਾ ਦ੍ਰਿਸਟਿ ਕਛੂ ਨ ਆਵੈ॥
ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ॥
ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥
ਜੀਉ ਪਿੰਡੁ ਸਭ ਤਿਸ ਕੀ ਰਾਸਿ॥
ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ॥
ਅਪਨੀ ਬਣਤ ਆਪਿ ਬਨਾਈ॥
ਨਾਨਕ ਜੀਵੈ ਦੇਖਿ ਬਡਾਈ॥੪॥

'ਕੀੜਾ ਥਾਪ ਦਏ ਪਾਤਿਸ਼ਾਹੀ', ਪ੍ਰਭ ਜੀ ਅੱਖ ਪਲਕਾਰੇ।
"ਗਰੀਬ ਨਿਵਾਜ਼ ਗੁਸਈਆਂ ਮੇਰਾ", ਨੀਵਿਆਂ ਨੂੰ ਸਤਿਕਾਰੇ।
ਹੋਵੇ ਕੋਈ ਔਕਾਤ ਨਾਂ ਜਿਸਦੀ, ਨਾਂ ਜਾਣੇ ਪਹਿਚਾਣੇ।
ਹਰ ਕੋਈ ਦਸਾਂ ਦਿਸ਼ਾਂ ਵਿਚ ਇੱਕ ਦਮ, ਨਾਮ ਓਸਦਾ ਜਾਣੇ।
ਜਿਸਨੂੰ ਰਹਿਮਤ ਭਰੀਆਂ ਨਜ਼ਰਾਂ, ਨਾਲ ਪ੍ਰਭੂ ਜੀ ਵੇਖੇ।
ਜੱਗ ਦਾ ਮਾਲਕ ਵਿਚ ਦਰਗਾਹ ਦੇ, ਉਸਦੇ ਪੁੱਛੇ ਨਾ ਲੇਖੇ।
ਜਿੰਦ ਜਾਨ ਤਨ ਉਸਦੀ ਪੂੰਜੀ, ਜਿਸਦਾ ਜਗਤ ਪਸਾਰਾ।
ਉਸਦੀ ਜੋਤਿ ਦਾ ਹਰ ਹਿਰਦੇ ਵਿਚ, ਵੱਜਦਾ ਹੈ ਲਿਸ਼ਕਾਰਾ।
ਸਰਗੁਣ ਰੂਪ 'ਚ ਸਾਜ ਆਪ ਨੂੰ, ਇਹ ਖੁਸ਼ੀਆਂ ਦੇ ਖੀਵੇ।
ਉਸਦੀਆਂ ਤੱਕ ਵਡਿਆਈਆਂ ਤਾਂਈਂ, ਪੰਜਵਾਂ ਨਾਨਕ ਜੀਵੇ।੪॥

Sri Satguru Jagjit Singh Ji eLibrary NamdhariElibrary@gmail.com

ਇਸ ਕਾ ਬਲੁ ਨਾਹੀ ਇਸੁ ਹਾਥ॥
ਕਰਨ ਕਰਾਵਨ ਸਰਬ ਕੋ ਨਾਥ॥
ਆਗਿਆਕਾਰੀ ਬਪੁਰਾ ਜੀਉ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ॥
ਕਬਹੂ ਊਚ ਨੀਚ ਮਹਿ ਬਸੈ॥
ਕਬਹੂ ਸੋਗ ਹਰਖ ਰੰਗਿ ਹਸੈ॥
ਕਬਹੂ ਨਿੰਦ ਚਿੰਦ ਬਿਉਹਾਰ॥
ਕਬਹੂ ਊਭ ਅਕਾਸ ਪਇਆਲ॥
ਕਬਹੂ ਬੇਤਾ ਬ੍ਰਹਮ ਬੀਚਾਰ॥
ਨਾਨਕ ਆਪਿ ਮਿਲਾਵਣਹਾਰ॥੫॥

ਇਸਦੀ ਆਪਣੀ ਤਾਕਤ ਨਾਹੀਂ, ਨਿਰਬਲ ਜੀਵ ਵਿਚਾਰਾ।
ਸਭ ਦਾ ਮਾਲਕ ਵਾਹਿਗੁਰੂ ਹੀ, ਸਭ ਕੁਝ ਕਰਣੇ ਹਾਰਾ।
ਜੀਵ ਤਾਂ ਉਸਦੇ ਹੁਕਮ ਦੇ ਅੰਦਰ, ਬੱਧਾ ਕਾਰ ਕਮਾਵੇ।
ਉਹੀਓ ਹੋਵੇ ਇਸਦੇ ਕੋਲੋਂ, ਜੋ ਪਰਮੇਸ਼ਰ ਚਾਹਵੇ।
ਕਦੇ ਆਚਰਨ ਦਾ ਉੱਚਾ ਹੋਵੇ, ਕਦੇ ਇਹ ਨੀਵਾਂ ਹੋਵੇ।
ਖੁਸ਼ੀਆਂ ਵਿਚ ਕਦੇ ਹੱਸੇ ਖੇਡੇ, ਕਦੇ ਗਮਾਂ ਵਿਚ ਰੋਵੇ।
ਕਦੇ ਇਹ ਨਿੰਦਿਆ ਚੁਗਲੀ ਕਰ ਕਰ, ਮੈਲ ਕਿਸੇ ਦੀ ਲਾਹਵੇ।
ਅੰਬਰੀਂ ਕਦੇ ਉਡਾਰੀ ਲਾਵੇ, ਕਦੇ ਪਤਾਲੀਂ ਧਾਵੇ।
ਵਾਹਿਗੁਰੂ ਨੂੰ ਜਾਨਣ ਦੇ ਲਈ, ਕਦੇ ਬਣੇ ਤੱਤ ਖੋਜੀ।
ਆਪ ਵਿਛੋੜੇ ਆਪੇ ਮੇਲੇ, ਪ੍ਰੀਤਮ ਮੇਰਾ ਚੋਜੀ॥੫॥

Sri Satguru Jagjit Singh Ji eLibrary NamdhariElibrary@gmail.com

ਕਬਹੂ ਨਿਰਤਿ ਕਰੈ ਬਹੁ ਭਾਤਿ॥
ਕਬਹੂ ਸੋਇ ਰਹੈ ਦਿਨੁ ਰਾਤਿ॥
ਕਬਹੂ ਮਹਾ ਕ੍ਰੋਧ ਬਿਕਰਾਲ॥
ਕਬਹੂੰ ਸਰਬ ਕੀ ਹੋਤ ਰਵਾਲ॥
ਕਬਹੂ ਹੋਇ ਬਹੈ ਬਡ ਰਾਜਾ॥
ਕਬਹੁ ਭੇਖਾਰੀ ਨੀਚ ਕਾ ਸਾਜਾ॥
ਕਬਹੂ ਅਪਕੀਰਤਿ ਮਹਿ ਆਵੈ॥
ਕਬਹੂ ਭਲਾ ਭਲਾ ਕਹਾਵੈ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥
ਗੁਰ ਪ੍ਰਸਾਦਿ ਨਾਨਕ ਸਚੁ ਕਹੈ॥੬॥

ਤਰ੍ਹਾਂ ਤਰ੍ਹਾਂ ਦੇ ਨਾਚ ਕਰੇ ਜਦ, ਚੰਚਲਤਾ ਵਿਚ ਆਵੇ।
ਸੁੱਤਾ ਵਿਚ ਅਗਿਆਨ ਕਦੇ ਇਹ, ਅੱਠੇ ਪਹਰ ਬਿਤਾਵੇ।
ਕਦੇ ਕਰੋਧ 'ਚ ਮੂਰਖ ਬੰਦਾ, ਧਾਰੇ ਰੂਪ ਭਿਆਨਕ।
ਨਿਮਰਤਾ ਵਿਚ ਧੂੜ ਸਭਸ ਦੀ, ਹੋ ਜਾਏ ਕਦੇ ਅਚਾਨਕ।
ਕਦੇ ਇਹ ਬਣਕੇ ਵੱਡਾ ਰਾਜਾ, ਰਾਜ ਭਾਗ ਨੂੰ ਮਾਣੇ।
ਕਦੇ ਇਹ ਮੰਗਤਾ ਬਣਕੇ ਦਰ ਦਰ, ਮੰਗਦਾ ਫਿਰਦਾ ਦਾਣੇ।
ਕਦੇ ਕਰਾਵੇ ਦੁਰਮੱਤੀਆਂ ਇਹ, ਘਿਰਕੇ ਵਿਚ ਵਿਵਾਦਾਂ।
ਨੇਕੀਆਂ ਕਰ ਕਰ ਕਦੇ ਵਸੂਲੇ, ਹਰ ਇਕ ਕੋਲੋਂ ਦਾਦਾਂ।
ਇਹ ਕੱਠਪੁਤਲੀ ਪ੍ਰਭ ਦੇ ਹੱਥ ਦੀ, ਜਿੱਦਾਂ ਚਾਹੇ ਨਚਾਵੇ।
ਗੁਰ ਕਿਰਪਾ ਨਾਲ ਪੰਜਵਾਂ ਨਾਨਕ, ਸੱਚੋ ਸੱਚ ਅਲਾਵੇ।੬॥

Sri Satguru Jagjit Singh Ji eLibrary NamdhariElibrary@gmail.com

ਕਬਹੂ ਹੋਇ ਪੰਡਿਤੁ ਕਰੇ ਬਖ੍ਹਾਨੁ॥
ਕਬਹੂ ਮੋਨਿ ਧਾਰੀ ਲਾਵੈ ਧਿਆਨੁ॥
ਕਬਹੂ ਤਟ ਤੀਰਥ ਇਸਨਾਨ॥
ਕਬਹੂ ਸਿਧ ਸਾਧਿਕ ਮੁਖਿ ਗਿਆਨ॥
ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥
ਅਨਿਕ ਜੋਨਿ ਭਰਮੈ ਭਰਮੀਆ॥
ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ॥
ਜਿਉ ਪ੍ਰਭ ਭਾਵੈ ਤਿਵੈ ਨਚਾਵੈ॥
ਜੋ ਤਿਸੁ ਭਾਵੈ ਸੋਈ ਹੋਇ॥
ਨਾਨਕ ਦੂਜਾ ਅਵਰੁ ਨ ਕੋਇ॥੭॥

ਬਣਕੇ ਪੰਡਿਤ, ਕਦੇ ਇਹ ਕਰਦਾ, ਵਿਚ ਸਭਾ ਦੇ ਭਾਸ਼ਣ।
ਚੁੱਪ ਕਰਕੇ, ਕਦੇ ਮੋਨ ਧਾਰਕੇ, ਧਿਆਨ ਲਈ ਲਾਏ ਆਸਣ।
ਕਦੇ ਕਰੇ ਇਸ਼ਨਾਨ ਤੀਰਥਾਂ, ਉਪਰ ਬੈਠ ਕਿਨਾਰੇ।
ਸਾਧਕ ਬਣੇ ਮੁੱਖ ਆਪਣੇ ਤੋਂ, ਕਦੇ ਇਹ ਗਿਆਨ ਵਿਚਾਰੇ।
ਕੀੜਾ, ਹਾਥੀ, ਭੰਬਟ ਬਣ ਕਦੀ, ਜੀਵਨ ਏਦਾਂ ਜੀਵੇ।
ਮੁੜ ਮੁੜ ਜੰਮਕੇ, ਤੇ ਫਿਰ ਮਰਕੇ, ਕਈ ਜੂਨਾਂ ਭਰਮੀਵੇ।
ਜਿਉਂ ਬਹਿਰੂਪੀਆ ਮਨੋਰੰਜਨ ਲਈ, ਰੂਪ ਅਨੇਕਾਂ ਧਾਰੇ।
ਪ੍ਰਭੂ ਹੁਕਮ ਵਿਚ ਬਪੁੜਾ ਜੀਅੜਾ, ਲੱਗਾ ਰਹਿੰਦਾ ਕਾਰੇ।
ਹੋਏ ਹਮੇਸ਼ਾਂ ਕੇਵਲ ਓਹੀ, ਜੋ ਮਾਲਕ ਨੂੰ ਭਾਵੇ।
ਪ੍ਰਭ ਬਿਨ ਕੋਈ ਹੋਰ ਨਾ ਦੂਜਾ ਏਸ ਤਰਾਂ ਕਰ ਪਾਵੇ।੭॥

Sri Satguru Jagjit Singh Ji eLibrary NamdhariElibrary@gmail.com

ਕਬਹੂ ਸਾਧ ਸੰਗਤਿ ਇਹੁ ਪਾਵੈ॥
ਉਸੁ ਅਸਥਾਨ ਤੇ ਬਹੁਰਿ ਨ ਆਵੈ॥
ਅੰਤਰਿ ਹੋਇ ਗਿਆਨ ਪਰਗਾਸੁ॥
ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥੮॥੧੧॥

ਜੀਵ ਕਦੇ ਸਤਸੰਗਤ ਦੇ ਵਿਚ, ਜੇ ਕਿਧਰੇ ਆ ਜਾਵੇ।
ਫਿਰ ਬੁਰਿਆਂ ਦੀ ਸੰਗਤ ਦੇ ਵਿਚ, ਪੈਰ ਕਦੇ ਨਾ ਪਾਵੇ।
ਗਿਆਨ ਦਾ ਦੀਪਕ ਰੂਹ ਏਹਦੀ ਨੂੰ, ਨੂਰੋ ਨੂਰ ਕਰ ਦੇਵੇ।
ਅਮਰ ਅਵੱਸਥਾ ਹੋ ਜਾਵੇ ਜਦ, ਨਾਮ ਪ੍ਰਭੂ ਦਾ ਸੇਵੇ।
ਨਾਮ 'ਚ ਜਦੋਂ ਮਨ ਤਨ ਰੱਤਾ, ਰੰਗ ਮਜੀਠੀ ਚੜ੍ਹਿਆ।
ਸਦਾ ਸਦਾ ਲਈ ਵਾਹਿਗੁਰੂ ਦੇ, ਜਾ ਚਰਨ੍ਹਾਂ ਵਿਚ ਖੜ੍ਹਿਆ।
ਰਲਕੇ ਇੱਕ ਹੋ ਜਾਂਦਾ ਜੈਸੇ, ਦੋਂਹ ਕੂਲਾਂ ਦਾ ਪਾਣੀ।
ਤਿਉਂ ਜੋਤਿ ਬ੍ਰਹਮ ਜੋਤਿ 'ਚ ਰਲਕੇ, ਇਕ ਮਿਕ ਹੋਈ ਜਾਣੀ।
ਆਵਾਗਵਣ ਦਾ ਗੇੜਾ ਮੁੱਕਿਆ, ਗਈ ਥਕਾਵਟ ਸਾਰੀ।
ਪੰਜਵੇਂ ਨਾਨਕ ਕਹਿੰਦੇ ਪ੍ਰਭ ਤੋਂ, ਸਦਾ ਸਦਾ ਬਲਿਹਾਰੀ।੮॥੧੧॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਸੁਖੀ ਬਸੈ ਮਸਕੀਨੀਆ
ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ
ਨਾਨਕ ਗਰਬਿ ਗਲੇ ॥੧॥

ਰਹੇ ਗ਼ਰੀਬੀ ਦਾਅਵੇ ਜੇਹੜਾ,
ਸੁੱਖ ਵਿਚ ਅਉਧ ਬਿਹਾਵੇ।
ਗਲ੍ਹ ਸੜ ਜਾਏ ਆਤਮਾ ਉਸਦੀ,
ਜੋ ਹੰਕਾਰ 'ਚ ਆਵੇ।

ਅਸਟਪਦੀ॥

ਜਿਸ ਕੈ ਅੰਤਰਿ ਰਾਜ ਅਭਿਮਾਨੁ॥
ਸੋ ਨਰਕ ਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥
ਸੋ ਹੋਵਤ ਬਿਸਟਾ ਕਾ ਜੰਤੁ॥
ਆਪਸ ਕਉ ਕਰਮਵੰਤੁ ਕਹਾਵੈ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥
ਧਨ ਭੂਮਿ ਕਾ ਜੋ ਕਰੈ ਗੁਮਾਨੁ॥
ਸੋ ਮੂਰਖੁ ਅੰਧਾ ਅਗਿਆਨੁ॥
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥੧॥

ਰਾਜ ਭਾਗ ਦਾ ਜਿਸਦੇ ਅੰਦਰ, ਬਾਹਲਾ ਮਾਣ ਹੋ ਜਾਵੇ।
ਨਰਕਾਂ ਦੇ ਵਿਚ ਵਾਸਾ ਹੋਵੇ, ਜੂਨ ਕੁੱਤੇ ਦੀ ਪਾਵੇ।
ਮੈਂ ਗੱਭਰੂ, ਮੈਂ ਸਭ ਤੋਂ ਸੁੰਦਰ, ਮੇਰੇ ਜੇਡ ਨਾਂ ਕੋਈ।
ਗੰਦਗੀ ਦੇ ਉਸ ਕੀੜੇ ਤਾਂਈਂ, ਮਿਲੇ ਨਾਂ ਕਿਧਰੇ ਢੋਈ।
ਆਪਣੇ ਆਪ ਨੂੰ ਕਰਮਾਂ ਵਾਲਾ, ਜੋ ਬੰਦਾ ਅਖਵਾਵੇ।
ਮਰਦਾ ਜੰਮਦਾ ਕਈ ਜੂਨਾਂ ਵਿਚ, ਦੁੱਖੜੇ ਪਿਆ ਉਠਾਵੇ।
ਧਨ ਦੌਲਤ ਤੇ ਧਰਤੀ ਪਾਕੇ, ਜੋ ਬਣ ਜਾਏ ਅਭਿਮਾਨੀ।
ਅਕਲੋਂ ਅੰਨ੍ਹਾਂ ਪਸ਼ੂਆਂ ਵਰਗਾ, ਉਹ ਮੂਰਖ ਅਗਿਆਨੀ।
ਜਿਸਦੇ ਦਿਲ ਵਿਚ ਰਹਿਮਤ ਕਰਕੇ, ਨਿਮਰਤਾ ਪ੍ਰਭ ਪਾਵੇ।
ਹੋਏ ਸੁਰਖਰੂ ਦੋਹੀਂ ਜਹਾਨੀਂ, ਜੀਵਨ ਮੁਕਤਿ ਕਹਾਵੇ॥੧॥

Sri Satguru Jagjit Singh Ji eLibrary NamdhariElibrary@gmail.com

ਧਨਵੰਤਾ ਹੋਇ ਕਰਿ ਗਰਬਾਵੈ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥
ਪਲ ਭੀਤਰਿ ਤਾ ਕਾ ਹੋਇ ਬਿਨਾਸ॥
ਸਭ ਤੇ ਆਪ ਜਾਨੈ ਬਲਵੰਤੁ॥
ਖਿਨ ਮਹਿ ਹੋਇ ਜਾਇ ਭਸਮੰਤੁ॥
ਕਿਸੈ ਨ ਬਦੈ ਆਪਿ ਅਹੰਕਾਰੀ॥
ਧਰਮਰਾਇ ਤਿਸੁ ਕਰੇ ਖੁਆਰੀ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥
ਸੋ ਜਨੁ ਨਾਨਕ ਦਰਗਹ ਪਰਵਾਨੁ॥੨॥

ਧਨ ਦੌਲਤ ਕਰ ਕੱਠੀ ਜਿਹੜਾ, ਬਣ ਜਾਵੇ ਹੰਕਾਰੀ।
ਤੀਲੇ ਸੰਗ ਕੁਝ ਨਾਲ ਨਾਂ ਜਾਵੇ, ਇੱਥੇ ਰਹਿ ਜਾਏ ਸਾਰੀ।
ਜੋ ਫੌਜਾਂ ਦਾ ਮਾਣ ਕਰੇਂਦਾ, ਲਏ ਉਹਨਾਂ ਦੀ ਓਟਾਂ।
ਅੱਖ ਪਲਕਾਰੇ ਹੋਣ ਸੁਆਹਾਂ, ਦਰ ਦਰ ਖਾਏ ਚੋਟਾਂ।
ਆਪਣੇ ਆਪ ਨੂੰ ਸਮਝੇ ਜਿਹੜਾ, ਸਭ ਤੋਂ ਤਾਕਤ ਵਾਲਾ।
ਜੇ ਚਾਹੇ ਇੱਕ ਛਿਨ ਦੇ ਵਿਚ ਹੀ, ਸਭ ਕੁਝ ਕਰੇ ਰਵਾਲਾ।
ਵਿਚ ਹੰਕਾਰ ਦੇ ਆਣ ਕਿਸੇ ਦੀ, ਜੋ ਪਰਵਾਹ ਨਾਂ ਕਰਦਾ।
ਧਰਮ ਰਾਜ, ਦਰਗਾਹ ਦੇ ਅੰਦਰ, ਧੌਣ 'ਤੇ ਗੋਡਾ ਧਰਦਾ।
ਗੁਰ ਕਿਰਪਾ ਨਾਲ ਜਿਸ ਬੰਦੇ ਦੀ, ਹੰਗਤਾ ਖਤਮ ਹੋ ਜਾਵੇ।
ਪਰਮੇਸ਼ਰ ਦੇ ਦਰ 'ਤੇ ਸੋ ਜਨ, ਹੋ ਪਰਵਾਨ ਸੁਹਾਵੇ ।੨॥

ਕੋਟਿ ਕਰਮ ਕਰੈ ਹਉ ਧਾਰੇ॥
ਸ੍ਰਮੁ ਪਾਵੈ ਸਗਲੇ ਬਿਰਥਾਰੇ॥
ਅਨਿਕ ਤਪਸਿਆ ਕਰੇ ਅਹੰਕਾਰ॥
ਨਰਕ ਸੁਰਗ ਫਿਰਿ ਫਿਰਿ ਅਵਤਾਰ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ॥
ਆਪਸ ਕਉ ਜੋ ਭਲਾ ਕਹਾਵੈ॥
ਤਿਸਹਿ ਭਲਾਈ ਨਿਕਟਿ ਨ ਆਵੈ॥
ਸਰਬ ਕੀ ਰੇਨ ਜਾ ਕਾ ਮਨੁ ਹੋਇ॥
ਕਹੁ ਨਾਨਕ ਤਾ ਕੀ ਨਿਰਮਲ ਸੋਇ॥੩॥

ਕਰਕੇ ਚੰਗੇ ਕੰਮ ਅਨੇਕਾਂ, ਜੋ ਹੰਕਾਰ 'ਚ ਆਵੇ।
ਕਰੀ ਕਰਾਈ ਮਿਹਨਤ ਉਸਦੀ, ਸਾਰੀ ਬਿਰਥੀ ਜਾਵੇ।
ਅਨਿਕ ਤਰਾਂ ਦੇ ਸਾਧ ਤਪਾਂ ਨੂੰ, ਜੇ ਕੋਈ ਕਰਦਾ ਮਾਣਾ।
ਨਰਕ-ਸੁਰਗ ਵਿਚ ਭੌਂਦਾ ਫਿਰਦਾ, ਮਿਟੇ ਨਾਂ ਆਵਣ ਜਾਣਾ।
ਜੇ ਕਰ ਆਤਮਾਂ ਨਹੀਂ ਪਤੀਜੀ, ਕਰਕੇ ਹਰ ਇਕ ਹੀਲਾ।
ਪਰਮੇਸ਼ਰ ਦੇ ਦਰ ਜਾਵਣ ਦਾ, ਕੈਸੇ ਬਣੇ ਵਸੀਲਾ।
'ਮੈਨੂੰ ਸਾਰੇ ਚੰਗਾ ਸਮਝੋ', ਜੇ ਕੋਈ ਦਵੇ ਦੁਹਾਈ।
ਸਮਝੋ ਉਸਦੇ ਨੇੜ੍ਹ ਨਾ ਢੁੱਕੀ, ਭੁੱਲਕੇ ਭੀ ਭਲਿਆਈ।
ਚਰਨ-ਰਜ ਜੋ ਸਭ ਦੀ ਹੋਇਆ, ਨਿਮਰਤਾ ਵਿਚ ਆਕੇ।
ਉਸਨੂੰ ਉਸਦੀ ਸੋਭਾ ਰੱਖੇ, ਜੱਗ ਵਿਚ ਨੇਕ ਬਣਾਕੇ॥੩॥

Sri Satguru Jagjit Singh Ji eLibrary NamdhariElibrary@gmail.com

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥
ਤਬ ਇਸ ਕਉ ਸੁਖੁ ਨਾਹੀ ਕੋਇ॥
ਜਬ ਇਹ ਜਾਨੈ ਮੈ ਕਿਛੁ ਕਰਤਾ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥
ਜਬ ਧਾਰੈ ਕੋਊ ਬੈਰੀ ਮੀਤੁ॥
ਤਬ ਲਗੁ ਨਿਹਚਲੁ ਨਾਹੀ ਚੀਤੁ॥
ਜਬ ਲਗੁ ਮੋਹ ਮਗਨ ਸੰਗਿ ਮਾਇ॥
ਤਬ ਲਗੁ ਧਰਮਰਾਇ ਦੇਇ ਸਜਾਇ॥
ਪ੍ਰਭ ਕਿਰਪਾ ਤੇ ਬੰਧਨ ਤੂਟੈ॥
ਗੁਰ ਪ੍ਰਸਾਦਿ ਨਾਨਕ ਹਉ ਛੂਟੈ॥੪॥

ਜਦ ਤੱਕ ਬੰਦਾ ਇਹ ਸਮਝਦਾ, ਮੇਰਾ ਕੀਤਾ ਹੋਵੇ।
ਉਨਾਂ ਚਿਰ ਸੁੱਖ ਮਿਲੇ ਨਾ ਇਸਨੂੰ, ਦੁੱਖ ਦੇ ਢੋਏ ਢੋਵੇ।
ਜਦ ਤੱਕ ਜਾਣੇ, ਮੈਂ ਇਹ ਕੀਤਾ, ਮੈਂ ਏਦਾਂ ਹਾਂ ਕਰਦਾ।
ਤਦ ਤੱਕ ਰਹੇ ਗਰਭ ਜੋਨਿ ਵਿਚ, ਮੁੜ-ਮੁੜ ਜੰਮਦਾ ਮਰਦਾ।
ਇਹ ਦੁਸ਼ਮਣ ਇਹ ਦੋਸਤ ਮੇਰਾ, ਜਦ ਤੱਕ ਦਿਲ ਵਿਚ ਧਾਰੇ।
ਇੱਕ ਥਾਂ ਟਿਕੇ ਨਾਂ ਚਿੱਤ ਏਸਦਾ, ਡੋਲੇ ਵਾਕੁਰ ਪਾਰੇ।
ਮੋਹ ਮਾਇਆ ਵਿਚ ਖੱਚਤ ਹੋਇਆ, ਜਦ ਤੱਕ ਕਰੇ ਬੁਰਾਈਆਂ।
ਧਰਮ ਰਾਜ ਦੇ ਦੂਤਾਂ ਕੋਲੋਂ, ਤਦ ਤੱਕ ਖਾਏ ਸਜਾਈਆਂ।
ਕੇਵਲ ਇਕੋ ਵਾਹਿਗੁਰੂ ਹੀ, ਬੰਧਨ ਕੱਟਣੇਹਾਰਾ।
ਗੁਰ ਕਿਰਪਾ ਦੇ ਨਾਲ ਹੀ ਮਿਲਦਾ, ਹਉਮੈਂ ਤੋਂ ਛੁਟਕਾਰਾ।੪॥

Sri Satguru Jagjit Singh Ji eLibrary NamdhariElibrary@gmail.com

ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥
ਅਨਿਕ ਭੋਗ ਬਿਖਿਆ ਕੇ ਕਰੈ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
ਬਿਨਾ ਸੰਤੋਖ ਨਹੀ ਕੋਊ ਰਾਜੈ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥
ਨਾਮ ਰੰਗਿ ਸਰਬ ਸੁਖੁ ਹੋਇ॥
ਬਡਭਾਗੀ ਕਿਸੈ ਪਰਾਪਤਿ ਹੋਇ॥
ਕਰਨ ਕਰਾਵਨ ਆਪੇ ਆਪਿ॥
ਸਦਾ ਸਦਾ ਨਾਨਕ ਹਰਿ ਜਾਪਿ॥੫॥

ਲੱਖਾਂ ਦੇ ਲਾਲਚ ਪੈ ਜੀਉੜਾ, ਜਦ ਖੱਟ ਲਏ ਹਜ਼ਾਰਾਂ।
ਫਿਰ ਭੀ ਆਵੇ ਰੱਜ ਨਾਂ ਇਸਨੂੰ, ਨਾਂਹੀ ਚੈਨ ਕਰਾਰਾਂ।
ਮਾਇਆ ਦਾ ਭਰਮਾਇਆ ਹੋਇਆ, ਭੋਗੇ ਵਿਸ਼ੇ ਪਰਾਣੀ।
ਨਾਂ ਸੰਤੁਸ਼ਟੀ ਆਵੇ ਇਸਨੂੰ, ਦੁੱਖ ਜਿੰਦ ਸਹੇ ਨਿਮਾਣੀ।
ਬਿਨਾਂ ਸਬਰ ਦੇ ਚੈਨ ਨਾਂ ਆਵੇ, ਨਾਂ ਰੂਹ ਰੱਜੇ ਇਸਦੀ।
ਜਿਉਂ ਸੁਪਨੇ ਵਿਚ ਵੇਖੀ ਹੋਈ, ਚੀਜ਼ ਨਾ ਮਗਰੋਂ ਦਿੱਸਦੀ।
ਨਾਮ 'ਚ ਰੱਤੇ ਜੀਉੜੇ ਤਾਂਈਂ, ਸੁੱਖ ਸਾਰੇ ਮਿਲ ਜਾਵਣ।
ਪਰ ਇਹ ਦਾਤ ਇਲਾਹੀ ਵਿਰਲੇ, ਵਡਭਾਗੇ ਹੀ ਪਾਵਣ।
ਕੇਵਲ ਵਾਹਿਗੁਰੂ ਹੈ ਇੱਕੋ, ਕਰਨ ਕਰਾਵਣਹਾਰਾ।
ਪੰਜਵੇਂ ਨਾਨਕ ਕਹਿੰਦੇ ਸਦ ਹੀ, ਸਿਮਰੋ ਏਕੰਕਾਰਾ॥੫॥

ਕਰਨ ਕਰਾਵਨ ਕਰਨੈਹਾਰੁ ॥
ਇਸ ਕੈ ਹਾਥਿ ਕਹਾ ਬੀਚਾਰੁ ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥
ਆਪੇ ਆਪਿ ਆਪਿ ਪ੍ਰਭੁ ਸੋਇ ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥
ਸਭ ਤੇ ਦੂਰਿ ਸਭਹੂ ਕੈ ਸੰਗਿ ॥
ਬੂਝੈ ਦੇਖੈ ਕਰੈ ਬਿਬੇਕ ॥
ਆਪਹਿ ਏਕ ਆਪਹਿ ਅਨੇਕ ॥
ਮਰੈ ਨ ਬਿਨਸੈ ਆਵੈ ਨ ਜਾਇ ॥
ਨਾਨਕ ਸਦ ਹੀ ਰਹਿਆ ਸਮਾਇ ॥੬॥

ਖੇਡਣ ਅਤੇ ਖਿਡਾਵਣ ਵਾਲਾ, ਇੱਕੋ ਸਿਰਜਣਹਾਰਾ।
ਇਸ ਬੰਦੇ ਦੇ ਹੱਥ ਨਹੀਂ ਕੁਝ, ਦੇਖੋ ਕਰ ਵੀਚਾਰਾ।
ਜੋ ਕੁਝ ਚਾਹੇ, ਜਿਸ ਤੋਂ ਚਾਹੇ, ਉਸਤੇ ਕਰੇ ਦ੍ਰਿਸ਼ਟੀ।
ਉਸ ਬਿਨ ਕੋਈ ਹੋਰ ਨਾਂ ਦੂਜਾ, ਜਿਸਨੇ ਸਾਜੀ ਸ੍ਰਿਸ਼ਟੀ।
ਜੋ ਕੁਝ ਹੋਇਆ, ਆਪਣੀ ਮੌਜ 'ਚ, ਕੀਤਾ ਉਸਨੇ ਆਪੇ।
ਸਭ ਦੇ ਵਿਚ ਸਮਾਇਆ ਹੋਇਆ, ਨੇੜੇ ਦੂਰ ਜੋ ਜਾਪੇ।
ਸਮਝੇ, ਵੇਖੇ, ਸ੍ਰਿਸ਼ਟੀ ਆਪਣੀ, ਆਪ ਕਰੇ ਨਿਸਤਾਰਾ।
ਨਿਰਗੁਣ ਰੂਪ 'ਚ ਇੱਕੋ ਪ੍ਰਭੂ ਹੈ, ਸਰਗੁਣ ਰੂਪ ਅਪਾਰਾ।
ਨਾਂ ਉਹ ਮਰਦਾ ਨਹੀਂ ਬਿਨਸਦਾ, ਨਾਂ ਆਵੇ ਨਾ ਜਾਵੇ।
ਪੰਜਵੇਂ ਨਾਨਕ ਕਹਿੰਦੇ ਖਾਲਕ, ਖਲਕਤ ਵਿਚ ਸਮਾਵੇ।੬॥

Sri Satguru Jagjit Singh Ji eLibrary NamdhariElibrary@gmail.com

ਆਪਿ ਉਪਦੇਸੈ ਸਮਝੈ ਆਪਿ॥
ਆਪੇ ਰਚਿਆ ਸਭ ਕੈ ਸਾਥਿ॥
ਆਪਿ ਕੀਨੋ ਆਪਨ ਬਿਸਥਾਰੁ॥
ਸਭ ਕਛੁ ਉਸ ਕਾ ਓਹੁ ਕਰਨੈਹਾਰੁ॥
ਉਸ ਤੇ ਭਿੰਨ ਕਹਹੁ ਕਿਛੁ ਹੋਇ॥
ਥਾਨ ਥਨੰਤਰਿ ਏਕੈ ਸੋਇ॥
ਅਪੁਨੇ ਚਲਿਤ ਆਪਿ ਕਰਣੈਹਾਰ॥
ਕਉਤਕ ਕਰੈ ਰੰਗ ਆਪਾਰ॥
ਮਨ ਮਹਿ ਆਪਿ ਮਨ ਅਪੁਨੇ ਮਾਹਿ॥
ਨਾਨਕ ਕੀਮਤਿ ਕਹਨੁ ਨ ਜਾਇ॥੭॥

ਸਿੱਖ ਮੱਤ ਦੇਣੇ ਵਾਲਾ ਆਪੇ, ਸਮਝਣ ਵਾਲਾ ਆਪੇ।
ਆਪਣੀ ਰਚਨਾ ਰਚ ਕੇ ਹਰਿ ਜੀ, ਹਰ ਇਕ ਵਿਚ ਵਿਆਪੇ।
ਆਪਣੇ ਆਪ ਦਾ ਕੀਤਾ ਸੱਚੇ, ਮਾਲਕ, ਆਪ ਪਸਾਰਾ।
ਸਭ ਕੁਝ ਓਸ ਪ੍ਰਭੂ ਦਾ ਕੀਤਾ, ਜੱਗ ਦੇ ਵਿਚ ਵਿਸਥਾਰਾ।
ਉਸ ਤੋਂ ਵੱਖਰਾ ਰਚਨੇਵਾਲਾ, ਦੱਸੋ ਹੋਰ ਹੈ ਕਿਹੜਾ।
ਇਹ ਕੁਦਰਤ ਹੈ ਉਸ ਕਰਤੇ ਦੀ, ਹਰ ਥਾਂਹ ਵੱਸਦਾ ਜਿਹੜਾ।
ਆਪਣੇ ਕਰਤਬ ਆਪੇ ਕਰਦਾ, ਜਿਸਨੇ ਸ੍ਰਿਸ਼ਟਿ ਬਣਾਈ।
ਉਸਦੇ ਰੰਗ ਤਮਾਸ਼ੇ ਇਤਨੇ, ਅੰਤ ਨਾ ਪਾਇਆ ਜਾਈ।
ਸਭ ਦੇ ਮਨਾਂ 'ਚ ਆਪ ਹੈ ਵੱਸਦਾ, ਸਭ ਮਨ ਉਸ ਵਿਚ ਵੱਸਦੇ।
ਉਸ ਅਣਮੁੱਲ ਦਾ ਮੁੱਲ ਨਾਂ ਕੋਈ, ਪੰਜਵੇਂ ਨਾਨਕ ਦੱਸਦੇ॥੭॥

Sri Satguru Jagjit Singh Ji eLibrary NamdhariElibrary@gmail.com

ਸਤਿ ਸਤਿ ਸਤਿ ਪ੍ਰਭੁ ਸੁਆਮੀ ॥
ਗੁਰ ਪਰਸਾਦਿ ਕਿਨੈ ਵਖਿਆਨੀ ॥
ਸਚੁ ਸਚੁ ਸਚੁ ਸਭੁ ਕੀਨਾ ॥
ਕੋਟਿ ਮਧੇ ਕਿਨੈ ਬਿਰਲੈ ਚੀਨਾ ॥
ਭਲਾ ਭਲਾ ਭਲਾ ਤੇਰਾ ਰੂਪ ॥
ਅਤਿ ਸੁੰਦਰ ਅਪਾਰ ਅਨੂਪ ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥
ਘਟਿ ਘਟਿ ਸੁਨੀ ਸ੍ਰਵਨ ਬਖ੍ਯ਼ਾਨੀ ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥

ਜੋ ਸੱਚਾਂ ਦਾ ਸੱਚ ਹੈ ਕੇਵਲ, ਉਹ ਹੈ ਇੱਕ ਨਿਰੰਕਾਰਾ।
ਇਹ ਗੱਲ ਸਮਝੀਂ ਵਿਰਲੇ ਕਿਸੇ, ਗੁਰਬਖਸ਼ਿਸ਼ ਦੇ ਦੁਆਰਾ।
ਸੱਚੇ ਸਿਰਜਣਹਾਰ ਨੇ ਸੱਚਾ, ਸਾਰਾ ਖੇਲ ਬਣਾਇਆ।
ਵਿਚ ਕਰੋੜਾਂ ਇੱਕ ਅੱਧ ਕੋਈ, ਸਮਝ ਜੇਸ ਨੂੰ ਆਇਆ।
ਸੋਹਣਿਆਂ ਤੋਂ ਭੀ ਸੋਹਣਾ, ਪ੍ਰਭ ਜੀ ਤੇਰਾ ਰੂਪ ਪਿਆਰਾ।
ਤੇਰੀ ਉਪਮਾ ਤੋਹਿ ਬਣ ਆਵੇ, ਸੱਚੇ ਪਰਵਦਗਾਰਾ।
ਅਤਿ ਪਵਿੱਤਰ ਬੋਲੀ ਤੇਰੀ, ਹਿਰਦੇ ਵਿਚ ਠੰਢ ਪਾਵੇ।
ਉਹ ਵਡਭਾਗੇ ਕੰਨ ਨੇ ਸੁਣਦੇ, ਜੋ ਰਸਨਾਂ ਪਈ ਗਾਵੇ।
ਮਨ ਵਿਚ ਸੱਚੀ ਪ੍ਰੀਤ ਜਗਾਕੇ, ਨਾਮ ਜੋ ਜਪਦੇ ਰਹਿੰਦੇ।
ਸਭ ਤੋਂ ਵੱਧਕੇ ਹੈਨ ਪਵਿੱਤਰ, ਪੰਜਵੇਂ ਨਾਨਕ ਕਹਿੰਦੇ।੮॥੧੨॥

ਸਲੋਕੁ ॥
ਸੰਤ ਸਰਨਿ ਜੋ ਜਨੁ ਪਰੈ
ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ
ਬਹੁਰਿ ਬਹੁਰਿ ਅਵਤਾਰ ॥੧॥

ਸੰਗਤ ਕਰਿਆਂ ਸੰਤ ਜਨਾਂ ਦੀ,
ਹੋ ਜਾਏ ਪਾਰ ਉਤਾਰਾ।
ਨਿੰਦਿਆ ਕਰਕੇ ਗਰਭ ਜੋਨਿ ਤੋਂ,
ਮਿਲਦਾ ਨਾ ਛੁਟਕਾਰਾ।੧।

## ਅਸਟਪਦੀ॥

ਸੰਤ ਕੈ ਦੂਖਨਿ ਆਰਜਾ ਘਟੈ॥
ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ॥
ਸੰਤ ਕੈ ਦੂਖਨਿ ਨਰਕ ਮਹਿ ਪਾਇ॥
ਸੰਤ ਕੈ ਦੂਖਨਿ ਮਤਿ ਹੋਇ ਪਲੀਨ॥
ਸੰਤ ਕੈ ਦੂਖਨਿ ਸੋਭਾ ਤੇ ਹੀਨ॥
ਸੰਤ ਕੇ ਹਤੇ ਕਉ ਰਖੈ ਨ ਕੋਇ॥
ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ॥
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥੧॥

ਸੰਤ ਜਨਾ ਦਾ ਨਿੰਦਕ, ਆਪਣੀ ਉਮਰਾਂ ਤਾਈਂ ਘਟਾਵੇ।
ਦੋਸ਼ ਲਗਾਕੇ ਸੰਤਾਂ ਉਪਰ, ਮਾਰ ਜਮਾਂ ਦੀ ਖਾਵੇ।
ਚਿੱਕੜ ਸੁੱਟਣ ਸੰਤਾਂ 'ਤੇ ਜੋ, ਸੁੱਖ ਤੋਂ ਵਾਂਝੇ ਰਹਿੰਦੇ।
ਨਿੰਦਿਆਂ ਦਾ ਫਲ ਭੋਗਣ ਦੇ ਲਈ, ਜਾ ਨਰਕਾਂ ਵਿਚ ਪੈਂਦੇ।
ਦੋਸ਼ ਲਗਾਇਆਂ ਸੰਤਾਂ ਉਪਰ, ਮੱਤ ਮੈਲੀ ਹੋ ਜਾਂਦੀ।
ਕਰੇ ਨਾਂ ਜੱਗ ਸਤਿਕਾਰ ਓਸਦਾ, ਦੁਨੀਆਂ ਲਾਹਨਤ ਪਾਂਦੀ।
ਨੇੜੇ ਢੁੱਕਣ ਨਾ ਦੇਵੇ ਕੋਈ, ਜੋ ਜੋ ਸੰਤ ਸਰਾਪੇ।
ਨਿੰਦਿਆਂ ਕਰਕੇ ਰੂਹ ਆਪਣੀ ਨੂੰ, ਮੈਲੀ ਕਰ ਲਏ ਆਪੇ।
ਬਖਸ਼ਿਸ਼ ਸਦਕਾ ਸੰਤ ਦਇਆਲੂ, ਜੇ ਮੇਹਰਾਂ ਘਰ ਆਵੇ।
ਸੰਗਤ ਕਰਕੇ ਸੰਤ ਜਨਾਂ ਦੀ, ਨਿੰਦਕ ਭੀ ਤਰ ਜਾਵੇ।੧॥

Sri Satguru Jagjit Singh Ji eLibrary NamdhariElibrary@gmail.com

ਸੰਤ ਕੇ ਦੂਖਨ ਤੇ ਮੁਖੁ ਭਵੈ॥
ਸੰਤਨ ਕੈ ਦੂਖਨਿ ਕਾਗ ਜਿਉ ਲਵੈ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ
ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥
ਸੰਤ ਕੈ ਦੂਖਨਿ ਸਭੁ ਕੋ ਛਲੈ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ॥
ਸੰਤ ਕੈ ਦੂਖਨਿ ਨੀਚੁ ਨੀਚਾਇ॥
ਸੰਤ ਦੋਖੀ ਕਾ ਥਾਉ ਕੋ ਨਾਹਿ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥੨॥

ਸੰਤਾਂ 'ਤੇ ਜੋ ਦੂਸ਼ਣ ਲਾਉਂਦੇ, ਮੂੰਹ ਟੇਢੇ ਹੋ ਜਾਂਦੇ।
ਬੇ-ਮਤਲਬ ਹੀ ਰਹਿਣ ਹਮੇਸ਼ਾਂ, ਕਾਂ ਵਾਗੂੰ ਕੁਰਲਾਂਦੇ।
ਸੰਤਾਂ ਦੀ ਜੋ ਨਿੰਦਿਆਂ ਕਰਦੇ, ਜੂਨ ਸੱਪਾਂ ਦੀ ਪੈਂਦੇ।
ਰੀਂਗਣ ਵਾਲੇ ਕੀੜੇ ਬਣਕੇ, ਦੁੱਖ ਅਨੇਕਾਂ ਸਹਿੰਦੇ।
ਦੋਸ਼ ਲਗਾਉਂਦਾ ਜੋ ਸੰਤਾਂ 'ਤੇ, ਤ੍ਰਿਸ਼ਨਾ ਦੀ ਅੱਗ ਸੜਦਾ।
ਹਰ ਇਕ ਦੇ ਨਾਲ ਧੋਖਾ ਕਰਦਾ, ਹਰ ਇਕ ਦੇ ਨਾਲ ਲੜਦਾ।
ਨਿੰਦਿਆਂ ਕਰਕੇ ਸੰਤ ਜਨ਼ਾਂ ਦੀ, ਤੱਪ ਤੇਜ ਉਡ ਜਾਏ।
ਡਿਗ ਪਏ ਸਭ ਦੀਆਂ ਨਜ਼ਰਾਂ ਵਿਚੋਂ, ਮਹਾਂ ਨੀਚ ਕਹਿਲਾਏ।
ਸੰਤ ਜਨਾਂ ਦਾ ਨਿੰਦਕ ਜੱਗ 'ਤੇ, ਹਰ ਥਾਂਹ ਧੱਕੇ ਖਾਵੇ।
ਸੰਤਾਂ ਦੇ ਮਨ ਮਿਹਰ ਪਵੇ ਜਾ, ਤਾਂ ਮੁਕਤਾ ਹੋ ਜਾਵੇ।੧॥

Sri Satguru Jagjit Singh Ji eLibrary NamdhariElibrary@gmail.com

ਸੰਤ ਕਾ ਨਿੰਦਕੁ ਮਹਾ ਅਤਤਾਈ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥
ਸੰਤ ਕਾ ਨਿੰਦਕੁ ਮਹਾ ਹਤਿਆਰਾ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥
ਸੰਤ ਕਾ ਨਿੰਦਕੁ ਰਾਜ ਤੇ ਹੀਨੁ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥
ਸੰਤ ਕੇ ਨਿੰਦਕ ਕਉ ਸਰਬ ਰੋਗ॥
ਸੰਤ ਕੇ ਨਿੰਦਕ ਕਉ ਸਦਾ ਬਿਜੋਗ॥
ਸੰਤ ਕੀ ਨਿੰਦਾ ਦੋਖ ਮਹਿ ਦੋਖੁ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥੩॥

ਸੰਤ ਜਨਾਂ ਦਾ ਨਿੰਦਕ ਹਰ ਦਮ, ਅੱਤ ਚੁੱਕੀ ਹੈ ਫਿਰਦਾ।
ਨਫਰਤ ਦੇ ਨਾਲ ਭਰਿਆ ਹੋਇਆ, ਸ਼ਾਂਤ ਨਾ ਹੋਵੇ ਹਿਰਦਾ।
ਨਿੰਦਕ ਜੇਹਾ ਹੋਰ ਨਾ ਜ਼ਾਲਮ, ਬੋਲ ਜੀਹਦੇ ਤਲਵਾਰਾਂ।
ਵਾਹਿਗੁਰੂ ਦੇ ਦਰ ਤੋਂ ਪੈਸਨ, ਨਿੰਦਕ ਨੂੰ ਫਿਟਕਾਰਾਂ।
ਰਾਜ ਭਾਗ ਦੇ ਸੁੱਖ ਨਾ ਮਾਣੇ, ਰਹਿਕੇ ਵਿਚ ਸੰਸਾਰੇ।
ਸੰਤ ਦਾ ਨਿੰਦਕ ਦੁੱਖ ਭੁੱਖ ਵਿਚ ਹੀ, ਸਾਰੀ ਉਮਰ ਗੁਜ਼ਾਰੇ।
ਚੁੰਬੜੇ ਹਰ ਇਕ ਰੋਗ ਓਸਨੂੰ, ਜੋ ਨਿੰਦਿਆਂ ਹੈ ਕਰਦਾ।
ਰਹੇ ਵਿਛੋੜੇ ਵਿਚ ਸਦਾ ਹੀ, ਹਰ ਦਮ ਹਉਕੇ ਭਰਦਾ।
ਨਿੰਦਿਆ ਕਰਨੀ ਭਲੇ ਪੁਰਸ਼ ਦੀ, ਸਭ ਤੋਂ ਪਾਪ ਹੈ ਭਾਰਾ।
ਸੰਤ ਚਾਹੇ ਤਾਂ ਨਿੰਦਕ ਭੀ ਪਾਏ, ਨਿੰਦਿਆਂ ਤੋਂ ਛੁਟਕਾਰਾ ॥੩॥

Sri Satguru Jagjit Singh Ji eLibrary NamdhariElibrary@gmail.com

ਸੰਤ ਕਾ ਦੋਖੀ ਸਦਾ ਅਪਵਿਤੁ ॥
ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥
ਸੰਤ ਕੇ ਦੋਖੀ ਕਉ ਡਾਨੁ ਲਾਗੈ ॥
ਸੰਤ ਕੇ ਦੋਖੀ ਕਉ ਸਭ ਤਿਆਗੈ ॥
ਸੰਤ ਕਾ ਦੋਖੀ ਮਹਾ ਅਹੰਕਾਰੀ ॥
ਸੰਤ ਕਾ ਦੋਖੀ ਸਦਾ ਬਿਕਾਰੀ ॥
ਸੰਤ ਕਾ ਦੋਖੀ ਜਨਮੈ ਮਰੈ ॥
ਸੰਤ ਕੀ ਦੂਖਨਾ ਸੁਖ ਤੇ ਟਰੈ ॥
ਸੰਤ ਕੇ ਦੋਖੀ ਕਉ ਨਾਹੀ ਠਾਉ ॥
ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥

ਸੰਤ ਦਾ ਦੋਖੀ ਮਨ ਦਾ ਮੈਲਾ, ਦਿਲ ਵਿਚ ਰੱਖੇ ਖੋਟਾਂ।
ਕਦੇ ਕਿਸੇ ਦਾ ਯਾਰ ਨਾਂ ਬਣਦਾ, ਗੁੱਝੀਆਂ ਮਾਰੇ ਚੋਟਾਂ।
ਦੋਸ਼ ਜੋ ਲਾਵੇ ਸੰਤਾਂ ਉਪਰ, ਦਰਗਹ ਮਿਲਨ ਸਜ਼ਾਂਵਾਂ।
ਜਿਧਰੋਂ ਨਿੰਦਕ ਆਉਂਦਾ ਹੋਵੇ, ਲੋਕੀਂ ਬਦਲਣ ਰਾਹਵਾਂ।
ਸੰਤ ਦੇ ਦੋਖੀ ਤੋਂ ਨਹੀ ਵੱਡਾ, ਦੁਨੀਆਂ ਵਿਚ ਅਭਿਮਾਨੀ।
ਵਿਸ਼ੇ ਵਿਕਾਰਾਂ ਵਿਚ ਲਟਕੇ ਦੀ, ਹੋ ਜਾਏ ਸੁਰਤਿ ਹੈਵਾਨੀ।
ਸੰਤ ਵਿਰੋਧੀ ਦੇ ਨਾ ਮੁੱਕਣ, ਜਨਮ ਮਰਣ ਦੇ ਗੇੜੇ।
ਦੁੱਖਾਂ ਦੇ ਵਿਚ ਉਮਰ ਵਿਹਾਵੇ, ਸੁੱਖ ਨਾਂ ਆਵਣ ਨੇੜੇ।
ਨਿੰਦਕ ਤਾਂਈਂ ਕਦੇ ਨਾ ਮਿਲਦਾ, ਕਿਧਰੇ ਕੋਈ ਟਿਕਾਣਾ।
ਸੰਤ ਹੀ ਕੇਵਲ ਮੇਲੇ ਉਸਨੂੰ, ਜੇ ਕਰ ਚਾਹੇ ਮਿਲਾਣਾ।੪॥

Sri Satguru Jagjit Singh Ji eLibrary NamdhariElibrary@gmail.com

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥
ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ॥
ਸੰਤ ਕਾ ਦੋਖੀ ਉਝੜਿ ਪਾਈਐ॥
ਸੰਤ ਕਾ ਦੋਖੀ ਅੰਤਰ ਤੇ ਥੋਥਾ॥
ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ॥
ਆਪਨ ਬੀਜਿ ਆਪੇ ਹੀ ਖਾਹਿ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ॥੫॥

ਅੱਧ ਵਿਚਕਾਰ ਲਟਕਦਾ ਨਿੰਦਕ, ਨਾਂ ਹੰਨੇ ਨਾਂ ਬੰਨੇ।
ਕੰਮ ਸਿਰੇ ਕੋਈ ਚਾੜ੍ਹ ਨਾ ਸਕੇ, ਨਾਂ ਉਸਦੀ ਕੋਈ ਮੰਨੇ।
ਸੰਤਾਂ ਨਾਲ ਜੋ ਵੈਰ ਕਮਾਉਂਦਾ, ਭਟਕੇ ਵਿਚ ਉਜਾੜਾਂ।
ਨਿੰਦਕ ਅੰਬ ਦੇ ਬੂਟੇ ਵੱਢਕੇ, ਅੱਕਾਂ ਨੂੰ ਕਰੇ ਵਾੜਾਂ।
ਅੰਦਰੋਂ ਖਾਲੀ ਸੰਤ ਦਾ ਨਿੰਦਕ, ਹਾਲਤ ਬਣੇ ਅਜੇਹੀ।
ਹੋਵੇ ਪਈ ਮਨੁੱਖ ਦੀ ਜਿਵੇਂ, ਬਿਨ ਸਾਸਾਂ ਦੇ ਦੇਹੀ।
ਜੜ੍ਹ ਨਾਂ ਮੇਖ ਜਗਤ ਦੇ ਉਤੇ, ਜੋ ਜੋ ਸੰਤ ਸਰਾਪੇ।
ਆਖਰ ਬੀਜਿਆ ਖਾਣਾ ਪੈਂਦਾ, ਚੰਗਾ ਮੰਦਾ ਆਪੇ।
ਹੋਰ ਨਾ ਦੂਜਾ ਨਿੰਦਕ ਤਾਂਈਂ, ਕੋਈ ਬਚਾਵਣਹਾਰਾ।
ਸੰਤ ਚਾਹੇ ਤਾਂ ਨਿੰਦਕ ਦਾ ਭੀ, ਹੋ ਜਾਵੇ ਨਿਸਤਾਰਾ।੫॥

Sri Satguru Jagjit Singh Ji eLibrary NamdhariElibrary@gmail.com

ਸੰਤ ਕਾ ਦੋਖੀ ਇਉ ਬਿਲਲਾਇ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥
ਸੰਤ ਕਾ ਦੋਖੀ ਛੁਟੈ ਇਕੇਲਾ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥
ਸੰਤ ਕਾ ਦੋਖੀ ਧਰਮ ਤੇ ਰਹਤ॥
ਸੰਤ ਕਾ ਦੋਖੀ ਸਦ ਮਿਥਿਆ ਕਹਤ॥
ਕਿਰਤੁ ਨਿੰਦਕ ਕਾ ਧੁਰਿ ਹੀ ਪਇਆ॥
ਨਾਨਕ ਜੋ ਤਿਸੁ ਭਾਵੈ ਸੋਈ ਥਿਆ॥੬॥

ਸੰਤਾਂ ਤਾਂਈ ਦੁਖਾਵਣ ਵਾਲਾ, ਤੜਪੇ ਇਉਂ ਪਰਾਣੀ।
ਧਰਤੀ ਉਪਰ ਪਈ ਤੜਪਦੀ, ਜਿਉਂ ਮਛਲੀ ਬਿਨ ਪਾਣੀ।
ਸੰਤ ਦਾ ਦੋਖੀ ਰੂਹ ਦਾ ਭੁੱਖਾ, ਨੀਤ ਕਦੇ ਨਾ ਰੱਜਦੀ।
ਭੁੱਖ ਜਿਵੇਂ ਨਾ ਪੂਰੀ ਹੋਵੇ, ਲਕੜੀਆਂ ਨਾਲ ਅੱਗ ਦੀ।
ਸੰਤ ਦਾ ਦੋਖੀ ਰਹਿ ਜਾਏ ਕੱਲਾ, ਸਾਥ ਜਾਣ ਸਭ ਛੱਡਦੇ।
ਸੜੇ ਤਿਲਾਂ ਦੇ ਖਾਲੀ ਬੂਟੇ, ਜਿਉ ਕਿਰਸਾਣ ਨਾਂ ਵੱਢਦੇ।
ਦੋਸ਼ ਜੋ ਥੱਪਦਾ ਸੰਤਾਂ ਉਪਰ, ਧਰਮੋਂ ਖਾਲੀ ਹੋਵੇ।
ਮੁੱਖ ਤੋਂ ਬੋਲੇ ਝੂਠ ਹਮੇਸ਼ਾਂ, ਸੱਚ 'ਤੇ ਨਹੀਂ ਖਲੋਵੇ।
ਨਿੰਦਕ ਦਾ ਕੰਮ ਨਿੰਦਿਆ ਕਰਨੀ, ਧੁਰ ਤੋਂ ਲਿਖਿਆ ਆਇਆ।
ਕੇਵਲ ਜੱਗ 'ਤੇ ਉਹੀਓ ਹੋਵੇ, ਜੋ ਮਾਲਕ ਨੂੰ ਭਾਇਆ।੬॥

Sri Satguru Jagjit Singh Ji eLibrary NamdhariElibrary@gmail.com

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥
ਸੰਤ ਕਾ ਦੋਖੀ ਸਦਾ ਸਹਕਾਈਐ ॥
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥
ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥
ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥
ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥
ਜੈਸਾ ਭਾਵੈ ਤੈਸਾ ਕੋਈ ਹੋਇ ॥
ਪਇਆ ਕਿਰਤੁ ਨ ਮੇਟੈ ਕੋਇ ॥
ਨਾਨਕ ਜਾਨੈ ਸਚਾ ਸੋਇ ॥੭॥

ਸੰਤਾਂ 'ਤੇ ਜੋ ਦੂਸ਼ਣ ਲਾਉਂਦਾ, ਲੈਂਦਾ ਬਦ-ਦੁਆਵਾਂ।
ਰੂਪੋਂ ਹੋਏ ਕਰੂਪ ਤੇ ਅੱਗੇ, ਦਰਗਹ ਮਿਲਣ ਸਜ਼ਾਵਾਂ।
ਸੰਤ ਦਾ ਦੋਖੀ ਤੜਪੇ ਕਲਪੇ, ਸਦਾ ਸਹਿਕਦਾ ਰਹਿੰਦਾ।
ਨਾ ਉਹ ਜੀਉਂਦਿਆਂ ਦੇ ਵਿਚ ਸ਼ਾਮਲ, ਨਾ ਕੋਈ ਮਰਿਆ ਕਹਿੰਦਾ।
ਮਨ ਦੀ ਮਨ ਵਿਚ ਰਹੇ ਹਮੇਸ਼ਾਂ, ਪੂਰੀ ਹੋਏ ਨਾ ਆਸਾ।
ਇਸ ਦੁਨੀਆਂ ਤੋਂ ਸੰਤ ਦਾ ਦੋਖੀ, ਜਾਂਦਾ ਸਦਾ ਨਿਰਾਸਾ।
ਸੰਤ ਦੋਖੀ ਦਾ ਮਨ ਨਾ ਟਿੱਕਦਾ, ਕਦੇ ਭੀ ਕਿਸੇ ਟਿਕਾਣੇ।
ਜੈਸੀ ਕਰਨੀ ਤੈਸੀ ਭਰਨੀ , ਆਖਣ ਲੋਕ ਸਿਆਣੇ।
ਕਰਮਾਂ ਤਾਂਈਂ ਕਿਰਤ ਬਣਾਉਂਦੀ, ਮੇਟ ਨਾ ਸਕੇ ਕੋਈ।
ਆਪਣਾ ਕੀਤਾ ਕੁਝ ਨਹੀ ਹੁੰਦਾ, ਜੋ ਭਾਵੇ ਸੋ ਹੋਈ ॥੭॥

Sri Satguru Jagjit Singh Ji eLibrary NamdhariElibrary@gmail.com

ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥
ਸਦਾ ਸਦਾ ਤਿਸ ਕਉ ਨਮਸਕਾਰੁ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥
ਤਿਸਹਿ ਧਿਆਵਹੁ ਸਾਸਿ ਗਿਰਾਸਿ ॥
ਸਭੁ ਕਛੁ ਵਰਤੈ ਤਿਸ ਕਾ ਕੀਆ ॥
ਜੈਸਾ ਕਰੇ ਤੈਸਾ ਕੋ ਥੀਆ ॥
ਅਪਨਾ ਖੇਲੁ ਆਪਿ ਕਰਨੈਹਾਰੁ ॥
ਦੂਸਰ ਕਉਨੁ ਕਹੈ ਬੀਚਾਰੁ ॥
ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥
ਬਡਭਾਗੀ ਨਾਨਕ ਜਨ ਸੇਇ ॥੮॥੧੩॥

ਸਭ ਦੇਹਾਂ ਨੂੰ ਸਾਜਣ ਵਾਲਾ, ਇਕੋ ਸਿਰਜਣਹਾਰਾ।
ਸਦਾ ਸਦਾ ਉਸ ਅੱਗੇ ਝੁਕੀਏ, ਆਪਣਾ ਬੱਲ ਛੱਡ ਸਾਰਾ।
ਵਾਹਿਗੁਰੂ ਦੀ ਸਿਫਤ ਸਲਾਹ ਵਿਚ, ਹਰ ਦਮ ਲੱਗੇ ਰਹੀਏ।
ਖਾਂਦੇ ਪੀਂਦੇ ਹਰ ਇਕ ਸਾਹ ਨਾਲ, ਨਾਮ ਓਸਦਾ ਲਈਏ।
ਹੋਏ ਹਮੇਸ਼ਾਂ ਓਸ ਤਰ੍ਹਾਂ ਹੀ, ਜਿਉਂ ਪਰਮੇਸ਼ਰ ਚਾਹਵੇ।
ਮਾਲਕ ਦੀ ਜੋ ਇੱਛਾ ਹੋਵੇ, ਜੀਵ ਉਵੇਂ ਬਣ ਜਾਵੇ।
ਏਹ ਹੈ ਸਾਰਾ ਖੇਲ ਓਸਦਾ, ਆਪ ਹੀ ਖੇਲਣਹਾਰਾ।
ਹੋਰ ਦੂਸਰਾ ਕੌਣ ਹੈ ਕੋਈ, ਸੋਚੈ ਕਰ ਵੀਚਾਰਾ।
ਕਿਰਪਾ ਕਰਕੇ ਜਿਨ੍ਹਾਂ 'ਤੇ ਹਰਿ ਜੀ, ਆਪਣਾ ਨਾਮ ਜਪਾਵਣ।
ਜੱਗ 'ਤੇ ਕੇਵਲ ਭਾਗਾਂ ਵਾਲੇ, ਉਹ ਹੀ ਜੀਵ ਕਹਾਵਣ ॥੮॥੧੩॥

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥
ਦੇਵਨ ਕਉ ਏਕੈ ਭਗਵਾਨੁ॥
ਜਿਸ ਕੈ ਦੀਐ ਰਹੈ ਅਘਾਇ॥
ਬਹੁਰਿ ਨ ਤ੍ਰਿਸਨਾ ਲਾਗੈ ਆਇ॥
ਮਾਰੈ ਰਾਖੈ ਏਕੋ ਆਪਿ॥
ਮਾਨੁਖ ਕੈ ਕਿਛੁ ਨਾਹੀ ਹਾਥਿ॥
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥
ਤਿਸ ਕਾ ਨਾਮੁ ਰਖੁ ਕੰਠਿ ਪਰੋਇ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥
ਨਾਨਕ ਬਿਘਨੁ ਨ ਲਾਗੈ ਕੋਇ॥੧॥

ਓਟ ਆਸਰਾ ਛੱਡ ਬੰਦੇ ਦਾ, ਜਾਵੇ ਸਦਾ ਅਜਾਈਂ।
ਹਰ ਇਕ ਜੀਵ ਨੂੰ ਦੇਵਣ ਵਾਲਾ, ਇਕੋ ਸੱਚਾ ਸਾਂਈਂ।
ਇਕੋ ਵਾਰੀ ਜਿਸਦੇ ਦਿਤਿਆਂ, ਰੱਜ ਬੰਦੇ ਨੂੰ ਆਵੇ।
ਫੇਰ ਤ੍ਰਿਸ਼ਨਾ ਬਪੁੜੀ ਉਸਦੇ, ਨੇੜੇ ਕਦੇ ਨਾ ਜਾਵੇ।
ਮਾਰਨ ਅਤੇ ਰਖਣਵਾਲਾ, ਇਕੋ ਹੈ ਨਿਰੰਕਾਰਾ।
ਬੰਦੇ ਦੇ ਕੁਝ ਹੱਥ ਵੱਸ ਨਾਹੀਂ, ਕਰਕੇ ਦੇਖ ਵੀਚਾਰਾ।
ਉਸਦੀ ਰਜ਼ਾ ਵਿੱਚ ਰਹਿਕੇ ਸੁੱਖ ਹੈ, ਮਿੱਠਾ ਮੰਨੀਏ ਭਾਣਾ।
ਨਾਮ ਉਹਦਾ ਦਿਲ ਵਿਚ ਪਰੋਈਏ, ਜਿਸਨੇ ਪਾਰ ਲੰਘਾਣਾ।
ਐਸੇ ਪ੍ਰਭ ਨੂੰ ਸਦਾ ਸਿਮਰ ਤੂੰ, ਹਰ ਦਮ ਉਠਦੇ ਬਹਿੰਦੇ।
ਕਦੇ ਰੁਕਾਵਟ ਨੇੜ ਨਾ ਆਵੇ, ਪੰਜਵੇਂ ਨਾਨਕ ਕਹਿੰਦੇ॥੧॥

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਬਡਭਾਗੀ ਤੇ ਜਨ ਜਗ ਮਾਹਿ॥
ਸਦਾ ਸਦਾ ਹਰਿ ਕੇ ਗੁਨ ਗਾਹਿ॥
ਰਾਮ ਨਾਮ ਜੋ ਕਰਹਿ ਬੀਚਾਰ॥
ਸੇ ਧਨਵੰਤ ਗਨੀ ਸੰਸਾਰ॥
ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥
ਸਦਾ ਸਦਾ ਜਾਨਹੁ ਤੇ ਸੁਖੀ॥
ਏਕੋ ਏਕੁ ਏਕੁ ਪਛਾਨੈ॥
ਇਤ ਉਤ ਕੀ ਓਹੁ ਸੋਝੀ ਜਾਨੈ॥
ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆਂ ॥੩॥

ਚੰਗੇ ਕਰਮਾਂ ਵਾਲੇ ਜੱਗ ਵਿਚ, ਉਹ ਜਨ ਨੇ ਕਹਿਲਾਂਦੇ।
ਅੱਠੇ ਪਹਰ ਨੇ ਰਹਿੰਦੇ ਜੇਹੜੇ, ਪਰਮੇਸ਼ਰ ਗੁਣ ਗਾਂਦੇ।
ਪ੍ਰਭੂ ਨਾਮ ਦੀਆਂ ਕਰਨ ਵੀਚਾਰਾਂ, ਜਿੱਥੇ ਭੀ ਜੁੜ ਬਹਿੰਦੇ।
ਬੇ-ਮੁਹਤਾਜੇ ਜੋ ਹੋ ਜਾਵਣ, ਧਨੀ ਉਨ੍ਹਾਂ ਨੂੰ ਕਹਿੰਦੇ।
ਮਨ, ਤਨ, ਮੁੱਖ ਦੀ ਕਰ ਤ੍ਰਿਬੇਣੀ, ਨਾਮ ਪ੍ਰਭੂ ਜੋ ਗਾਉਂਦੇ।
ਸੱਚ ਕਰ ਜਾਣੋ ਐਸੇ ਜਨ ਹੀ, ਸੁੱਖ ਸਦੀਵੀਂ ਪਾਉਂਦੇ।
ਹਰ ਇਕ ਵਿਚੋਂ ਇਕ ਪ੍ਰਭੂ ਦੀ, ਜੋਤਿ ਜਿਹਨੂੰ ਦਿਸ ਆਈ।
ਲੋਕ ਅਤੇ ਪਰਲੋਕ ਦੀ ਸਮਝੋ, ਉਸਨੇ ਸੋਝੀ ਪਾਈ।
ਵਾਹਿਗੁਰੂ ਦੇ ਨਾਮ 'ਚ ਜਿਸਦਾ, ਇਹ ਮਨ ਹੈ ਜੁੜ ਜਾਂਦਾ।
ਉਹ ਮਾਇਆ ਤੋਂ ਰਹਿਤ ਪ੍ਰਭੂ ਦੇ, ਹਰ ਇਕ ਭੇਦ ਨੂੰ ਪਾਂਦਾ॥੩॥

Sri Satguru Jagjit Singh Ji eLibrary NamdhariElibrary@gmail.com

ਗੁਰ ਪ੍ਰਸਾਦਿ ਆਪਨ ਆਪੁ ਸੁਝੈ॥
ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥
ਸਾਧ ਸੰਗਿ ਹਰਿ ਹਰਿ ਜਸੁ ਕਹਤ॥
ਸਰਬ ਰੋਗ ਤੇ ਓਹੁ ਹਰਿ ਜਨੁ ਰਹਤ॥
ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ॥
ਗ੍ਰਿਹਸਤ ਮਹਿ ਸੋਈ ਨਿਰਬਾਨੁ॥
ਏਕ ਊਪਰਿ ਜਿਸੁ ਜਨ ਕੀ ਆਸਾ॥
ਤਿਸ ਕੀ ਕਟੀਐ ਜਮ ਕੀ ਫਾਸਾ॥
ਪਾਰਬ੍ਰਹਮ ਕੀ ਜਿਸੁ ਮਨਿ ਭੂਖ॥
ਨਾਨਕ ਤਿਸਹਿ ਨ ਲਾਗਹਿ ਦੂਖ॥੪॥

ਗੁਰ ਕਿਰਪਾ ਨਾਲ ਆਪਣੇ ਬਾਰੇ, ਜਿਸਨੂੰ ਸੋਝੀ ਆਵੇ।
ਬਲਦੀ ਅੱਗ ਇਛਾਵਾਂ ਵਾਲੀ, ਤੱਤ ਛਿਨ ਹੀ ਬੁੱਝ ਜਾਵੇ।
ਸਾਧ ਸੰਗਤ ਵਿਚ ਆਕੇ ਜਿਹੜਾ, ਮਾਲਕ ਦੇ ਗੁਣ ਗਾਉਂਦਾ।
ਕੁਲ ਰੋਗਾਂ ਤੋਂ ਐਸਾ ਹਰਿ-ਜਨ, ਝੱਟ ਛੁਟਕਾਰਾ ਪਾਉਂਦਾ।
ਹਰ ਦਿਨ ਜਿਹੜਾ ਹਰਿ-ਜੱਸ ਸੁਣਦਾ, ਹਰਿ ਦੀਆਂ ਬਾਤਾਂ ਕਰਦਾ।
ਰਹੇ ਨਿਰਲੇਪ ਗ੍ਰਿਹਸਤ 'ਚ ਜਿਵੇਂ, ਕਮਲ ਪਾਣੀ ਵਿਚ ਤਰਦਾ।
ਖਸਮ ਭਰੋਸਾ ਜਿਸ ਜਨ ਤਾਈਂ, ਓਟ ਭੀ ਉਸਦੀ ਤੱਕਦਾ।
ਜਮ ਦੀ ਫਾਹੀ ਉਸ ਹਰਿ-ਜਨ ਦੀ, ਆਪ ਹਰੀ ਹੈ ਕੱਟਦਾ।
ਵਾਹਿਗੁਰੂ ਦੇ ਨਾਮ ਦੀ ਜਿਸ ਨੂੰ, ਭੁੱਖ ਲੱਗੀ ਹੈ ਰਹਿੰਦੀ।
ਉਸਦੀ ਜ਼ਿੰਦਗੀ ਜਨਮ ਮਰਨ ਦੇ, ਦੁੱਖਾਂ ਵਿਚ ਨਾਂ ਪੈਂਦੀ॥੪॥

Sri Satguru Jagjit Singh Ji eLibrary NamdhariElibrary@gmail.com

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥
ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥
ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥
ਸੋ ਸੇਵਕੁ ਕਹੁ ਕਿਸ ਤੇ ਡਰੈ ॥
ਜੈਸਾ ਸਾ ਤੈਸਾ ਦ੍ਰਿਸਟਾਇਆ ॥
ਅਪੁਨੇ ਕਾਰਜ ਮਹਿ ਆਪਿ ਸਮਾਇਆ ॥
ਸੋਧਤ ਸੋਧਤ ਸੋਧਤ ਸੀਝਿਆ ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥
ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥

ਯਾਦ ਪ੍ਰਭੂ ਦੀ ਜਿਸ ਵਡਭਾਗੇ, ਹਿਰਦੇ ਵਿਚ ਵੱਸ ਜਾਵੇ।
ਐਸਾ ਸੰਤ ਪਿਆਰਾ ਆਪਣਾ, ਦਿਲ ਨਾ ਕਦੇ ਡੁਲਾਵੇ।
ਜਿਸ ਜਨ ਉਪਰ ਰੱਖਦਾ ਹੈ ਉਹ, ਆਪਣੀ ਬਖਸ਼ਿਸ਼ ਕਰਕੇ।
ਉਹ ਸੇਵਕ ਫਿਰ ਕਿਉਂ ਕਿਸੇ ਤੋਂ, ਰਹੇ ਜਗਤ ਵਿਚ ਡਰਕੇ।
ਜੈਸਾ ਪ੍ਰਭੂ ਹੈ ਸੇਵਕ ਤਾਂਈਂ, ਤੈਸਾ ਹੀ ਦਿਸ ਆਇਆ।
ਕਰਤਾ ਆਪਣੀ ਕਿਰਤ ਦੇ ਹਰ ਇਕ, ਕਿਣਕੇ ਵਿਚ ਸਮਾਇਆ।
ਸੋਚਾਂ ਵਿਚ ਗੁਆਚੇ ਤਾਂਈਂ, ਇਕ ਦਿਨ ਸੋਝੀ ਆਈ।
ਗੁਰ ਕਿਰਪਾ ਕਰ ਮੇਰੇ ਉਪਰ, ਅਸਲੀਅਤ ਸਮਝਾਈ।
ਸਭ ਦਾ ਮੁੱਢ ਅਕਾਲ ਪੁਰਖ ਹੈ, ਹੁਣ ਇਹ ਨਜ਼ਰੀਂ ਆਇਆ।
ਨਿਰਗੁਣ ਰੂਪ ਹੀ ਵਾਹਿਗੁਰੂ ਦਾ, ਸਰਗੁਣ ਵਿਚ ਸਮਾਇਆ ॥੫॥

Sri Satguru Jagjit Singh Ji eLibrary NamdhariElibrary@gmail.com

ਨਹ ਕਿਛੁ ਜਨਮੈ ਨਹ ਕਿਛੁ ਮਰੈ॥
ਆਪਨ ਚਲਿਤੁ ਆਪ ਹੀ ਕਰੈ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ॥
ਆਪੇ ਆਪਿ ਸਗਲ ਮਹਿ ਆਪਿ॥
ਅਨਿਕ ਜੁਗਤਿ ਰਚਿ ਥਾਪਿ ਉਥਾਪਿ॥
ਅਬਿਨਾਸੀ ਨਾਹੀ ਕਿਛੁ ਖੰਡ ॥
ਧਾਰਣ ਧਾਰਿ ਰਹਿਓ ਬ੍ਰਹਮੰਡ॥
ਅਲਖ ਅਭੇਵ ਪੁਰਖ ਪਰਤਾਪ॥
ਆਪਿ ਜਪਾਏ ਤ ਨਾਨਕ ਜਾਪ॥੬॥

ਨਾ ਕੁਝ ਨਵਾਂ ਜਨਮ ਹੈ ਲੈਂਦਾ, ਨਾ ਕੁਝ ਪਹਿਲਾਂ ਮਰਦਾ।
ਏਹ ਤਾਂ ਆਪਣੀ ਮੌਜ 'ਚ ਆਕੇ, ਮੌਲ੍ਹਾ ਖੇਡਾਂ ਕਰਦਾ।
ਜੰਮਣਾ ਮਰਨਾ, ਆਉਣਾ ਜਾਣਾ, ਦਿਸਣਾ ਜਾਂ ਨਾ ਦਿਸਣਾ।
ਹੁਕਮ 'ਚ ਬੱਝੀ ਚੱਲ ਰਹੀ ਹੈ, ਸਭ ਕਰਤੇ ਦੀ ਰਚਨਾ।
ਆਪ ਹੀ ਸਾਰੀ ਕਾਇਨਾਤ ਵਿਚ, ਬੈਠਾ ਆਪ ਸੁਹਾਵੇ।
ਕਈ ਢੰਗਾਂ ਨਾਲ ਸਾਜ ਏਸਨੂੰ, ਆਪੇ ਫੇਰ ਮਿਟਾਵੇ।
ਨਾਸ ਰਹਿਤ ਹੈ ਪ੍ਰਭੁ ਅਬਿਨਾਸੀ, ਨਾਂ ਆਵੇ ਨਾਂ ਜਾਵੇ।
ਸਾਰੇ ਬ੍ਰਹਿਮੰਡਾਂ ਦੇ ਤਾਂਈਂ, ਆਪਣੇ ਆਪ ਬਣਾਵੇ।
ਗਿਆਨ ਇੰਦ੍ਰੀਆਂ ਰਾਹੀਂ ਉਸਦੀ; ਸ਼ਬ ਵਰਣੀ ਨਾ ਜਾਵੇ।
ਉਸਦੀ ਯਾਦ 'ਚ ਉਹੀਓ ਜੁੱੜਦਾ, ਜੋ ਉਸ ਤਾਂਈਂ ਭਾਵੇ॥੬॥

Sri Satguru Jagjit Singh Ji eLibrary NamdhariElibrary@gmail.com

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ॥
ਸਗਲ ਸੰਸਾਰੁ ਉਧਰੈ ਤਿੰਨ ਮੰਤ॥
ਪ੍ਰਭ ਕੇ ਸੇਵਕ ਸਗਲ ਉਧਾਰਨ॥
ਪ੍ਰਭ ਕੇ ਸੇਵਕ ਦੂਖ ਬਿਸਾਰਨ॥
ਆਪੇ ਮੇਲਿ ਲਏ ਕਿਰਪਾਲ॥
ਗੁਰ ਕਾ ਸਬਦੁ ਜਪਿ ਭਏ ਨਿਹਾਲ॥
ਉਨ ਕੀ ਸੇਵਾ ਸੋਈ ਲਾਗੈ॥
ਜਿਸ ਨੋ ਕ੍ਰਿਪਾ ਕਰਹਿ ਬਡਭਾਗੈ॥
ਨਾਮੁ ਜਪਤ ਪਾਵਹਿ ਬਿਸ੍ਰਾਮੁ॥
ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ॥੭॥

ਜਿਨ੍ਹਾਂ ਪਛਾਤਾ ਪਾਰਬ੍ਰਹਮ ਨੂੰ, ਜੱਗ ਵਿਚ ਸੋਭਾ ਪਾਂਦੇ।
ਸੁਣ ਉਹਨਾਂ ਤੋਂ ਸੋਹਣੀ ਸਿਖਿਆ, ਬਾਕੀ ਭੀ ਤਰ ਜਾਂਦੇ।
ਸਭ ਦਾ ਪਾਰ ਉਤਾਰਾ ਕਰਦੇ, ਪ੍ਰਭੁ ਦੇ ਸੇਵਕ ਪਿਆਰੇ।
ਦੁੱਖਾਂ ਵਿਚੋਂ ਕੱਢ ਲੈਣ ਉਹ, ਸਭ ਦੁੱਖੀਏ ਦੁਖਿਆਰੇ।
ਰਹਿਮਤ ਕਰਕੇ ਪ੍ਰਭੂ ਜਿਹਨਾਂ ਨੂੰ, ਆਪਣੇ ਨਾਲ ਮਿਲਾਵਣ।
ਸ਼ਬਦ ਗੁਰੂ ਦਾ ਮੰਨਕੇ ਜੱਪਕੇ, ਉਹ ਸੁਖੀਏ ਹੋ ਜਾਵਣ।
ਐਸੇ ਗੁਰਮੁਖ ਜਨਾਂ ਦੀ, ਸੱਚੀ ਸੇਵਾ ਉਹੀ ਕਮਾਵਣ।
ਜਿਸਨੂੰ ਬਖਸ਼ਿਸ਼ ਕਰਕੇ ਪ੍ਰਭ ਜੀ, ਸੱਚੀ ਕਾਰੇ ਲਾਵਣ।
ਜੱਪ ਕੇ ਨਾਮ ਮੁਕਤਿ ਹੋ ਜਾਂਦੇ, ਜਨਮ ਮਰਨ ਕੱਟ ਲੈਂਦੇ।
ਐਸੇ ਪੁਰਸ਼ ਨੂੰ ਪੰਜਵੇ ਨਾਨਕ, ਸਭ ਤੋਂ ਉਤਮ ਕਹਿੰਦੇ॥੭॥

Sri Satguru Jagjit Singh Ji eLibrary NamdhariElibrary@gmail.com

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥
ਸਦਾ ਸਦਾ ਬਸੈ ਹਰਿ ਸੰਗਿ॥
ਸਹਜ ਸੁਭਾਇ ਹੋਵੈ ਸੋ ਹੋਇ॥
ਕਰਣੈਹਾਰੁ ਪਛਾਣੈ ਸੋਇ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ॥
ਜੈਸਾ ਸਾ ਤੈਸਾ ਦ੍ਰਿਸਟਾਨਾ॥
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ॥
ਓਇ ਸੁਖ ਨਿਧਾਨ ਉਨਹੂ ਬਨਿ ਆਏ॥
ਆਪਸ ਕਉ ਆਪਿ ਦੀਨੋ ਮਾਨੁ॥
ਨਾਨਕ ਪ੍ਰਭ ਜਨੁ ਏਕੋ ਜਾਨੁ॥੮॥੧੪॥

ਪ੍ਰਭ ਦਾ ਸੇਵਕ, ਪ੍ਰਭੂ ਪਿਆਰ ਵਿਚ, ਰਹਿਕੇ ਕਾਰ ਕਮਾਵੇ।
ਹਰ ਵੇਲੇ ਉਹ ਵਾਹਿਗੁਰੂ ਨੂੰ, ਆਪਣੇ ਅੰਗ ਸੰਗ ਪਾਵੇ।
ਜੋ ਕੁਝ ਹੋਵੇ, ਸਹਜ ਸੁਭਾ ਹੀ, ਇਸ ਗੱਲ ਤਾਂਈਂ ਜਾਣੇ।
ਕਰਨ ਕਰਾਵਨਹਾਰ ਹੈ ਜਿਹੜਾ, ਉਸਨੂੰ ਖੂਬ ਪਛਾਣੇ।
ਮਿੱਠਾ ਕਰਕੇ ਮੰਨਦੇ ਉਸਨੂੰ, ਜੋ ਪ੍ਰਭੁ ਜੀ ਹੈ ਕਰਦਾ।
ਵਾਹਿਗੁਰੂ ਦਾ ਦਰਸ਼ਨ ਕਰਦੇ, ਜਦ ਉਠ ਜਾਵੇ ਪਰਦਾ।
ਜਿਸ ਮਾਲਕ ਨੇ ਪੈਦਾ ਕੀਤੇ, ਜਾ ਉਸੇ ਵਿਚ ਰਲਦੇ।
ਨਾਮ ਖਜ਼ਾਨੇ ਸੇਵਕਾਂ ਦੇ ਸਦਾ, ਰਹਿਣ ਹਮੇਸ਼ਾਂ ਫਲਦੇ।
ਆਪਣੇ ਆਪ ਨੂੰ ਆਪ ਪਿਆਰਾ, ਆਪੇ ਮਾਣ ਦਿਵਾਏ।
ਹਰਿ ਜੀ ਵਿਚ ਤੇ ਹਰਿ-ਜਨ ਦੇ ਵਿਚ, ਭੇਦ ਨਾ ਕੋਈ ਪਾਵੇ।੮॥੧੪॥

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਲੋਕੁ ॥
ਸਰਬ ਕਲਾ ਭਰਪੂਰ ਪ੍ਰਭ
ਬਿਰਥਾ ਜਾਨਨਹਾਰ ॥
ਜਾ ਕੈ ਸਿਮਰਨਿ ਉਧਰੀਐ
ਨਾਨਕ ਤਿਸੁ ਬਲਿਹਾਰ ॥੧॥

ਸਰਬ ਸ਼ਕਤੀਆਂ ਦਾ ਜੋ ਮਾਲਕ,
ਸਾਡੇ ਦਿਲ ਦੀਆਂ ਜਾਣੇ।
ਜਿਸਦਾ ਸਿਮਰਨ ਪਾਰ ਉਤਾਰੇ,
ਉਸ ਪ੍ਰਭ ਤੋਂ ਕੁਰਬਾਣੇ ।੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਟੂਟੀ ਗਾਢਨਹਾਰ ਗੋੁਪਾਲ॥
ਸਰਬ ਜੀਆ ਆਪੇ ਪ੍ਰਤਿਪਾਲ॥
ਸਗਲ ਕੀ ਚਿੰਤਾ ਜਿਸੁ ਮਨ ਮਹਿ॥
ਤਿਸ ਤੇ ਬਿਰਥਾ ਕੋਈ ਨਾਹਿ॥
ਰੇ ਮਨ ਮੇਰੇ ਸਦਾ ਹਰਿ ਜਾਪਿ॥
ਅਬਿਨਾਸੀ ਪ੍ਰਭੁ ਆਪੇ ਆਪਿ॥
ਆਪਨ ਕੀਆ ਕਛੂ ਨ ਹੋਇ॥
ਜੇ ਸਉ ਪ੍ਰਾਨੀ ਲੋਚੈ ਕੋਇ॥
ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ॥
ਗਤਿ ਨਾਨਕ ਜਪਿ ਏਕ ਹਰਿ ਨਾਮ॥੧॥

ਵਾਹਿਗੁਰੂ ਹੀ ਟੁੱਟੀਆਂ ਤੰਦਾਂ, ਜੋੜਕੇ ਫੇਰ ਮਿਲਾਵੇ।
ਸਭ ਦਾ ਰਾਜ਼ਕ ਜੀਵਾਂ ਤਾਂਈ, ਹਰ ਥਾਂਹ ਰਿਜ਼ਕ ਪੁਚਾਵੇ।
ਸਭ ਦੀ ਫਿਕਰ ਹੈ ਉਸਨੂੰ, ਜਿਸਨੇ ਇਹ ਸੰਸਾਰ ਬਣਾਇਆ।
ਉਸਦੀ ਮੇਹਰ ਤੋਂ ਸਖਣਾ ਮੈਨੂੰ, ਨਜ਼ਰ ਨਾ ਕੋਈ ਆਇਆ।
ਉਸਦੇ ਤਾਂਈਂ ਸਦਾ ਸਿਮਰ ਤੂੰ, ਐ ਮਨ ਤੂੰ ਚਿੱਤ ਲਾਕੇ।
ਜੋ ਅਬਿਨਾਸ਼ੀ ਰੱਖੇ ਆਪਣੀ, ਸਭ ਵਿਚ ਜੋਤਿ ਜਗਾਕੇ।
ਆਪਣਾ ਕੀਤਾ ਕੁਝ ਨਹੀ ਹੁੰਦਾ, ਹੋਵੇ ਜੋ ਉਸ ਭਾਵੇ।
ਬੇਸ਼ਕ ਬੰਦਾ ਆਪਣੀ ਸ਼ਕਤੀ, ਸੌ ਵਾਰੀ ਅਜ਼ਮਾਵੇ।
ਪ੍ਰਭ ਬਿਨ ਨਹੀਂ ਕਿਸੇ ਕੰਮ ਔਣਾ, ਤੇਰੇ ਬਰਖੁਰਦਾਰਾ।
ਜਪ ਲੈ ਇਕ ਅਕਾਲ ਪੁਰਖ ਨੂੰ, ਜੇ ਚਾਹੁੰਨੈ ਛੁਟਕਾਰਾ।

Sri Satguru Jagjit Singh Ji eLibrary NamdhariElibrary@gmail.com

ਰੂਪਵੰਤੁ ਹੋਇ ਨਾਹੀ ਮੋਹੈ ॥
ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥
ਧਨਵੰਤਾ ਹੋਇ ਕਿਆ ਕੋ ਗਰਬੈ ॥
ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥
ਅਤਿ ਸੂਰਾ ਜੇ ਕੋਊ ਕਹਾਵੈ ॥
ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥
ਜੇ ਕੋ ਹੋਇ ਬਹੈ ਦਾਤਾਰੁ ॥
ਤਿਸੁ ਦੇਨਹਾਰੁ ਜਾਨੈ ਗਾਵਾਰੁ ॥
ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥
ਨਾਨਕ ਸੋ ਜਨੁ ਸਦਾ ਅਰੋਗੁ ॥੨॥

ਅਤਿ ਸੁੰਦਰ ਤੇ ਛੈਲ ਛਬੀਲਾ, ਮੋਹ ਨਾ ਸਕੇ ਸੰਸਾਰਾ।
ਹਰ ਇਕ ਜੀਵ ਦੇ ਅੰਦਰ ਉਸੇ, ਜੋਤੀ ਦਾ ਲਿਸ਼ਕਾਰਾ।
ਧਨ ਦੌਲਤ ਨੂੰ ਪਾਕੇ ਬੰਦਾ, ਕਿਉਂ ਹੋਵੇ ਹੰਕਾਰੀ।
ਜਦ ਕਿ ਬਖਸ਼ੀ ਵਾਹਿਗੁਰੂ ਨੇ, ਦੌਲਤ ਉਸਨੂੰ ਸਾਰੀ।
ਜੇ ਕੋਈ ਆਪਣੇ ਆਪ ਦੇ ਅੰਦਰ, ਬਣੇ ਬਹਾਦਰ ਭਾਰਾ।
ਪ੍ਰਭ ਸ਼ਕਤੀ ਬਿਨ ਪੁੱਟ ਨਹੀ ਸਕਦਾ, ਇਕ ਭੀ ਕਦਮ ਦੁਬਾਰਾ।
ਜੇ ਕੋਈ ਆਪ ਨੂੰ ਸਮਝੇ ਮੈਂ ਹਾਂ, ਸਭ ਤੋਂ ਵੱਡਾ ਦਾਤਾ।
ਮੂਰਖ ਸਮਝੇ ਉਸਦੇ ਤਾਂਈ, ਦੇਵਣਹਾਰ ਵਿਧਾਤਾ।
ਗੁਰ ਕਿਰਪਾ ਦੇ ਸਦਕਾ ਜਿਸਦਾ, ਰੋਗ ਹਉਮੈ ਦਾ ਜਾਏ।
ਸਦਾ ਵਾਸਤੇ ਐਸਾ ਪ੍ਰਾਣੀ, ਤੰਦਰੁਸਤ ਕਹਿਲਾਏ॥੨॥

ਜਿਉ ਮੰਦਰ ਕਉ ਥਾਮੈ ਥੰਮਨੁ ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥
ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥
ਨਾਨਕ ਕੀ ਹਰਿ ਲੋਚਾ ਪੂਰਿ ॥੩॥

ਜਿਉਂ ਘਰ ਦੀ ਛੱਤ ਟਿਕੀ ਹੈ ਰਹਿੰਦੀ, ਕਿਸੇ ਛਤੀਰ ਦੁਆਰਾ।
ਏਸ ਤਰਾਂ ਹੀ ਸ਼ਬਦ ਗੁਰੂ ਦਾ, ਮਨ ਨੂੰ ਦਵੇ ਸਹਾਰਾ।
ਜਿਉਂ ਬੇੜੀ ਦੇ ਉਪਰ ਚੜ੍ਹ ਕੇ, ਪੱਥਰ ਪਾਰ ਹੋ ਜਾਵੇ।
ਗੁਰ ਚਰਨਾਂ ਨਾਲ ਜੁੜਕੇ ਪ੍ਰਾਣੀ, ਮੋਖ ਮੁਕਤਿ ਪਦ ਪਾਵੇ।
ਦੀਵਾ ਬਲੇ ਹਨੇਰਾ ਜਾਏ, ਰੌਸ਼ਨ ਹੋਵੇ ਵਿਹੜਾ।
ਗੁਰ ਦਰਸ਼ਨ ਕਰ ਮਨ ਮੰਦਰ ਵਿਚ, ਵੱਸ ਜਾਂਦਾ ਹੈ ਖੇੜਾ।
ਜਿਉਂ ਜੰਗਲ ਵਿਚ ਭੁੱਲਿਆ ਹੋਇਆ, ਰਾਹ ਲੱਭ ਲੈਂਦਾ ਰਾਹੀ।
ਤਿਉਂ ਸਾਧੂ ਦੀ ਸੰਗਤ ਵਿਚ ਆ, ਪ੍ਰਗਟੇ ਜੋਤਿ ਇਲਾਹੀ।
ਐਸੇ ਸੰਤ ਸਰੂਪ ਜਨਾਂ ਦੀ, ਮੈਂ ਧੂੜੀ ਨੂੰ ਚਾਹਵਾਂ।
ਪੰਜਵੇਂ ਨਾਨਕ ਕਹਿੰਦੇ ਹੇ ਪ੍ਰਭੂ, ਪੂਰੀਆਂ ਕਰੋ ਇਛਾਵਾਂ॥ ੩॥

Sri Satguru Jagjit Singh Ji eLibrary NamdhariElibrary@gmail.com

ਮਨ ਮੂਰਖ ਕਾਹੇ ਬਿਲਲਾਈਐ ॥
ਪੁਰਬ ਲਿਖੇ ਕਾ ਲਿਖਿਆ ਪਾਈਐ ॥
ਦੂਖ ਸੂਖ ਪ੍ਰਭ ਦੇਵਨਹਾਰੁ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥
ਭੂਲਾ ਕਾਹੇ ਫਿਰਹਿ ਅਜਾਨ ॥
ਕਉਨ ਬਸਤੁ ਆਈ ਤੇਰੈ ਸੰਗ ॥
ਲਪਟਿ ਰਹਿਓ ਰਸਿ ਲੋਭੀ ਪਤੰਗ ॥
ਰਾਮ ਨਾਮ ਜਪਿ ਹਿਰਦੇ ਮਾਹਿ ॥
ਨਾਨਕ ਪਤਿ ਸੇਤੀ ਘਰਿ ਜਾਹਿ ॥੪॥

ਐ ਮੂੜ੍ਹੇ ਮਨ ਬੇ-ਮਤਲਬ ਹੀ, ਕਿਉਂ ਤੂੰ ਵਿਲਕੀਂ ਜਾਵੇਂ।
ਜੋ ਪਹਿਲਾਂ ਭਾਗਾਂ ਵਿਚ ਲਿਖਿਆ, ਉਸ ਨੂੰ ਹੀ ਤੂੰ ਪਾਵੇਂ।
ਦੁੱਖ ਸੁੱਖ ਦੋਵੇ ਦੇਵਣ ਹਾਰਾ, ਇਕੋ ਸੱਚਾ ਸਾਂਈ।
ਛੱਡਕੇ ਹੋਰਾਂ ਤਾਂਈਂ ਐ ਮਨ, ਉਸ ਪ੍ਰਭ ਨੂੰ ਹੀ ਧਿਆਈਂ।
ਉਸ ਦੀ ਰਜ਼ਾ 'ਚ ਰਹੁ ਤੂੰ ਰਾਜ਼ੀ, ਮੰਨ ਕੇ ਮਿੱਠਾ ਭਾਣਾ।
ਕਾਹਨੂੰ ਉਸਦਾ ਦਾਮਨ ਛੱਡਕੇ, ਭੁੱਲਿਆ ਤੂੰ ਅਣ ਜਾਣਾ।
ਕਿਹੜੀ ਚੀਜ਼ ਨੂੰ ਤੂੰ ਲੈ ਕੇ ਦੱਸ, ਦੁਨੀਆਂ ਦੇ ਵਿਚ ਆਇਆ।
ਲੋਭ ਲਹਿਰ ਵਿਚ ਭੌਰੇ ਵਾਗੂੰ, ਆਪਣਾ ਆਪ ਫਸਾਇਆ।
ਵਾਹਿਗੁਰੂ ਦੇ ਨਾਂਮ ਨੂੰ ਜੇਕਰ, ਹਿਰਦੇ ਵਿਚ ਵਸਾਵੇਂ।
ਇੱਜ਼ਤ ਦੇ ਨਾਲ ਇਸ ਦੁਨੀਆਂ ਤੋਂ, ਤੂੰ ਸੱਚੇ ਘਰ ਜਾਵੇਂ॥ ੪॥

Sri Satguru Jagjit Singh Ji eLibrary NamdhariElibrary@gmail.com

ਜਿਸੁ ਵਖਰ ਕਉ ਲੈਨਿ ਤੂ ਆਇਆ॥
ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥
ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥
ਅਵਰ ਤਿਆਗਿ ਬਿਖਿਆ ਜੰਜਾਲ॥
ਧੰਨਿ ਧੰਨਿ ਕਹੈ ਸਭੁ ਕੋਇ॥
ਮੁਖ ਊਜਲ ਹਰਿ ਦਰਗਹ ਸੋਇ॥
ਇਹੁ ਵਾਪਾਰੁ ਵਿਰਲਾ ਵਾਪਾਰੈ॥
ਨਾਨਕ ਤਾ ਕੈ ਸਦ ਬਲਿਹਾਰੈ॥੫॥

ਜਿਸ ਸੌਦੇ ਨੂੰ ਲੈਣ ਵਾਸਤੇ, ਤੂੰ ਦੁਨੀਆ 'ਤੇ ਆਇਆ।
ਵਾਹਿਗੁਰੂ ਨੇ ਨਾਮ ਦਾ ਸੌਦਾ, ਸੰਤਾਂ ਦੇ ਘਰ ਪਾਇਆ।
ਛੱਡ ਹੰਕਾਰ ਖਰੀਦ ਏਸ ਨੂੰ, ਦੇਹ ਮਨ ਦਾ ਸਰਮਾਇਆ।
ਦਿਲ ਦੀ ਤਕੜੀ ਤੋਲ ਨਾਮ ਨੂੰ, ਲਾਹਾ ਖੱਟ ਸਵਾਇਆ।
ਨਾਮ ਸਾਮਗਰੀ ਲੱਦ ਕੇ ਚਲ ਪਉ, ਸੰਤਾਂ ਦੇ ਸੰਗ ਭਾਈ।
ਹੋਰ ਝਮੇਲੇ ਛੱਡ ਮਾਇਆ ਦੇ, ਜੋ ਨਾਂ ਹੋਣ ਸਹਾਈ।
ਧੰਨ ਧੰਨ ਕਰਕੇ ਏਥੇ ਤੈਨੂੰ, ਦੇਵਣ ਲੋਕ ਵਧਾਈ।
ਮੁੱਖ ਉਜਲੇ ਨਾਲ ਵਿਚ ਦਰਗਾਹ ਦੇ, ਪਾਵੇਂਗਾ ਵਡਿਆਈ।
ਪ੍ਰਭੂ ਨਾਮ ਦਾ ਵਣਜ ਜੋ ਕਰਦੇ, ਵਿਰਲੇ ਹੈਨ ਵਪਾਰੀ।
ਪੰਜਵੇਂ ਨਾਨਕ ਜਾਣ ਉਹਨਾਂ ਤੋਂ, ਸਦਾ ਸਦਾ ਬਲਿਹਾਰੀ॥ ੫॥

ਚਰਨ ਸਾਧ ਕੇ ਧੋਇ ਧੋਇ ਪੀਉ॥
ਅਰਪਿ ਸਾਧ ਕਉ ਅਪਨਾ ਜੀਉ॥
ਸਾਧ ਕੀ ਧੂਰਿ ਕਰਹੁ ਇਸਨਾਨੁ॥
ਸਾਧ ਊਪਰਿ ਜਾਈਐ ਕੁਰਬਾਨੁ॥
ਸਾਧ ਸੇਵਾ ਵਡਭਾਗੀ ਪਾਈਐ॥
ਸਾਧ ਸੰਗਿ ਹਰਿ ਕੀਰਤਨੁ ਗਾਈਐ॥
ਅਨਿਕ ਬਿਘਨ ਤੇ ਸਾਧੂ ਰਾਖੈ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥
ਓਟ ਗਹੀ ਸੰਤਹ ਦਰਿ ਆਇਆ॥
ਸਰਬ ਸੂਖ ਨਾਨਕ ਤਿਹ ਪਾਇਆ॥੬॥

ਸਾਧ ਦੇ ਚਰਨਾਂ ਨੂੰ ਧੋ ਪੀਕੇ, ਜ਼ਿੰਦਗੀ ਨੂੰ ਸਫਲਾਈਏ।
ਐਸੇ ਸਾਧ ਤੋਂ ਆਪਣੀ ਜਿੰਦੜੀ, ਹੱਸ ਕੇ ਘੋਲ ਘੁਮਾਈਏ।
ਗੁਰਮੁਖ ਜਨ ਦੀ ਧੂੜੀ ਨੂੰ ਲੈ, ਉਸਦੇ ਅੰਦਰ ਨਾਈਏ।
ਸਾਧ ਤੋਂ ਸਦਕੇ ਜਿੰਦ ਨੂੰ ਕਰੀਏ, ਸਦ ਬਲਿਹਾਰੇ ਜਾਈਏ।
ਵੱਡੇ ਭਾਗਾਂ ਨਾਲ ਹੀ ਸੇਵਾ, ਸਾਧੂ ਦੀ ਕਰ ਪਾਈਏ।
ਸਾਧੂ ਦੀ ਸੰਗਤ ਵਿਚ ਜਾ ਕੇ, ਵਾਹਿਗੁਰੂ ਗੁਣ ਗਾਈਏ।
ਅਨਿਕ ਦੁੱਖਾਂ ਤੇ ਬਿਘਨਾਂ ਕੋਲੋਂ, ਸਾਨੂੰ ਸਾਧ ਬਚਾਵੇ।
ਕਿਉਂਕਿ ਸਾਧੂ ਅੰਮ੍ਰਿਤ ਪੀਵੇ, ਨਾਲੇ ਹਰਿ ਗੁਣ ਗਾਵੇ।
ਓਟ ਆਸਰਾ ਲੈ ਕੇ ਜੇਹੜਾ, ਸੰਤਾਂ ਦੇ ਦਰ ਆਵੇ।
ਪੰਜਵੇਂ ਨਾਨਕ ਕਹਿੰਦੇ ਸਾਰੇ, ਸੁੱਖਾਂ ਨੂੰ ਉਹ ਪਾਵੇ॥ ੬॥

ਮਿਰਤਕ ਕਉ ਜੀਵਾਲਨਹਾਰ ॥
ਭੂਖੇ ਕਉ ਦੇਵਤ ਅਧਾਰ ॥
ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥
ਪੁਰਬ ਲਿਖੇ ਜਾ ਲਹਣਾ ਪਾਹਿ ॥
ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥
ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥
ਜਪਿ ਜਨ ਸਦਾ ਸਦਾ ਦਿਨੁ ਰੈਣੀ ॥
ਸਭ ਤੇ ਊਚ ਨਿਰਮਲ ਇਹ ਕਰਣੀ ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥
ਨਾਨਕ ਸੋ ਜਨੁ ਨਿਰਮਲੁ ਥੀਆ ॥੭॥

ਵਾਹਿਗੁਰੂ ਸਮੱਰਥ ਹੈ, ਜੋਹੜਾ ਮਾਰ ਕੇ ਫੇਰ ਜੀਵਾਲੇ।
ਰਾਜ਼ਕ ਦਾਤਾ ਭੁੱਖਿਆ ਤਾਂਈਂ, ਦੇਹ ਭੋਜਨ ਪ੍ਰਤਿਪਾਲੇ।
ਸਰਬ ਖਜ਼ਾਨੇ ਪ੍ਰਮੇਸ਼ਰ ਦੀਆਂ, ਨਜ਼ਰਾਂ ਹੇਠਾਂ ਆਉਂਦੇ।
ਜੋ ਪਹਿਲਾਂ ਭਾਗਾਂ ਵਿਚ ਲਿਖਿਆ, ਜੀਵ ਉਹੀ ਕੁਝ ਪਾਉਂਦੇ।
ਸਭ ਦਾਤਾਂ ਦਾਤਾਰ ਦੀਆਂ ਨੇ, ਉਹ ਹੀ ਕਰਨੇ ਹਾਰਾ।
ਉਸ ਬਿਨ ਦੂਜਾ ਹੋਰ ਨਾ ਹੋਇਆ, ਨਾਂ ਹੀ ਹੋਵਣ ਹਾਰਾ।
ਐ ਬੰਦੇ ਦਿਨ ਰਾਤ ਸਿਮਰ ਤੂੰ, ਕਰ ਉਸ ਪ੍ਰਭੁ ਦੀ ਪੂਜਾ ।
ਇਸ ਤੋਂ ਵਧੀਆ ਹੋਰ ਨਾ ਕੋਈ, ਕਾਰਜ ਜੱਗ 'ਤੇ ਦੂਜਾ।
ਰਹਿਮਤ ਕਰਕੇ, ਜਿਸ ਤੋਂ ਪ੍ਰਭੁ ਜੀ, ਆਪਣਾ ਨਾਮ ਜਪਾਵੇ।
ਪੰਜਵੇਂ ਨਾਨਕ ਕਹਿੰਦੇ ਉਹ ਜਨ, ਫਿਰ ਨਿਰਮਲ ਹੋ ਜਾਵੇ। ੭॥

Sri Satguru Jagjit Singh Ji eLibrary NamdhariElibrary@gmail.com

ਜਾ ਕੈ ਮਨਿ ਗੁਰ ਕੀ ਪਰਤੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਭਗਤੁ ਭਗਤੁ ਸੁਨੀਐ ਤਿਹੁ ਲੋਇ॥
ਜਾ ਕੈ ਹਿਰਦੈ ਏਕੋ ਹੋਇ॥
ਸਚੁ ਕਰਣੀ ਸਚੁ ਤਾ ਕੀ ਰਹਤ॥
ਸਚੁ ਹਿਰਦੈ ਸਤਿ ਮੁਖਿ ਕਹਤ॥
ਸਾਚੀ ਦ੍ਰਿਸਟਿ ਸਾਚਾ ਆਕਾਰੁ॥
ਸਚੁ ਵਰਤੈ ਸਾਚਾ ਪਾਸਾਰੁ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥
ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥

ਜਿਸਦੇ ਮਨ ਵਿਚ ਸਿਦਕ ਭਰੋਸਾ, ਗੁਰੂ ਉਤੇ ਬਣ ਆਵੇ।
ਉਸਦੇ ਹਿਰਦੇ ਰੂਪੀ ਘਰ ਵਿਚ, ਵਾਹਿਗੁਰੂ ਵੱਸ ਜਾਵੇ।
ਧਰਤ, ਅਕਾਸ਼ ਪਤਾਲ ਦੇ ਅੰਦਰ, ਭਗਤ ਜਾਣਿਆਂ ਜਾਂਦਾ।
ਜਿਸਦੇ ਦਿਲ ਦੇ ਅੰਦਰ ਪ੍ਰਭੂ ਜੀ, ਆਪਣੀ ਜੋਤਿ ਜਗਾਂਦਾ।
ਰਹਿਤ, ਬਹਿਤ ਵਿਚ ਸੱਚਾ ਸਦ ਹੀ, ਸੱਚ ਨੂੰ ਹਰ ਥਾਂਹ ਟੋਲੇ।
ਸੱਚ ਹੀ ਉਸਦੇ ਦਿਲ ਵਿਚ ਹੋਵੇ, ਸੱਚ ਹੀ ਮੁੱਖ ਤੋਂ ਬੋਲੇ।
ਨਜ਼ਰਾਂ ਦੇ ਵਿਚ ਸੱਚ ਸਮਾਇਆ, ਸੱਚ ਸਭ ਦਿਸੇ ਪਸਾਰਾ।
ਉਸ ਨੂੰ ਇਸ ਜੱਗ ਅੰਦਰ ਦਿਸਦਾ, ਸੱਚੇ ਦਾ ਵਰਤਾਰਾ।
ਪਾਰਬ੍ਰਹਮ ਪਰਮੇਸ਼ਰ ਤਾਂਈ, ਜੋ ਸੱਚ ਕਰਕੇ ਜਾਣੇ।
ਸੱਚੇ ਹਰੀ ਦੇ ਵਿਚ ਸਮਾਕੇ, ਪੁੱਜਦਾ ਅਸਲ ਟਿਕਾਣੇ॥ ੮॥ ੧੫॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਰੂਪੁ ਨ ਰੇਖ ਨ ਰੰਗੁ ਕਿਛੁ
ਤ੍ਰਿਹੁ ਗੁਣ ਤੇ ਪ੍ਰਭ ਭਿੰਨ
ਤਿਸਹਿ ਬੁਝਾਏ ਨਾਨਕਾ
ਜਿਸੁ ਹੋਵੈ ਸੁਪ੍ਰਸੰਨ ॥੧॥

ਰਜ ਗੁਣ, ਤਮ ਗੁਣ, ਸਤਗੁਣ ਤੋਂ ਵੱਖ,
ਰੂਪ ਰੇਖ ਤੋਂ ਨਿਆਰਾ।
ਸਮਝ ਓਸ ਨੂੰ ਆਵੇ ਕੇਵਲ,
ਜੋ ਪ੍ਰਭੁ ਨੂੰ ਅਤਿ ਪਿਆਰਾ।

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ॥
ਮਾਨੁਖ ਕੀ ਤੂ ਪ੍ਰੀਤਿ ਤਿਆਗੁ॥
ਤਿਸ ਤੇ ਪਰੈ ਨਾਹੀ ਕਿਛੁ ਕੋਇ॥
ਸਰਬ ਨਿਰੰਤਰਿ ਏਕੋ ਸੋਇ॥
ਆਪੇ ਬੀਨਾ ਆਪੇ ਦਾਨਾ॥
ਗਹਿਰ ਗੰਭੀਰੁ ਗਹੀਰੁ ਸੁਜਾਨਾ॥
ਪਾਰਬ੍ਰਹਮ ਪਰਮੇਸੁਰ ਗੋਬਿੰਦ॥
ਕਿਰਪਾ ਨਿਧਾਨ ਦਇਆਲ ਬਖਸੰਦ॥
ਸਾਧ ਤੇਰੇ ਕੀ ਚਰਨੀ ਪਾਉ॥
ਨਾਨਕ ਕੈ ਮਨਿ ਇਹੁ ਅਨਰਾਉ॥੧॥

ਜਨਮ ਮਰਨ ਤੋਂ ਰਹਿਤ ਪ੍ਰਭੂ ਨੂੰ, ਹਿਰਦੇ ਵਿਚ ਵਸਾ ਲੈ।
ਬੰਦਿਆਂ ਦੇ ਨਾਲ ਤੋੜ ਪ੍ਰੀਤੀ, ਪ੍ਰਭੂ ਚਰਨਾ ਨਾਲ ਲਾ ਲੈ।
ਉਸਤੋਂ ਬਾਹਰ ਨਹੀ ਹੈ ਕੋਈ, ਸਭ ਉਸਦੇ ਵਿਚ ਵੱਸਦੇ।
ਸਭਨਾ ਵਿਚ ਇਕ ਸਾਰ ਉਹ ਰਹਿੰਦਾ, ਇਉਂ ਸਤਿਗੁਰ ਜੀ ਦੱਸਦੇ।
ਆਪੇ ਵੇਖੇ ਸਭਨਾਂ ਤਾਂਈ, ਆਪ ਦਿਲਾਂ ਦੀਆਂ ਜਾਣੇ।
ਉਸ ਦਾ ਅੰਤ ਕਿਸੇ ਨਾ ਪਾਇਆ, ਥੱਕੇ ਲੋਕ ਸਿਆਣੇ।
ਵਾਹਿਗੁਰੂ ਹੈ ਮਾਲਕ ਸਭ ਦਾ, ਰਹਿਮਤ ਦਾ ਭੰਡਾਰਾ।
ਸਦ ਬਖਸ਼ਿੰਦ ਉਸ ਦੀਨ ਦਿਆਲ ਦਾ, ਅੰਤ ਨਾਂ ਪਾਰਾਵਾਰਾ।
ਚਰਨੀ ਲੱਗਾਂ ਸਾਧ ਜਨਾਂ ਦੀ, ਜੋ ਹੋ ਗਏ ਹਨ ਤੇਰੇ।
ਪੰਜਵੇਂ ਨਾਨਕ ਆਖਣ ਮੇਰੇ, ਮਨ ਵਿਚ ਚਾਉ ਘਨੇਰੇ। ੧॥

Sri Satguru Jagjit Singh Ji eLibrary NamdhariElibrary@gmail.com

ਮਨਸਾ ਪੂਰਨ ਸਰਨਾ ਜੋਗਿ ॥
ਜੋ ਕਰਿ ਪਾਇਆ ਸੋਈ ਹੋਗੁ ॥
ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥
ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥
ਅਨਦ ਰੂਪ ਮੰਗਲ ਸਦ ਜਾ ਕੈ ॥
ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥
ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥
ਧਿਆਇ ਧਿਆਇ ਭਗਤਹ ਸੁਖੁ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥

ਸ਼ਰਨ ਪਇਆਂ ਦੀ ਲਾਜ ਹੈ ਰਖਦਾ, ਪੂਰੀ ਕਰਦਾ ਇਛਿਆ।
ਮਿਲਦਾ ਜੀਵ ਨੂੰ ਉਹੀਓ ਜੋ ਕੁਝ, ਹੈ ਭਾਗਾਂ ਵਿਚ ਲਿਖਿਆ।
ਭਰ ਸਕਦਾ, ਕਰ ਸਕਦਾ ਖਾਲੀ, ਉਹ ਵਿਚ ਅੱਖ ਪਲਕਾਰੇ।
ਉਸਦੇ ਦਿਲ ਦੀਆਂ ਉਹੀ ਜਾਣੇ, ਅਸੀਂ ਹਾਂ ਕੌਣ ਵਿਚਾਰੇ।
ਉਸਦੇ ਘਰ ਵਿਚ ਸਦਾ ਹੀ ਖੁਸ਼ੀਆਂ, ਲੱਗੇ ਮੰਗਲ ਰਹਿੰਦੇ।
ਕਿਸੇ ਚੀਜ਼ ਦਾ ਘਾਟਾ ਨਾਹੀਂ, ਉਸਦੇ ਘਰ ਵਿਚ ਕਹਿੰਦੇ।
ਰਾਜਿਆਂ ਦਾ ਭੀ ਰਾਜਾ, ਅਤੇ ਜੋਗੀਆਂ ਚੋਂ ਵਡ ਜੋਗੀ।
ਤੱਪੀਆਂ ਅੰਦਰ ਮਹਾ ਤਪੱਸਵੀ, ਭੋਗੀਆਂ ਦੇ ਵਿਚ ਭੋਗੀ।
ਨਾਮ ਧਿਆਕੇ ਐਸੇ ਪ੍ਰਭੁ ਦਾ, ਭਗਤਾਂ ਨੇ ਸੁੱਖ ਪਾਇਆ।
ਐਸੇ ਪ੍ਰਭ ਦੀਆਂ ਵਡਿਆਈਆਂ ਦਾ, ਅੰਤ ਕਦੇ ਨਾ ਆਇਆ॥ ੨॥

Sri Satguru Jagjit Singh Ji eLibrary NamdhariElibrary@gmail.com

ਜਾ ਕੀ ਲੀਲਾ ਕੀ ਮਿਤਿ ਨਾਹਿ॥
ਸਗਲ ਦੇਵ ਹਾਰੇ ਅਵਗਾਹਿ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ॥
ਸਗਲ ਪਰੋਈ ਅਪੁਨੈ ਸੂਤਿ॥
ਸੁਮਤਿ ਗਿਆਨੁ ਧਿਆਨੁ ਜਿਨ ਦੇਇ॥
ਜਨ ਦਾਸ ਨਾਮੁ ਧਿਆਵਹਿ ਸੇਇ॥
ਤਿਹੁ ਗੁਣ ਮਹਿ ਜਾ ਕਉ ਭਰਮਾਏ॥
ਜਨਮਿ ਮਰੈ ਫਿਰਿ ਆਵੈ ਜਾਏ॥
ਊਚ ਨੀਚ ਤਿਸ ਕੇ ਅਸਥਾਨ॥
ਜੈਸਾ ਜਨਾਵੈ ਤੈਸਾ ਨਾਨਕ ਜਾਨ॥੩॥

ਕੌਤਕ ਅਜਬ ਨਿਰਾਲੇ ਉਸਦੇ, ਭੇਦ ਕਿਸੇ ਨਾ ਪਾਇਆ।
ਬੰਦਿਆਂ ਨੂੰ ਛੱਡ ਦੇਵਤਿਆਂ ਭੀ, ਜ਼ੋਰ ਬਥੇਰਾ ਲਾਇਆ।
ਜਨਮ ਪਿਤਾ ਦੇ ਬਾਰੇ ਪੁੱਤਰ, ਜਾਣ ਸਕੇ ਨਾ ਕੋਈ।
ਸਗਲ ਸ੍ਰਿਸ਼ਟੀ ਵਾਹਿਗੁਰੂ ਨੇ, ਧਾਗੇ ਵਿਚ ਪਰੋਈ।
ਗਿਆਨ ਧਿਆਨ ਅਤੇ ਸਦ ਬੁੱਧੀ, ਜਿਸ ਜਨ ਤਾਂਈਂ ਦੇਂਦਾ।
ਉਹੀ ਸੱਚਾ ਸੇਵਕ ਇਕ ਮਨ, ਹੋ ਕੇ ਨਾਮ ਜਪੇਂਦਾ।
ਰਜ ਗੁਣ, ਤਮ ਗੁਣ, ਸਤਗੁਣ ਦੇ ਵਿਚ, ਜੋ ਪ੍ਰਭੁ ਨੇ ਭਰਮਾਏ।
ਮੁੜ ਮੁੜ ਜੰਮਦੇ ਮਰਦੇ ਰਹਿੰਦੇ, ਖੇਲ ਸਮਝ ਨਾਂ ਆਏ।
ਉਚੇ ਹਿਰਦੇ, ਨੀਵੇਂ ਮਨ ਸਭ, ਪ੍ਰਭ ਦੇ ਹੈਨ ਟਿਕਾਣੇ।
ਜਿਤਨੀ ਜੀਵ ਨੂੰ ਸੋਝੀ ਬਖਸ਼ੇ, ਉਹ ਉਤਨਾਂ ਹੀ ਜਾਣੇ॥ ੩॥

Sri Satguru Jagjit Singh Ji eLibrary NamdhariElibrary@gmail.com

ਨਾਨਾ ਰੂਪ ਨਾਨਾ ਜਾ ਕੇ ਰੰਗ ॥
ਨਾਨਾ ਭੇਖ ਕਰਹਿ ਇਕ ਰੰਗ ॥
ਨਾਨਾ ਬਿਧਿ ਕੀਨੋ ਬਿਸਥਾਰੁ ॥
ਪ੍ਰਭੁ ਅਬਿਨਾਸੀ ਏਕੰਕਾਰੁ ॥
ਨਾਨਾ ਚਲਿਤ ਕਰੇ ਖਿਨ ਮਾਹਿ ॥
ਪੂਰਿ ਰਹਿਓ ਪੂਰਨੁ ਸਭ ਠਾਇ ॥
ਨਾਨਾ ਬਿਧਿ ਕਰਿ ਬਨਤ ਬਨਾਈ ॥
ਅਪਨੀ ਕੀਮਤਿ ਆਪੇ ਪਾਈ ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥
ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥

ਕਈ ਤਰਾਂ ਦੇ ਰੂਪ ਨੇ ਉਸਦੇ, ਰੰਗ ਨੇ ਨਵੇਂ ਨਵੇਲੇ।
ਕਈ ਤਰਾਂ ਦੇ ਭੇਖ ਬਣਾਕੇ, ਆਪੂੰ ਇਕ ਰੰਗ ਖੇਲੇ।
ਕਈ ਢੰਗਾਂ ਨਾਲ ਕੀਤਾ ਉਸਨੇ, ਰਚਨਾਂ ਦਾ ਵਿਸਥਾਰਾ।
ਨਾਮ ਰਹਿਤ ਪ੍ਰਭੂ ਸੱਚਾ ਸਾਹਿਬ, ਇਕੋ ਹੈ ਨਿਰੰਕਾਰਾ।
ਅੱਖ ਪਲਕਾਰੇ ਦੇ ਵਿਚ ਕਰਦਾ, ਕੌਤਕ ਅਜਬ ਨਿਆਰੇ।
ਪਰੀ ਪੂਰਨ ਪ੍ਰਭੂ ਸਭ ਦੇ ਵਿਚ ਹੈ, ਰੂਪ ਨੇ ਉਸਦੇ ਸਾਰੇ।
ਕਈ ਢੰਗਾਂ ਬਿਧੀਆਂ ਨਾਲ ਉਸਨੇ, ਕੀਤਾ ਜਗਤ ਪਸਾਰਾ।
ਜੱਗ 'ਤੇ ਆਪਣੀ ਕੀਮਤ ਪਾਵੇ, ਆਪੇ ਸਿਰਜਣਹਾਰਾ।
ਹਰ ਇਕ ਹਿਰਦੇ ਦੇ ਵਿਚ ਵੱਸਦਾ, ਸਭ ਦਿਲ ਉਸ ਦੀਆਂ ਥਾਵਾਂ।
ਨਾਮ ਓਸਦਾ ਹਰ-ਦਮ ਜਪਕੇ, ਮੈਂ ਸਦ ਜੀਵਨ ਪਾਵਾਂ॥ ੪॥

Sri Satguru Jagjit Singh Ji eLibrary NamdhariElibrary@gmail.com

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥

ਟਿਕੇ ਹੋਏ ਨੇ ਜੀਵ ਜੰਤ ਸਭ, ਪ੍ਰਭੁ ਦੇ ਨਾਮ ਸਹਾਰੇ।
ਨਾਮ ਆਸਰੇ ਇਹ ਬ੍ਰਹਮੰਡ, ਤੇ ਬਾਕੀ ਖੰਡ ਭੀ ਸਾਰੇ।
ਪੁਰਾਨ ਅਠਾਰਾਂ, ਠਾਈ ਸਿਮ੍ਰਤੀਆਂ, ਵੇਦ ਭੀ ਸਮਝੋ ਚਾਰੇ।
ਧਿਆਨ ਲਗਾਕੇ, ਗਿਆਨ ਵਧਾਕੇ, ਸੁਣਕੇ ਸਭ ਵੀਚਾਰੇ।
ਧਰਤੀ ਉਪਰ, ਧਰਤੀ ਥੱਲੇ, ਹਰ ਥਾਂ ਨਾਮ ਸਹਾਰਾ।
ਸਭ ਰੂਪਾਂ ਵਿਚ ਨਾਮ ਵਸੇਂਦਾ, ਨਾਂਮ ਦਾ ਸਭ ਪਸਾਰਾ।
ਸਭ ਪੁਰੀਆਂ ਵਿਚ ਸਭ ਭਵਨਾਂ ਵਿਚ, ਇਕੋ ਨਾਮ ਦਾ ਵਾਸਾ।
ਨਾਮ ਕੰਨਾਂ ਨਾਲ ਸੁਣਕੇ ਕੱਟਿਆ, ਜਾਏ ਜਮਾਂ ਦਾ ਫਾਸਾ।
ਕਰ ਮਿਹਰੰਮਤ ਜਿਹਨਾਂ ਤਾਂਈ, ਨਾਮ ਜਪਣ ਵਿਚ ਲਾਇਆ।
ਪੰਜਵੇਂ ਨਾਨਕ ਕਹਿਣ ਉਹਨਾਂ ਨੇ, ਮੁਕਤੀ ਪਦ ਨੂੰ ਪਾਇਆ॥ ੫॥

Sri Satguru Jagjit Singh Ji eLibrary NamdhariElibrary@gmail.com

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥
ਪੁਰਖੁ ਸਤਿ ਕੇਵਲ ਪਰਧਾਨੁ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ॥
ਸਤਿ ਪੁਰਖ ਸਭ ਮਾਹਿ ਸਮਾਣੀ॥
ਸਤਿ ਕਰਮੁ ਜਾ ਕੀ ਰਚਨਾ ਸਤਿ ॥
ਮੂਲੁ ਸਤਿ ਸਤਿ ਉਤਪਤਿ॥
ਸਤਿ ਕਰਣੀ ਨਿਰਮਲ ਨਿਰਮਲੀ॥
ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿ ਨਾਮੁ ਪ੍ਰਭ ਕਾ ਸੁਖਦਾਈ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥੬॥

ਜਿਸਦੇ ਰੂਪ ਤੇ ਥਾਂਹ ਦੇ ਅੰਦਰ, ਫਰਕ ਨਾਂ ਕੋਈ ਆਂਦਾ।
ਉਹ ਮਾਲਕ ਅਕਾਲ ਪੁਰਖ ਹੀ, ਸਭ ਤੋਂ ਉਚ ਕਹਿਲਾਂਦਾ।
ਇਸ ਸ੍ਰਿਸ਼ਟੀ ਦੀ ਰਚਨਾ ਸੱਤ ਹੈ, ਸੱਚ ਹੈ ਉਸਦੀ ਬਾਣੀ।
ਉਹ ਸਤਪੁਰਖ ਹੈ ਸਭ ਵਿਚ ਵੱਸਦਾ, ਮਹਿਕ ਫੁੱਲਾਂ ਵੱਤ ਜਾਣੀ।
ਬਖਸ਼ਿਸ਼ ਉਸਦੀ ਸੱਚੀ ਜਿਸਦਾ, ਅੰਤ ਨਾਂ ਪਾਰਵਾਰਾ।
ਆਦਿ ਭੀ ਸੱਚਾ ਉਸਦਾ ਜਿਸਤੋਂ, ਕੀਤਾ ਜਗਤ ਪਸਾਰਾ।
ਅਤਿ ਪਵਿੱਤਰ ਕਰਣੀ ਉਸਦੀ, ਸਭ ਸੁੱਚਾਂ ਤੋਂ ਸੁੱਚੀ।
ਆਵੇ ਸਮਝ ਉਸਨੂੰ ਜਿਸਨੂੰ, ਮੱਤਿ ਬੁਧਿ ਬਖਸ਼ੇ ਉਚੀ।
ਸਤਿਨਾਮ ਹੈ ਪ੍ਰਭ ਦਾ ਸਭ ਨੂੰ, ਸਭ ਸੁੱਖ ਦੇਵਣਹਾਰਾ।
ਇਹ ਸੱਚਾ ਵਿਸ਼ਵਾਸ ਸੇਵਕ ਨੂੰ, ਮਿਲਦਾ ਗੁਰੂ ਦੁਆਰਾ॥ ੬॥

Sri Satguru Jagjit Singh Ji eLibrary NamdhariElibrary@gmail.com

ਸਤਿ ਬਚਨ ਸਾਧੂ ਉਪਦੇਸ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥
ਸਤਿ ਨਿਰਤਿ ਬੂਝੈ ਜੇ ਕੋਇ॥
ਨਾਮੁ ਜਪਤ ਤਾ ਕੀ ਗਤਿ ਹੋਇ॥
ਆਪਿ ਸਤਿ ਕੀਆ ਸਭੁ ਸਤਿ॥
ਆਪੇ ਜਾਨੈ ਅਪਨੀ ਮਿਤਿ ਗਤਿ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥
ਅਵਰ ਨ ਬੂਝਿ ਕਰਤ ਬੀਚਾਰੁ॥
ਕਰਤੇ ਕੀ ਮਿਤਿ ਨ ਜਾਨੈ ਕੀਆ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥੭॥

ਸਤਿਗੁਰੂ ਉਪਦੇਸ਼ ਜਾ ਕਰਦਾ, ਸੱਚੇ ਬਚਨ ਅਲਾਂਦਾ।
ਸੱਚੇ ਸੇਵਕ ਉਹ ਹਨ ਹਿਰਦੇ, ਨਾਮ ਜਿਨ੍ਹਾਂ ਵੱਸ ਜਾਂਦਾ।
ਪ੍ਰਭ ਦੇ ਸੱਚੇ ਪਿਆਰ ਦੇ ਤਾਂਈਂ, ਜੇ ਕਰ ਸਮਝੇ ਕੋਈ।
ਨਾਮ ਓਸਦਾ ਜੱਪਕੇ ਸੱਚਾ, ਮੁਕਤੀ ਪਾਵੇ ਸੋਈ।
ਸੱਚਾ ਹੈ ਪਰਮੇਸ਼ਰ ਨਾਲੇ, ਉਸਦਾ ਜਗਤ ਪਸਾਰਾ।
ਆਪਣੀ ਗਤਿ ਮਿਤ ਆਪੇ ਜਾਣੇ, ਹੋਰ ਨਾਂ ਜਾਨਣਹਾਰਾ।
ਉਹ ਹੈ ਕਰਣੇਹਾਰ ਸੁਆਮੀ, ਜਿਸਨੇ ਸ੍ਰਿਸ਼ਟਿ ਬਣਾਈ।
ਹੋਰ ਕਿਸੇ ਤੋਂ ਪੁੱਛਣ ਦੀ ਉਹਨੂੰ, ਲੋੜ ਨਾਂ ਰਹਿੰਦੀ ਕਾਈ।
ਕਰਤੇ ਦੀ ਮਰਯਾਦਾ ਉਸਦੀ, ਕਿਰਤ ਕਦੇ ਨਾਂ ਜਾਣੇ।
ਜੋ ਉਹ ਚਾਹਵੇ ਸੋਈ ਹੋਵੇ, ਆਖਣ ਲੋਕ ਸਿਆਣੇ॥ ੭॥

Sri Satguru Jagjit Singh Ji eLibrary NamdhariElibrary@gmail.com

ਬਿਸਮਨ ਬਿਸਮ ਭਏ ਬਿਸਮਾਦ॥
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥
ਪ੍ਰਭ ਕੈ ਰੰਗਿ ਰਾਚਿ ਜਨ ਰਹੇ॥
ਗੁਰ ਕੈ ਬਚਨਿ ਪਦਾਰਥ ਲਹੇ॥
ਓਇ ਦਾਤੇ ਦੁਖ ਕਾਟਨਹਾਰ॥
ਜਾ ਕੈ ਸੰਗਿ ਤਰੈ ਸੰਸਾਰ॥
ਜਨ ਕਾ ਸੇਵਕੁ ਸੋ ਵਡਭਾਗੀ॥
ਜਨ ਕੈ ਸੰਗਿ ਏਕ ਲਿਵ ਲਾਗੀ॥
ਗੁਨ ਗੋਬਿਦ ਕੀਰਤਨੁ ਜਨੁ ਗਾਵੈ॥
ਗੁਰ ਪ੍ਰਸਾਦਿ ਨਾਨਕ ਫਲੁ ਪਾਵੈ॥੮॥੧੬॥

ਮਨ ਵਿਸਮਾਦ 'ਚ ਆਵੇ ਉਸਦੇ, ਤੱਕ ਕੇ ਅਜਬ ਨਜ਼ਾਰੇ।
ਰਸ ਦੇ ਵਿਚ ਗੜੁੱਚ ਹੋ ਜਾਵੇ, ਰੂਹ ਨੂੰ ਆਉਣ ਹੁਲਾਰੇ।
ਪ੍ਰਭੂ ਨਾਮ ਵਿਚ ਰੱਤੇ ਆਸ਼ਕ, ਹੋ ਲਟਬੌਰੇ ਰਹਿੰਦੇ।
ਬਚਨ ਗੁਰਾਂ ਦਾ ਮੰਨਕੇ ਉਸ ਤੋਂ, ਨਾਮ ਪਦਾਰਥ ਲੈਂਦੇ।
ਨਾਮ ਦਾ ਸਦਕਾ ਬਣ ਜਾਂਦੇ ਉਹ, ਦੁਖ ਨਿਵਾਰਨ ਹਾਰੇ।
ਉਹਨਾਂ ਦੀ ਕਰ ਸੰਗਤ ਤਰਦੇ, ਭਵ-ਸਾਗਰ ਨੂੰ ਸਾਰੇ।
ਹਰਿ-ਜਨ ਦੀ ਕਰ ਸੇਵਾ ਸੇਵਕ, ਹੋ ਜਾਏ ਭਾਗਾਂ ਵਾਲਾ।
ਸਾਧੂ ਸੰਗਿ ਲਿਵ ਲਗਦੀ ਪ੍ਰਭ ਨਾਲ, ਮਨ ਵਿਚ ਹੋਏ ਉਜਾਲਾ।
ਜੋ ਸੇਵਕ ਕਰ ਕੀਰਤਨ ਉਸਦਾ, ਹਰ ਵੇਲੇ ਗੁਣ ਗਾਵੇ।
ਗੁਰ ਕਿਰਪਾ ਨਾਲ ਐਸਾ ਸੇਵਕ, ਮੁਕਤੀ ਦਾ ਫਲ ਪਾਵੇ॥ ੮॥ ੧੬॥

Sri Satguru Jagjit Singh Ji eLibrary NamdhariElibrary@gmail.com

**ਸਲੋਕੁ ॥**
**ਆਦਿ ਸਚੁ ਜੁਗਾਦਿ ਸਚੁ ॥**
**ਹੈ ਭਿ ਸਚੁ**
**ਨਾਨਕ ਹੋਸੀ ਭਿ ਸਚੁ ॥੧॥**

ਮੁੱਢ ਤੋਂ ਸੱਚ ਹੈ ਉਹ ਪਰਮੇਸ਼ਰ,
ਜਿਸਨੇ ਜਗਤ ਉਪਾਇਆ।
ਅਤੀਤ, ਵਰਤਮਾਨ, ਅਤੇ ਭਵਿੱਖ ਵਿਚ,
ਉਹ ਸੱਚ ਰਹੂ ਸਮਾਇਆ॥ ੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਚਰਨ ਸਤਿ ਸਤਿ ਪਰਸਨਹਾਰ॥
ਪੂਜਾ ਸਤਿ ਸਤਿ ਸੇਵਦਾਰ॥
ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨਹਾਰ॥
ਆਪਿ ਸਤਿ ਸਤਿ ਸਭ ਧਾਰੀ॥
ਆਪੇ ਗੁਣ ਆਪੇ ਗੁਣਕਾਰੀ॥
ਸਬਦੁ ਸਤਿ ਸਤਿ ਪ੍ਰਭੁ ਬਕਤਾ॥
ਸੁਰਤਿ ਸਤਿ ਸਤਿ ਜਸੁ ਸੁਨਤਾ॥
ਬੁਝਨਹਾਰ ਕਉ ਸਤਿ ਸਭ ਹੋਇ॥
ਨਾਨਕ ਸਤਿ ਸਤਿ ਪ੍ਰਭੁ ਸੋਇ॥੧॥

ਪ੍ਰਭੁ ਸੱਚੇ ਦੇ, ਚਰਨ ਨੇ ਸੱਚੇ, ਸੱਚੇ ਪਰਸਨ ਵਾਲੇ।
ਪੂਜਾ ਸੱਚੀ, ਪੂਜਕ ਸੱਚੇ, ਸੇਵਕ ਮੁੱਖ ਉਜਾਲੇ।
ਸੱਚਾ ਉਸਦਾ ਦਰਸ਼ਨ, ਸੱਚੇ ਉਸਨੂੰ ਦੇਖਣਹਾਰੇ।
ਸੱਚਾ ਨਾਮ ਪ੍ਰਭੂ ਦਾ ਸੱਚੇ, ਉਸਦੇ ਜੱਪਣੇ ਹਾਰੇ।
ਸੱਚੇ ਪ੍ਰਭੁ ਦੀ ਰਚਨਾ ਸੱਚੀ, ਜੋ ਉਸ ਸ੍ਰਿਸ਼ਟੀ ਸਾਜੀ।
ਗੁਣ ਤੇ ਗੁਣੀਆਂ ਆਪ ਉਹ ਸੱਚਾ, ਸੱਚੇ ਹੈਨ ਵਿਹਾਜੀ।
ਸੱਚਾ ਸ਼ਬਦ ਤੇ ਪ੍ਰਭ ਜੀ ਸੱਚਾ, ਸ਼ਬਦ ਉਚਾਰਨ ਹਾਰਾ।
ਸੁਰਤਿ, ਸਰੋਤਾ ਦੋਵੇਂ ਸੱਚੇ, ਜਿਸ ਸੁਣਿਆ ਜੱਸ ਸਾਰਾ।
ਪ੍ਰਭੁ ਦੀ ਹੋਂਦ ਨੂੰ ਸਮਝਣ ਵਾਲਾ, ਜੱਗ ਰਚਨਾ ਸੱਚ ਜਾਣੇ।
ਜਗਤ ਰਚੈਤਾ ਪ੍ਰਭ ਨੂੰ ਇਸੇ, ਸੱਚ ਵਿਚੋਂ ਪਹਿਚਾਣੇ॥ ੧॥

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥੨॥

ਅਟੱਲ ਪ੍ਰਭੂ ਨੂੰ ਜਿਸਨੇ ਆਪਣੇ ਹਿਰਦੇ ਵਿਚ ਵਸਾਇਆ।
ਕਰਣ ਕਰਾਵਣਹਾਰ ਪ੍ਰਭੂ ਦਾ, ਭੇਦ ਹੈ ਉਸਨੇ ਪਾਇਆ।
ਜਿਸ ਬੰਦੇ ਨੂੰ ਪ੍ਰਭੂ ਦੀ ਹਸਤੀ 'ਤੇ, ਵਿਸ਼ਵਾਸ ਹੈ ਆਇਆ।
ਗਿਆਨ ਦੇ ਸੱਚੇ ਸੂਰਜ ਨੇ ਉਸ, ਹਿਰਦੇ ਨੂੰ ਰੁਸ਼ਨਾਇਆ।
ਨਿਰਭਉ ਹੋਇਆ ਜੀਉੜਾ ਉਸਦਾ, ਡਰੇ ਨਾਂ ਕਦੇ ਡਰਾਇਆ।
ਕਿਉਂਕਿ ਜਿਸਤੋਂ ਪੈਦਾ ਹੋਇਆ, ਉਸ ਵਿਚ ਰਹੇ ਸਮਾਇਆ।
ਇਕੋ ਜੇਹੀਆਂ ਦੋ ਚੀਜ਼ਾਂ ਨੂੰ, ਜੇ ਕਰ ਜਾਏ ਰਲਾਇਆ।
ਹੋਏ ਅਸੰਭਵ ਇੱਕ ਹੋਈਆਂ ਨੂੰ, ਜੇ ਚਾਹੀਏ ਵਖਰਾਇਆ।
ਏਸ ਰਹੱਸ ਨੂੰ ਜਿਸ ਚਿੰਤਕ ਨੇ, ਚਿੰਤਨ ਰਾਹੀਂ ਪਾਇਆ।
ਉਸ ਹਰਿ-ਜਨ ਨੂੰ ਆਪ ਹਰੀ ਨੇ, ਆਪਣੇ ਨਾਲ ਮਿਲਾਇਆ॥ ੨॥

Sri Satguru Jagjit Singh Ji eLibrary NamdhariElibrary@gmail.com

ਠਾਕੁਰ ਕਾ ਸੇਵਕੁ ਆਗਿਆਕਾਰੀ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥
ਸੇਵਕ ਕਉ ਪ੍ਰਭ ਪਾਲਨਹਾਰਾ॥
ਸੇਵਕ ਕੀ ਰਾਖੈ ਨਿਰੰਕਾਰਾ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥੩॥

ਸੱਚਾ ਸੇਵਕ ਰਹੇ ਹਮੇਸ਼ਾ, ਮਾਲਕ ਦਾ ਅਨੁਸਾਰੀ।
ਪ੍ਰਭੁ ਪੂਜਾ ਤੋਂ ਹੋਰ ਨਾ ਕੋਈ, ਉਸਨੂੰ ਸ਼ੈ ਪਿਆਰੀ।
ਨਿਸ਼ਚੇ ਦੇ ਘਰ ਰਹੇ ਹਮੇਸ਼ਾਂ, ਕਦੇ ਨਾਂ ਖਿੜਕੇ ਡੋਲੇ।
ਜਿਸ ਮਰਾਯਾਦਾ ਦੇ ਵਿਚ ਜੀਵੇ, ਉਹ ਅੰਮ੍ਰਿਤ ਰਸ ਘੋਲੇ।
ਆਪਣੇ ਅੰਗ ਸੰਗ ਸਮਝੇ ਸੇਵਕ, ਆਪਣਾ ਗੁਰੂ ਪਿਆਰਾ।
ਨਾਮ ਰੰਗਣ ਵਿਚ ਰੰਗਿਆ ਹੋਇਆ, ਸੇਵਕ ਸਿੱਖ ਸਚਿਆਰਾ।
ਆਪਣੇ ਸੇਵਕ ਤਾਂਈ ਪਾਲ੍ਹੇ, ਆਪਣਾ ਬਿਰਦ ਸਮਾਲੇ।
ਲਾਜ ਰੱਖੇ ਸੇਵਕ ਦੀ ਆਪੇ, ਆਪੇ ਸ਼ਰਮਾਂ ਪਾਲੇ।
ਸੇਵਕ ਬਣਿਆਂ ਜਾਂਦਾ ਕੇਵਲ, ਉਸਦੀ ਮੇਹਰ ਦੁਆਰਾ।
ਹਰ ਇਕ ਸਾਹ ਨਾਲ ਸੇਵਕ ਸਿਮਰੇ, ਆਪਣਾ ਪ੍ਰਭੂ ਪਿਆਰਾ॥ ੩॥

Sri Satguru Jagjit Singh Ji eLibrary NamdhariElibrary@gmail.com

ਅਪੁਨੇ ਜਨ ਕਾ ਪਰਦਾ ਢਾਕੈ॥
ਅਪਨੇ ਸੇਵਕ ਕੀ ਸਰਪਰ ਰਾਖੈ॥
ਅਪਨੇ ਦਾਸ ਕਉ ਦੇਇ ਵਡਾਈ॥
ਅਪਨੇ ਸੇਵਕ ਕਉ ਨਾਮੁ ਜਪਾਈ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ॥
ਤਾ ਕੀ ਗਤਿ ਮਿਤਿ ਕੋਇ ਨ ਲਾਖੈ॥
ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ॥
ਪ੍ਰਭ ਕੇ ਸੇਵਕ ਊਚ ਤੇ ਊਚੇ॥
ਜੋ ਪ੍ਰਭਿ ਅਪਨੀ ਸੇਵਾ ਲਾਇਆ॥
ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ॥੪॥

ਆਪਣੇ ਸਿੱਖ ਦਾ ਪਰਦਾ ਢੱਕਦਾ, ਦੇ ਕੇ ਪ੍ਰੇਮ ਪਟੋਲਾ।
ਹਰ ਹਾਲਤ ਵਿਚ ਰੱਖਿਆ ਕਰਦਾ, ਬਣਕੇ ਪਰਬਤ ਓਲ੍ਹਾ।
ਸਦ ਹੀ ਬਖਸ਼ੇ ਦਰ ਆਪਣੇ ਤੋਂ, ਦਾਸਾਂ ਨੂੰ ਵਡਿਆਈਆਂ।
ਆਪ ਕਰਾਵੇ ਮੇਹਰਾਂ ਕਰਕੇ, ਸਭ ਤੋਂ ਨਾਮ ਕਮਾਈਆਂ।
ਇੱਜ਼ਤ, ਲਾਜ ਹਮੇਸ਼ਾਂ ਰੱਖਦਾ, ਆਪੇ ਪਰਦੇ ਢੱਕਦਾ।
ਉਸਦੀ ਉਚ ਅਵੱਸਥਾ ਨੂੰ ਨਾਂ, ਜਾਣ ਕੋਈ ਭੀ ਸੱਕਦਾ।
ਪ੍ਰਭ ਦੇ ਸੇਵਕ ਦੀ ਮਹਿਮਾਂ ਨੂੰ, ਪਹੁੰਚ ਸਕੇ ਨਾ ਕੋਈ।
ਹਰ ਥਾਂ ਪੁੱਜੇ ਹਰਿ-ਸੇਵਕ ਦੀ, ਰਸ-ਭਿੰਨੀ ਖੁਸ਼ਬੋਈ।
ਜਿਸ ਸੇਵਕ 'ਤੇ ਕਰ ਮਿਹਰੰਮਤ, ਪ੍ਰਭੁ ਸੇਵਾ ਵਿਚ ਲਾਇਆ।
ਦਸਾਂ ਦਿਸ਼ਾਂ ਵਿਚ ਉਸ ਸੇਵਕ ਦਾ, ਨਾਮ ਗਿਆ ਰੁਸ਼ਨਾਇਆ॥ ੪॥

ਨੀਕੀ ਕੀਰੀ ਮਹਿ ਕਲ ਰਾਖੈ॥
ਭਸਮ ਕਰੈ ਲਸਕਰ ਕੋਟਿ ਲਾਖੈ॥
ਜਿਸ ਕਾ ਸਾਸੁ ਨ ਕਾਢਤ ਆਪਿ॥
ਤਾ ਕਉ ਰਾਖਤ ਦੇ ਕਰਿ ਹਾਥ॥
ਮਾਨਸ ਜਤਨ ਕਰਤ ਬਹੁ ਭਾਤਿ॥
ਤਿਸ ਕੇ ਕਰਤਬ ਬਿਰਥੇ ਜਾਤਿ॥
ਮਾਰੈ ਨ ਰਾਖੈ ਅਵਰੁ ਨ ਕੋਇ॥
ਸਰਬ ਜੀਆ ਕਾ ਰਾਖਾ ਸੋਇ॥
ਕਾਹੇ ਸੋਚ ਕਰਹਿ ਰੇ ਪ੍ਰਾਣੀ॥
ਜਪਿ ਨਾਨਕ ਪ੍ਰਭ ਅਲਖ ਵਿਡਾਣੀ॥੫॥

ਛੋਟੀ ਜੇਹੀ ਇੱਕ ਕੀੜੀ ਵਿਚ ਰੱਖ, ਸ਼ਕਤੀ ਬੇ-ਪਰਵਾਹਾ।
ਲੱਖ ਕਰੋੜਾਂ ਸੈਨਾਂ ਤਾਂਈ, ਪਲ ਵਿਚ ਕਰੇ ਸੁਆਹਾ।
ਜਿਸਦੇ ਸਾਹਾਂ ਦੀ ਡੋਰੀ ਨੂੰ, ਆਪ ਨਾ ਕੱਟੇ ਸਾਂਈਂ।
ਉਸਦੀ ਰਖਿਆ ਕਰਕੇ ਕਰਦਾ, ਉਸਦੀਆਂ ਦੂਰ ਬਲਾਂਈਂ।
ਕਰੇ ਮਨੁੱਖ ਜੇ ਯਤਨ ਅਨੇਕਾਂ, ਕੰਮ ਕਿਸੇ ਨਾਂ ਆਵਣ।
ਜੇ ਨਾ ਕਰੇ ਸਹਾਇਤਾ ਮਾਲਕ, ਸਾਰੇ ਬਿਰਥੇ ਜਾਵਣ।
ਮਾਰਨ ਵਾਲਾ ਰੱਖਣ ਵਾਲਾ, ਹੋਰ ਨਾਂ ਦੂਜਾ ਕੋਈ।
ਸਭ ਜੀਵਾਂ ਦੀ ਰੱਖਿਆ ਕਰਦਾ, ਇੱਕੋ ਸੱਚਾ ਸ਼ੋਈ।
ਕਿਉਂ ਫਿਕਰਾਂ ਦੀ ਚੱਕੀ ਦੇ ਵਿਚ, ਜਿੰਦ ਪਿਸਦੀ ਏ ਤੇਰੀ।
ਜਪ ਲੈ ਅਚਰਜ ਵਾਹਿਗੁਰੂ ਨੂੰ, ਨਾਂ ਕਰ ਐਵੇਂ. ਦੇਰੀ॥ ੫॥

ਬਾਰੰ ਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ॥
ਨਾਮੁ ਧਨੁ ਨਾਮੋ ਰੂਪੁ ਰੰਗੁ॥
ਨਾਮੋ ਸੁਖੁ ਹਰਿ ਨਾਮ ਕਾ ਸੰਗੁ॥
ਨਾਮ ਰਸਿ ਜੋ ਜਨ ਤ੍ਰਿਪਤਾਨੇ॥
ਮਨ ਤਨ ਨਾਮਹਿ ਨਾਮਿ ਸਮਾਨੇ॥
ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥੬॥

ਹਰ ਦਮ ਜੱਪਕੇ ਨਾਮ ਪ੍ਰਭੂ ਦਾ, ਹਰ ਦਮ ਨੂੰ ਸਫਲਾਈਏ।
ਨਾਮ ਰੂਪੀ ਅੰਮ੍ਰਿਤ ਨੂੰ ਪੀਕੇ, ਮਨ ਤਨ ਨੂੰ ਤ੍ਰਿਪਤਾਈਏ।
ਨਾਮ ਹੈ ਰਤਨ ਅਮੋਲਕ ਇਸ ਨੂੰ, ਜਿਸ ਗੁਰਮੁਖ ਨੇ ਪਾਇਆ।
ਉਸ ਨੂੰ ਇੱਕ ਪ੍ਰਭੂ ਬਿਨ ਦੂਜਾ, ਹੋਰ ਨਜ਼ਰ ਨਾ ਆਇਆ।
ਨਾਮ ਹੀ ਧਨ ਦੌਲਤ ਹੈ ਉਸਦੀ, ਨਾਮ ਨੂੰ ਸਭ ਕੁਝ ਜਾਣੇ।
ਹਿਰਦੇ ਦੇ ਵਿਚ ਨਾਮ ਵਸਾਕੇ, ਸੁੱਖ ਸਦੀਵੀਂ ਮਾਣੇ।
ਰੱਜ ਆ ਗਿਆ ਹੋਈ ਤ੍ਰਿਪਤੀ, ਪੀਕੇ ਨਾਮ ਪਿਆਲਾ।
ਮਨ ਤਨ ਦੇ ਵਿਚ ਨਾਮ ਸਮਾਇਆ, ਜੀਉ ਹੋਇਆ ਮਤਵਾਲਾ।
ਉੱਠਦੇ ਬਹਿੰਦੇ ਸੁੱਤੇ ਭੀ ਉਹ, ਨਾਮ ਪ੍ਰਭੂ ਦਾ ਲੈਂਦੇ।
ਨਾਮ ਜੱਪਣ ਦੀ ਸੁੱਚੀ ਕਾਰ 'ਚ, ਹਰ ਦਮ ਲੱਗੇ ਰਹਿੰਦੇ॥ ੬॥

Sri Satguru Jagjit Singh Ji eLibrary NamdhariElibrary@gmail.com

ਬੋਲਹੁ ਜਸੁ ਜਿਹਬਾ ਦਿਨੁ ਰਾਤਿ॥
ਪ੍ਰਭਿ ਅਪਨੈ ਜਨ ਕੀਨੀ ਦਾਤਿ॥
ਕਰਹਿ ਭਗਤਿ ਆਤਮ ਕੈ ਚਾਇ॥
ਪ੍ਰਭ ਅਪਨੇ ਸਿਉ ਰਹਹਿ ਸਮਾਇ॥
ਜੋ ਹੋਆ ਹੋਵਤ ਸੋ ਜਾਨੈ॥
ਪ੍ਰਭ ਅਪਨੇ ਕਾ ਹੁਕਮੁ ਪਛਾਨੈ॥
ਤਿਸ ਕੀ ਮਹਿਮਾ ਕਉਨ ਬਖਾਨਉ॥
ਤਿਸ ਕਾ ਗੁਨੁ ਕਹਿ ਏਕ ਨ ਜਾਨਉ॥
ਆਠ ਪਹਰ ਪ੍ਰਭ ਬਸਹਿ ਹਜੂਰੇ॥
ਕਹੁ ਨਾਨਕ ਸੇਈ ਜਨ ਪੂਰੇ॥੭॥

ਸਿਫਤ ਸਲਾਹ ਦਿਨ ਰਾਤ ਪ੍ਰਭੂ ਦੀ, ਕਰੀਏ ਰਸਨਾ ਦੁਆਰਾ।
ਦਾਸਾਂ ਨੂੰ ਇਹ ਦਾਤ ਅਮੁੱਲੜੀ, ਬਖਸ਼ੀ ਹੈ ਨਿਰੰਕਾਰਾ।
ਅੰਦਰੋਂ ਪੈਦਾ ਹੋਏ ਉਮਾਰ ਨਾਲ, ਸੇਵਕ ਭਗਤੀ ਕਰਦੇ।
ਰਚ-ਮਿਚ ਜਾਂਦੇ ਪ੍ਰਭ ਆਪਣੇ ਨਾਲ, ਇੱਕ ਦਿਨ ਨਾਮ ਸਿਮਰਦੇ।
ਜੋ ਹੋਇਆ ਜਾਂ ਹੋਣੇ ਵਾਲਾ, ਹੁਕਮ ਪ੍ਰਭੂ ਮੰਨ ਲੈਂਦੇ।
ਮਿੱਠਾ ਮੰਨਕੇ ਭਾਣਾ ਉਸਦਾ, ਰਜ਼ਾ ਵਿਚ ਰਾਜ਼ੀ ਰਹਿੰਦੇ।
ਐਸੇ ਸੇਵਕ ਦੀ ਵਡਿਆਈ, ਮੈਂ ਦੱਸ ਕਿਵੇਂ ਬਿਆਨਾ।
ਉਸਦੇ ਕੇਵਲ ਇੱਕ ਗੁਣ ਨੂੰ ਭੀ, ਕਥਨਾ ਨਹੀਂ ਅਸਾਨਾ।
ਦਿਨ ਤੇ ਰਾਤੀਂ ਉਹ ਰਹਿਣ ਪ੍ਰਭੂ ਦੀ, ਵਿਚ ਹਜ਼ੂਰੀ ਵੱਸਦੇ।
ਉਸ ਨੇ ਜੱਗ 'ਤੇ ਪੂਰੇ ਭਾਂਡੇ, ਪੰਜਵੇਂ ਨਾਨਕ ਦੱਸਦੇ॥ ੭॥

Sri Satguru Jagjit Singh Ji eLibrary NamdhariElibrary@gmail.com

ਮਨ ਮੇਰੇ ਤਿਨ ਕੀ ਓਟ ਲੇਹਿ॥
ਮਨੁ ਤਨੁ ਅਪਨਾ ਤਿਨ ਜਨ ਦੇਹਿ॥
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥
ਸੋ ਜਨੁ ਸਰਬ ਥੋਕ ਕਾ ਦਾਤਾ॥
ਤਿਸ ਕੀ ਸਰਨਿ ਸਰਬ ਸੁਖ ਪਾਵਹਿ॥
ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥
ਅਵਰ ਸਿਆਨਪ ਸਗਲੀ ਛਾਡੁ॥
ਤਿਸੁ ਜਨ ਕੀ ਤੂ ਸੇਵਾ ਲਾਗੁ॥
ਆਵਨੁ ਜਾਨੁ ਨ ਹੋਵੀ ਤੇਰਾ॥
ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ॥੮॥੧੭॥

ਐ ਮਨ ਮੇਰੇ, ਜੋ ਪੂਰੇ ਨੇ, ਲੈ ਉਹਨਾਂ ਦੀਆਂ ਓਟਾਂ।
ਮਨ, ਤਨ ਆਪਣਾ ਅਰਪ ਉਹਨਾਂ ਨੂੰ, ਕੱਢ ਕੇ ਦਿਲ 'ਚੋਂ ਖੋਟਾਂ।
ਜਾਣ ਲਿਆ ਹੈ ਜਿਸ ਸੇਵਕ ਨੇ, ਆਪਣਾ ਪ੍ਰਭੂ ਪਿਆਰਾ।
ਬਣ ਜਾਂਦਾ ਹੈ ਐਸਾ ਸੇਵਕ, ਦਾਤਾਂ ਦੇਵਣ ਹਾਰਾ।
ਉਸ ਦੀ ਸ਼ਰਣੀਂ ਆਇਆਂ ਨੂੰ ਫਿਰ, ਸਭ ਸੁੱਖ ਨੇ ਮਿਲ ਜਾਂਦੇ।
ਐਸੇ ਹਰਿ-ਜਨ ਦੇ ਦਰਸ਼ਨ ਹੀ, ਸਗਲੇ ਪਾਪ ਮਿਟਾਂਦੇ।
ਛੱਡਕੇ ਸਭ ਚਤੁਰਾਈਆਂ ਨੂੰ ਤੂੰ, ਕੋਲ ਓਸਦੇ ਵੱਗ ਜਾ।
ਸਚੇ ਦਿਲ ਤੋਂ ਉਸ ਹਰਿ ਜਨ ਦੀ, ਸੇਵਾ ਦੇ ਵਿਚ ਲੱਗ ਜਾ।
ਜੇ ਚਾਹੁੰਨੈਂ ਮੁੱਕ ਜਾਏ ਮੇਰਾ, ਮੁੜ੍ਹ ਮੁੜ੍ਹ ਜੰਮਣਾਂ ਮਰਨਾਂ।
ਪੰਜਵੇਂ ਨਾਨਕ ਕਹਿਣ ਪੂਜ ਤੂੰ, ਉਸ ਹਰੀ ਜਨ ਦੇ ਚਰਨਾਂ॥ ੮ ॥ ੧੭॥

ਸਲੋਕੁ ॥
ਸਤਿ ਪੁਰਖੁ ਜਿਨਿ ਜਾਨਿਆ
ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ
ਨਾਨਕ ਹਰਿ ਗੁਨ ਗਾਉ ॥੧॥

ਸਰਬ ਵਿਆਪਕ ਜਿਸ ਪ੍ਰਭੁ ਜਾਤਾ,
ਸਤਿਗੁਰ ਉਹੀ ਸਦਾਵੇ॥
ਉਸ ਦੀ ਸਿੱਖਿਆ ਸੁਣ ਤਰ ਜਾਵੇ,
ਜੋ ਪ੍ਰਭੁ ਦੇ ਗੁਣ ਗਾਵੇ॥ ੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ ॥

ਸਤਿਗੁਰੂ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥

ਸਤਿਗੁਰ ਆਪਣੇ ਸਿੱਖ ਦੇ ਤਾਂਈਂ, ਪਾਲ੍ਹੇ ਰਿਜ਼ਕ ਭੁੰਚਾਕੇ।
ਸਿੱਖ ਆਪਣੇ 'ਤੇ ਰਹਿਮਤ ਦਾ, ਸਦ ਰੱਖੇ ਮੀਂਹ ਵਰਸਾਕੇ।
ਸਿੱਖ ਦੀ ਮੱਤ 'ਤੇ ਪਈ ਪਾਪਾਂ ਦੀ, ਸਾਰੀ ਮੈਲ੍ਹ ਉਤਾਰੇ।
ਸਿੱਖ ਭੀ ਮੰਨਕੇ ਬਚਨ ਗੁਰਾਂ ਦਾ, ਪ੍ਰਭੁ ਦਾ ਨਾਮ ਉਚਾਰੇ।
ਮੋਹ ਦੇ ਬੰਧਨ ਸਤਿਗੁਰੂ ਕੱਟੇ,ਆਪਣੀ ਮੇਹਰ ਦੁਆਰਾ।
ਸਤਿਗੁਰੂ ਦਾ ਸਿੱਖ ਇੰਜ ਪਾ ਲੈਂਦਾ, ਪਾਪਾਂ ਤੋਂ ਛੁਟਕਾਰਾ।
ਨਾਮ ਦੀ ਦੌਲਤ ਦੇ ਨਾਲ ਸਿੱਖ ਦੀ, ਸਤਿਗੁਰ ਝੋਲੀ ਭਰਦਾ।
ਆਪਣੇ ਸਿੱਖ ਨੂੰ, ਏਸ ਤਰਾਂ ਨਾਲ, ਕਰਮਾਂ ਵਾਲਾ ਕਰਦਾ।
ਲੋਕ ਅਤੇ ਪਰਲੋਕ ਸਤਿਗੁਰੂ, ਸਿੱਖ ਦੇ ਸਦਾ ਸਵਾਰੇ।
ਸੀਨੇ ਦੇ ਨਾਲ ਲਾ ਕੇ ਸਿੱਖ ਨੂੰ, ਪੁੱਤਰਾਂ ਵਾਂਗ ਪਿਆਰੇ॥ ੧॥

Sri Satguru Jagjit Singh Ji eLibrary NamdhariElibrary@gmail.com

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

ਜੋ ਸੇਵਕ ਗੁਰੂ ਘਰ ਵਿਚ ਰਹਿਕੇ, ਸੱਚੀ ਸੇਵ ਕਮਾਉਂਦਾ।
ਸਤਿਗੁਰ ਦੇ ਹਰ ਹੁਕਮ ਦੇ ਤਾਂਈਂ, ਦਿਲ ਦੇ ਵਿਚ ਵਸਾਉਂਦਾ।
ਨਿਮਰਤਾ ਵਿਚ ਰਹੇ ਹਮੇਸ਼ਾ, ਕਦੇ ਨਾਂ ਆਪ ਜਣਾਉਂਦਾ।
ਹਰ ਵੇਲੇ ਹਰਿ ਨਾਮ ਨੂੰ ਆਪਣੇ, ਦਿਲ ਦੇ ਵਿਚ ਧਿਆਉਂਦਾ।
ਮਨ ਚੰਚਲ ਨੂੰ ਸਤਿਗੁਰ ਕੋਲੇ, ਜੋ ਸਿੱਖ ਵੇਚ ਕੇ ਆਉਂਦਾ।
ਕਾਰਜ ਉਸਦੇ ਸਤਿਗੁਰ ਮੇਰਾ, ਸੱਭੇ ਰਾਸ ਕਰਾਉਂਦਾ।
ਸੇਵਾ ਕਰਦਿਆਂ ਫਲ ਦੀ ਇੱਛਾ, ਮਨ ਵਿਚ ਨਹੀਂ ਲਿਆਉਂਦਾ।
ਸਤਿਗੁਰ ਐਸੇ ਸਿੱਖ ਦੇ ਤਾਂਈ, ਮਾਲਕ ਨਾਲ ਮਿਲਾਉਂਦਾ।
ਆਪਣੀ ਮਿਹਰ ਦਾ ਜਿਸਦੇ ਉੱਤੇ, ਪ੍ਰਭ ਜੀ ਮੀਂਹ ਵਰਸਾਉਂਦਾ।
ਐਸਾ ਸੇਵਕ ਗੁਰ ਦੀ ਦਿੱਤੀ, ਸਿੱਖਿਆ ਨਹੀਂ ਭੁਲਾਉਂਦਾ॥ ੨॥

Sri Satguru Jagjit Singh Ji eLibrary NamdhariElibrary@gmail.com

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥
ਅਨਿਕ ਬਾਰ ਗੁਰ ਕਉ ਬਲਿ ਜਾਉ॥
ਸਰਬ ਨਿਧਾਨ ਜੀਅ ਕਾ ਦਾਤਾ॥
ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ॥
ਸਹਸ ਸਿਆਨਪ ਲਇਆ ਨ ਜਾਈਐ॥
ਨਾਨਕ ਐਸਾ ਗੁਰੁ ਬਡਭਾਗੀ ਪਾਈਐ॥੩॥

ਜਿਸਦੀ ਪੂਰਨ ਸ਼ਰਧਾ ਉੱਤੇ, ਰੀਝ ਸਤਿਗੁਰੂ ਜਾਵੇ।
ਪ੍ਰਭੂ-ਮਰਯਾਦਾ ਦੀ ਉਸ. ਸਿੱਖ ਨੂੰ, ਪੂਰਨ ਸੋਝੀ ਆਵੇ।
ਸਤਿਗੁਰ ਦੇ ਦਿਲ ਦੇ ਵਿਚ ਵੱਸਦਾ, ਨਾਮ ਪ੍ਰਭੂ ਦਾ ਪਿਆਰਾ।
ਐਸੇ ਸਤਿਗੁਰ ਤੋਂ ਮੈਂ ਜਾਵਾਂ, ਵਾਰ-ਵਾਰ ਬਲਿਹਾਰਾ।
ਸਤਿਗੁਰ ਜੀਅ ਦਾਨ ਦਾ ਦਾਤਾ, ਜਿਸਦੇ ਭਰੇ ਭੰਡਾਰੇ।
ਅੱਠੇ ਪਹਿਰ ਪ੍ਰਭੂ ਵਿਚ ਰੱਤੀ, ਸੁਰਤਿ ਮਾਰੇ ਲਿਸ਼ਕਾਰੇ।
ਹਰਿ ਜਨ ਦੇ ਵਿਚ ਹਰੀ ਹੈ ਟਿੱਕਿਆ, ਹਰੀ 'ਚ ਜਨ ਸਮਾਇਆ।
ਇਸ ਵਿਚ ਭਰਮ ਭੇਦ ਨਹੀਂ ਕੋਈ, ਬਾਣੀ ਇਉਂ ਫਰਮਾਇਆ।
ਭਾਵੇਂ ਹੋਣ ਹਜ਼ਾਰਾਂ ਅਕਲਾਂ, ਫਿਰ ਭੀ ਕੋਈ ਨਾਂ ਪਾਉਂਦਾ।
ਐਸਾ ਸਤਿਗੁਰ ਸਿਖ ਦੇ ਤਾਂਈਂ, ਭਾਗਾਂ ਨਾਲ ਥਿਆਉਂਦਾ ॥ ੩॥

ਸਫਲ ਦਰਸਨੁ ਪੇਖਤ ਪੁਨੀਤ॥
ਪਰਸਤ ਚਰਨ ਗਤਿ ਨਿਰਮਲ ਰੀਤਿ॥
ਭੇਟਤ ਸੰਗਿ ਰਾਮ ਗੁਨ ਰਵੇ॥
ਪਾਰਬ੍ਰਹਮ ਕੀ ਦਰਗਹ ਗਵੇ॥
ਸੁਨਿ ਕਰਿ ਬਚਨ ਕਰਨ ਆਘਾਨੇ॥
ਮਨਿ ਸੰਤੋਖੁ ਆਤਮ ਪਤੀਆਨੇ॥
ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ।
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥
ਗੁਣ ਬਿਅੰਤ ਕੀਮਤਿ ਨਹੀ ਪਾਇ॥
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ॥੪॥

ਜੀਵ-ਜੰਤ ਸਭ ਹੋਣ ਪਵਿੱਤਰ, ਗੁਰਾਂ ਦਾ ਦਰਸ਼ਨ ਕਰਕੇ।
ਉੱਚੀ ਸੁੱਚੀ ਹੋਏ ਅਵੱਸਥਾ, ਸਿਰ ਚਰਨਾਂ 'ਤੇ ਧਰਕੇ।
ਗੁਰ ਸੰਗਤ ਵਿਚ ਆਕੇ ਪ੍ਰਭ ਦੇ, ਸਦਾ ਸਦਾ ਗੁਣ ਗਾਈਏ।
ਵਾਹਿਗੁਰੂ ਦੀ ਦਰਗਹ ਅੰਦਰ, ਮੁੱਖ ਉਜਲਾ ਲੈ ਜਾਈਏ।
ਪਾਵਨ ਬਚਨ ਗੁਰਾਂ ਦੇ ਸੁਣਕੇ, ਕੰਨਾਂ ਨੂੰ ਰੱਜ ਆਵੇ।
ਹੋਏ ਸੰਤੁਸ਼ਟੀ ਰੂਹ ਦੀ ਪੂਰੀ, ਮਨ ਵਿਚ ਸਬਰ ਆ ਜਾਵੇ।
ਅਮਰ ਹੈ ਸਿੱਖਿਆ ਪੂਰੇ ਗੁਰ ਦੀ, ਤਾਰੇ ਸਗਲ ਸ੍ਰਿਸ਼ਟੀ।
ਸੰਤ ਬਣੇ ਜਿਸ ਉੱਪਰ ਪਾਵੇ, ਆਪਣੀ ਅਮਰ ਦ੍ਰਿਸ਼ਟੀ।
ਅਣਮੁੱਲੇ ਗੁਣ ਸਤਿਗੁਰ ਜੀ ਦੇ, ਅੰਤ ਨਾਂ ਕੋਈ ਆਏ।
ਉਸਨੂੰ ਸਤਿਗੁਰ ਨਾਲ ਮਿਲਾਵੇ, ਜੋ ਪ੍ਰਭ ਜੀ ਨੂੰ ਭਾਏ ॥ ੪॥

Sri Satguru Jagjit Singh Ji eLibrary NamdhariElibrary@gmail.com

ਜਿਹਬਾ ਏਕ ਉਸਤਿਤ ਅਨੇਕ॥
ਸਤਿ ਪੁਰਖ ਪੂਰਨ ਬਿਬੇਕ॥
ਕਾਹੂ ਬੋਲ ਨ ਪਹੁਚਤ ਪ੍ਰਾਨੀ॥
ਅਗਮ ਅਗੋਚਰ ਪ੍ਰਭ ਨਿਰਬਾਨੀ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾ ਕੀ ਕੀਮਤਿ ਕਿਨੈ ਨ ਪਾਈ॥
ਅਨਿਕ ਭਗਤ ਬੰਦਨ ਨਿਤ ਕਰਹਿ॥
ਚਰਨ ਕਮਲ ਹਿਰਦੈ ਸਿਮਰਹਿ॥
ਸਦ ਬਲਿਹਾਰੀ ਸਤਿਗੁਰ ਅਪਨੇ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ॥੫॥

ਇੱਕ ਰਸਨਾਂ ਬੇਅੰਤ ਗੁਣਾਂ ਨੂੰ, ਕਦੇ ਭੀ ਕਹਿ ਨਾਂ ਪਾਏ।
ਪੂਰਨ ਗਿਆਨ ਦੇ ਮਾਲਕ ਪ੍ਰਭ ਦਾ, ਅੰਤ ਨਾਂ ਕੋਈ ਆਏ।
ਪ੍ਰਭੁ ਵਡਿਆਈਆਂ ਕਹਿ ਨਹੀ ਸਕਦਾ, ਬੰਦਾ ਬੋਲਾਂ ਦੁਆਰਾ।
ਓਸ ਅਗੰਮ ਨੂੰ ਕੋਈ ਨਾ ਜਾਣੇਂ, ਨਾਂ ਕੋਈ ਚਲਦਾ ਚਾਰਾ।
ਭੋਜਨ ਰਹਿਤ ਤੇ ਵੈਰ ਰਹਿਤ ਹੈ, ਉਹ ਸੁੱਖਾਂ ਦਾ ਦਾਤਾ।
ਉਸ ਅਮੁੱਲ ਦਾ ਮੁੱਲ ਨਾਂ ਕੋਈ, ਜੋ ਹੈ ਜਗਤ ਵਿਧਾਤਾ।
ਭਗਤ ਅਨੇਕਾਂ ਝੁੱਕ-ਝੁੱਕ ਉਸਨੂੰ, ਨਮਸਕਾਰ ਨਿੱਤ ਕਰਦੇ।
ਕਮਲਾਂ ਵਰਗੇ ਚਰਨ ਪ੍ਰਭੂ ਦੇ, ਦਿਲ ਆਪਣੇ ਵਿਚ ਧਰਦੇ।
ਆਪਣੇ ਸੱਚੇ ਸਤਿਗੁਰ ਜੀ ਤੋਂ, ਸਦ ਬਲਿਹਾਰੇ ਜਾਈਏ।
ਉਸ ਦੀ ਬਖਸ਼ਿਸ਼ ਸਦਕਾ ਹੀ ਨਿੱਤ, ਪ੍ਰਭ ਜੀ ਤਾਂਈ ਧਿਆਈਏ॥੫॥

ਇਹੁ ਹਰਿ ਰਸੁ ਪਾਵੈ ਜਨੁ ਕੋਇ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ॥
ਜਾ ਕੈ ਮਨਿ ਪ੍ਰਗਟੇ ਗੁਨਤਾਸ॥
ਆਠ ਪਹਰ ਹਰਿ ਕਾ ਨਾਮੁ ਲੇਇ॥
ਸਚੁ ਉਪਦੇਸੁ ਸੇਵਕ ਕਉ ਦੇਇ॥
ਮੋਹ ਮਾਇਆ ਕੈ ਸੰਗਿ ਨ ਲੇਪੁ॥
ਮਨ ਮਹਿ ਰਾਖੈ ਹਰਿ ਹਰਿ ਏਕੁ॥
ਅੰਧਕਾਰ ਦੀਪਕ ਪਰਗਾਸੇ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ॥੬॥

ਅਮ੍ਰਿਤ ਨਾਮ ਪਰਮੇਸ਼ਰ ਜੀ ਦਾ, ਵਿਰਲਾ ਜਨ ਭੁੰਚਾਵੇ।
ਜਿਸਨੇ ਪੀਤਾ ਅਮਰ ਹੋ ਗਿਆ, ਬਹੁੜਿ ਜਨਮ ਨਾਂ ਆਵੇ।
ਉਸਦਾ ਕਦੇ ਵਿਨਾਸ਼ ਨਾਂ ਹੋਵੇ, ਅਮਰ ਅਟੱਲ ਪਦ ਪਾਵੇ।
ਗੁਣ ਨਿਧਾਨ ਜਿਸ ਹਿਰਦੇ ਦੇ ਵਿਚ, ਨੂਰੀ ਜੋਤਿ ਜਗਾਵੇ।
ਸਤਿਗੁਰ, ਅੱਠੇ ਪਹਰ ਸਿਮਰ ਪ੍ਰਭੁ, ਹਰ ਸਾਹ ਨੂੰ ਸਫਲਾਵੇ।
ਸਿੱਖ ਨੂੰ ਸੱਚੀ ਸਿੱਖਿਆ ਦੇਕੇ, ਪ੍ਰਭ ਜੀ ਨਾਲ ਮਿਲਾਵੇ।
ਫਿਰ ਸਿੱਖ ਮੋਹ ਮਾਇਆ ਵਿਚ ਫਸਕੇ, ਨਾਂ ਚਿੱਤ ਕਦੇ ਡੁਲਾਵੇ।
ਮਨ ਆਪਣੇ ਨੂੰ ਕੇਵਲ ਇੱਕੋ, ਨਾਮ ਦੇ ਵਿਚ ਟਿਕਾਵੇ।
ਅੰਧਕਾਰ ਵਿਚ ਗਿਆਨ ਦਾ ਦੀਵਾ, ਲੈ ਚਾਨਣ ਬਿਖਰਾਵੇ।
ਭਰਮ-ਭੁਲੇਖੇ ਮੋਹ ਦੇ ਕੱਢਕੇ, ਦੁੱਖ ਨੂੰ ਦੂਰ ਨਸਾਵੇ॥੬॥

Sri Satguru Jagjit Singh Ji eLibrary NamdhariElibrary@gmail.com

ਤਪਤਿ ਮਾਹਿ ਠਾਢਿ ਵਰਤਾਈ॥
ਅਨਦੁ ਭਇਆ ਦੁਖ ਨਾਠੇ ਭਾਈ॥
ਜਨਮ ਮਰਨ ਕੇ ਮਿਟੇ ਅੰਦੇਸੇ॥
ਸਾਧੂ ਕੇ ਪੂਰਨ ਉਪਦੇਸੇ॥
ਭਉ ਚੂਕਾ ਨਿਰਭਉ ਹੋਇ ਬਸੇ॥
ਸਗਲ ਬਿਆਧਿ ਮਨ ਤੇ ਖੈ ਨਸੇ॥
ਜਿਸ ਕਾ ਸਾ ਤਿਨਿ ਕਿਰਪਾ ਧਾਰੀ॥
ਸਾਧ ਸੰਗਿ ਜਪਿ ਨਾਮੁ ਮੁਰਾਰੀ॥
ਥਿਤਿ ਪਾਈ ਚੂਕੇ ਭ੍ਰਮ ਗਵਨ॥
ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ॥੭॥

ਤਪਦੇ ਹਿਰਦੇ, ਸ਼ਾਂਤ ਹੋਏ ਪ੍ਰਭ, ਸੱਚੇ ਠੰਢ ਵਰਤਾਈ।
ਦੁੱਖ ਨੱਠੇ ਹਰਿ ਨਾਮ ਦਾ ਸਦਕਾ, ਮਨ ਵਿਚ ਖੁਸ਼ੀ ਵਸਾਈ।
ਜਨਮ-ਮਰਨ ਦਾ ਝੋਰਾ ਮੁੱਕਾ, ਦੂਰ ਹੋਏ ਡਰ ਸਾਰੇ।
ਸਤਿਗੁਰ ਨੇ ਉਪਦੇਸ਼ ਜੋ ਦਿੱਤਾ, ਸਾਰੇ ਭਰਮ ਨਿਵਾਰੇ।
ਡਰ ਮੁੱਕਾ ਜਿੰਦ ਜਾਨ ਸੁਕਾਉਣਾ, ਹੁਣ ਨਿਰਭਉ ਮਨ ਹੋਇਆ।
ਰੋਗਾਂ ਤੋਂ ਛੁਟਕਾਰਾ ਮਿਲਿਆ, ਤਨ ਭੀ ਨਵਾਂ ਨਿਰੋਇਆ।
ਜਿਸ ਸਤਿਗੁਰ ਦੇ ਬਣੇ ਅਸੀਂ ਹਾਂ, ਉਸਨੇ ਕਿਰਪਾ ਕੀਤੀ।
ਸਾਧ ਸੰਗਤ ਵਿਚ ਨਾਮ ਨਾਂ ਜੱਪਿਆ, ਮਨ ਬੱਝੀ ਪਰਤੀਤੀ।
ਮਿਟੀ ਭਟਕਣਾ ਭਰਮ ਗਏ ਸਭ, ਸੁੱਖ ਸਦੀਵੀਂ ਪਾਇਆ।
ਕੰਨਾਂ ਨਾਲ ਜਾ ਹਰਿ-ਜੱਸ ਸੁਣਿਆ, ਮਨ ਵਿਚ ਖੇੜਾ ਆਇਆ॥੭॥

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ॥
ਅਪੁਨੀ ਕੀਮਤਿ ਆਪੇ ਪਾਏ॥
ਹਰਿ ਬਿਨੁ ਦੂਜਾ ਨਾਹੀ ਕੋਇ॥
ਸਰਬ ਨਿਰੰਤਰਿ ਏਕੋ ਸੋਇ॥
ਓਤਿ ਪੋਤਿ ਰਵਿਆ ਰੂਪ ਰੰਗ॥
ਭਏ ਪ੍ਰਗਾਸ ਸਾਧ ਕੈ ਸੰਗ॥
ਰਚਿ ਰਚਨਾ ਅਪਨੀ ਕਲ ਧਾਰੀ॥
ਅਨਿਕ ਬਾਰ ਨਾਨਕ ਬਲਿਹਾਰੀ॥੮॥੧੯॥

ਜੜ੍ਹ ਤੇ ਚੇਤਨ ਦੋਹਾਂ ਦੇ ਵਿਚ, ਇੱਕੋਂ ਪ੍ਰਭੂ ਸਮਾਇਆ।
ਆਪਣੀ ਸ਼ਕਤੀ ਦੇ ਨਾਲ ਕੀਤਾ, ਵੱਸ ਵਿਚ ਜਗਤ ਸਬਾਇਆ।
ਜਗਤ ਤਮਾਸ਼ਾ ਉਸਨੇ ਰੱਚਿਆ, ਆਪੇ ਖੇਲ੍ਹੇ ਤੱਕੇ।
ਆਪਣੀ ਕੀਮਤ ਆਪੇ ਜਾਣੇ, ਹੋਰ ਜਾਣ ਨਾਂ ਸੱਕੇ।
ਪਾਰਬ੍ਰਹਮ ਪਰਮੇਸ਼ਰ ਦੇ ਬਿਨ, ਹੋਰ ਨਾਂ ਦੂਜਾ ਕੋਈ।
ਸਭ ਦੇ ਵਿਚ ਸਮਾਇਆ ਜੈਸੇ, ਫੁੱਲਾਂ ਵਿਚ ਖੁਸ਼ਬੋਈ।
ਤਾਣੇ-ਪੇਟੇ ਵਾਂਗ ਉਹ ਆਪਣੀ, ਰਚਨਾਂ ਵਿਚ ਸਮਾਇਆ।
ਸਤਿਗੁਰ ਜੀ ਦੀ ਸੰਗਤ ਕਰਕੇ, ਇਸ ਸੋਝੀ ਨੂੰ ਪਾਇਆ।
ਆਪਣੀ ਕੁਦਰਤ ਸਾਜਕੇ ਆਪੇ, ਸ਼ਕਤੀ ਵਿਚ ਰਖਾਈ।
ਵਾਰ-ਵਾਰ ਜਿੰਦ ਸਦਕੇ ਮੇਰੀ, ਐਸੇ ਪ੍ਰਭ ਤੋਂ ਜਾਈ।੮॥੧੨॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਸਾਥਿ ਨ ਚਾਲੈ ਬਿਨੁ ਭਜਨ
ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ
ਨਾਨਕ ਇਹੁ ਧਨੁ ਸਾਰੁ ॥੧॥

ਬਿਨ ਸਿਮਰਨ ਕੁਝ ਨਾਲ ਨਹੀਂ ਜਾਣਾ,
ਰਾਖ ਸਮਝ ਜੱਗ ਮਾਇਆ।
ਹਰੀ ਨਾਮ ਦਾ ਧਨ ਕਰ ਕੱਠਾ,
ਇਹ ਅਸਲੀ ਸਰਮਾਇਆ।੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਸੰਤ ਜਨਾ ਮਿਲਿ ਕਰਹੁ ਬੀਚਾਰੁ॥
ਏਕੁ ਸਿਮਰਿ ਨਾਮ ਆਧਾਰੁ॥
ਅਵਰਿ ਉਪਾਵ ਸਭਿ ਮੀਤ ਬਿਸਾਰਹੁ॥
ਚਰਨ ਕਮਲ ਰਿਦ ਮਹਿ ਉਰਿ ਧਾਰਹੁ॥
ਕਰਨ ਕਾਰਨ ਸੋ ਪ੍ਰਭੁ ਸਮਰਥੁ॥
ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ॥
ਇਹੁ ਧਨੁ ਸੰਚਹੁ ਹੋਵਹੁ ਭਗਵੰਤ॥
ਸੰਤ ਜਨਾ ਕਾ ਨਿਰਮਲ ਮੰਤ॥
ਏਕ ਆਸ ਰਾਖਹੁ ਮਨ ਮਾਹਿ॥
ਸਰਬ ਰੋਗ ਨਾਨਕ ਮਿਟਿ ਜਾਹਿ॥੧॥

ਨਾਮ ਜਪਣ ਲਈ ਕਰੋ ਵੀਚਾਰਾਂ, ਗੁਰਮੁਖ ਜਨਾਂ ਦੁਆਰਾ।
ਸਿਮਰੋ ਇੱਕ ਅਕਾਲ ਪੁਰਖ ਨੂੰ, ਦੇਣਾਂ ਜੇਸ ਸਹਾਰਾ।
ਐ ਮਿੱਤਰ ਜੋ ਬਾਕੀ ਹੀਲੇ, ਉਹਨਾਂ ਤਾਂਈਂ ਭੁਲਾਕੇ।
ਕਮਲਾਂ ਵਰਗੇ ਚਰਨ ਪ੍ਰਭੂ ਦੇ, ਰੱਖ ਦਿਲ ਵਿਚ ਟਿਕਾਕੇ।
ਇੱਕੋ ਸੱਚਾ ਵਾਹਿਗੁਰੂ ਹੈ, ਕਰਣ ਕਰਾਵਣਹਾਰਾ।
ਉਸਦੇ ਨਾਮ ਨੂੰ ਸਾਂਭ ਕੇ ਰੱਖੀਂ, ਦਿਲ ਵਿਚ ਬਰਖ਼ੁਰਦਾਰਾ।
ਨਾਮ ਰੂਪ ਧਨ ਕਰਕੇ ਕੱਠਾ, ਬਣ ਜਾ ਭਾਗਾਂ ਵਾਲਾ।
ਸੰਤਾਂ ਦਾ ਉਪਦੇਸ਼ ਪਵਿੱਤਰ, ਹਿਰਦੇ ਵਿਚ ਵਸਾਲਾ।
ਮਨ ਵਿਚ ਰੱਖ ਇਕ ਆਸ ਪ੍ਰਭੂ ਦੀ, ਦੇਖੀਂ ਫੇਰ ਨਜ਼ਾਰਾ।
ਇੰਜ਼ ਕਰਕੇ ਸਭ ਰੋਗਾਂ ਕੋਲੋਂ, ਪਾਵੇਂਗਾ ਛੁਟਕਾਰਾ॥੧॥

Sri Satguru Jagjit Singh Ji eLibrary NamdhariElibrary@gmail.com

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥
ਸੋ ਧਨੁ ਹਰਿ ਸੇਵਾ ਤੇ ਪਾਵਹਿ॥
ਜਿਸੁ ਸੁਖ ਕਉ ਨਿਤ ਬਾਛਹਿ ਮੀਤ॥
ਸੋ ਸੁਖੁ ਸਾਧੂ ਸੰਗਿ ਪਰੀਤਿ॥
ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥
ਸਾ ਸੋਭਾ ਭਜੁ ਹਰਿ ਕੀ ਸਰਨੀ॥
ਅਨਿਕ ਉਪਾਵੀ ਰੋਗੁ ਨ ਜਾਇ॥
ਰੋਗੁ ਮਿਟੈ ਹਰਿ ਅਵਖਧੁ ਲਾਇ॥
ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥
ਜਪਿ ਨਾਨਕ ਦਰਗਹਿ ਪਰਵਾਨੁ॥੨॥

ਜਿਸ ਧਨ ਦੇ ਲਈ ਪੂਰਬ, ਪੱਛਮ, ਉੱਤਰ, ਦੱਖਣ, ਗਾਹਵੇਂ।
ਸੇਵਾ ਕਰਕੇ ਵਾਹਿਗੁਰੂ ਦੀ, ਘਰ ਬੈਠਾ ਹੀ ਪਾਵੇਂ।
ਜਿਸ ਸੁੱਖ ਨੂੰ ਤੂੰ ਰੋਜ਼ ਤਾਂਘਦੈਂ, ਮੇਰੇ ਮਿੱਤ੍ਰ ਪਿਆਰੇ।
ਸਤ ਸੰਗਤ ਨਾਲ ਪਿਆਰ ਵਧਾਇਆਂ, ਉਹ ਸੁੱਖ ਮਿਲਦੇ ਸਾਰੇ।
ਜਿਸ ਸ਼ੋਭਾ ਤੇ ਇੱਜ਼ਤ ਖਾਤਰ, ਕਰਦੈਂ ਨੇਕ ਕਮਾਈ।
ਮਿਲ ਜਾਵੇਗੀ, ਜੇ ਪੈ ਜਾਏਂ, ਪ੍ਰਭ ਜੀ ਦੀ ਸ਼ਰਣਾਈ।
ਹੰਗਤਾ ਰੂਪੀ ਰੋਗ ਭਿਆਨਕ, ਯਤਨਾਂ ਨਾਲ ਨਾਂ ਜਾਏ।
ਨਾਮ ਦਵਾਈ ਖਾਵਣ ਦੇ ਨਾਲ, ਮੁੜ ਨੇੜੇ ਨਾਂ ਆਏ।
ਨਾਮ ਖਜ਼ਾਨੇ ਜੇਡ ਨਾਂ ਕੋਈ, ਬਾਕੀ ਹੋਰ ਖਜ਼ਾਨੇ।
ਨਾਮ ਜਿਹਨਾਂ ਦੇ ਜਪਿਆ ਹੋਵਣ, ਵਿਚ ਦਰਗਾਹ ਪਰਵਾਨੇ॥੨॥

ਮਨੁ ਪਰਬੋਧਹੁ ਹਰਿ ਕੈ ਨਾਇ॥
ਦਹ ਦਿਸਿ ਧਾਵਤ ਆਵੈ ਠਾਇ॥
ਤਾ ਕਉ ਬਿਘਨੁ ਨ ਲਾਗੈ ਕੋਇ॥
ਜਾ ਕੈ ਰਿਦੈ ਬਸੈ ਹਰਿ ਸੋਇ॥
ਕਲਿ ਤਾਤੀ ਠਾਢਾ ਹਰਿ ਨਾਉ॥
ਸਿਮਰਿ ਸਿਮਰਿ ਸਦਾ ਸੁਖ ਪਾਉ॥
ਭਉ ਬਿਨਸੈ ਪੂਰਨ ਹੋਇ ਆਸ॥
ਭਗਤਿ ਭਾਇ ਆਤਮ ਪਰਗਾਸ॥
ਤਿਤੁ ਘਰਿ ਜਾਇ ਬਸੈ ਅਬਿਨਾਸੀ॥
ਕਹੁ ਨਾਨਕ ਕਾਟੀ ਜਮ ਫਾਸੀ॥੩॥

ਜਪਕੇ ਨਾਮ ਪ੍ਰਭੂ ਦਾ ਸੁੱਤੇ, ਮਨ ਦੇ ਤਾਈਂ ਜਗਾਵੋ।
ਦਸਾਂ ਦਿਸ਼ਾਂ ਵੱਲ ਭੱਜਦਾ ਇਹ ਮਨ, ਨਿੱਜ ਘਰ ਵਿਚ ਟਿਕਾਵੋ।
ਕਾਰਜ ਸਾਰੇ ਪੂਰੇ ਹੋਵਣ, ਔਕੜ ਨਾਂ ਕੋਈ ਆਵੇ।
ਜਿਸ ਦੇ ਹਿਰਦੇ ਦੇ ਵਿਚ ਸੱਚਾ, ਵਾਹਿਗੁਰੂ ਵੱਸ ਜਾਵੇ।
ਕਲਿਜੁੱਗ ਤੱਤੇ ਦੇ ਵਿਚ ਠੰਢਾ, ਨਾਮ ਪ੍ਰਭੂ ਦਾ ਪਿਆਰਾ।
ਸਿਮਰ-ਸਿਮਰ ਕੇ ਇਸ ਦੇ ਤਾਂਈਂ, ਮਿਲਦਾ ਸੁੱਖ ਅਪਾਰਾ।
ਆਸਾਂ ਸੱਭੇ ਹੋਣ ਪੂਰੀਆਂ, ਡਰ ਭਉ ਸਗਲਾ ਖੋਵੇ।
ਪ੍ਰੇਮ ਨਾਲ ਜੇ ਭਗਤੀ ਕਰੀਏ, ਰੂਹ ਵਿਚ ਚਾਨਣ ਹੋਵੇ।
ਹਿਰਦੇ ਰੂਪੀ ਘਰ ਦੇ ਵਿਚ ਫਿਰ, ਆਣ ਪ੍ਰਭੂ ਜੀ ਬਹਿੰਦੇ।
ਕੱਟੀ ਜਾਏ ਜਮ ਦੀ ਫਾਂਸੀ, ਪੰਜਵੇਂ ਨਾਨਕ ਕਹਿੰਦੇ ॥੩॥

Sri Satguru Jagjit Singh Ji eLibrary NamdhariElibrary@gmail.com

ਤਤੁ ਬੀਚਾਰੁ ਕਹੈ ਜਨੁ ਸਾਚਾ॥
ਜਨਮਿ ਮਰੈ ਸੋ ਕਾਚੋ ਕਾਚਾ॥
ਆਵਾ ਗਵਨੁ ਮਿਟੈ ਪ੍ਰਭ ਸੇਵ॥
ਆਪੁ ਤਿਆਗਿ ਸਰਨਿ ਗੁਰਦੇਵ॥
ਇਉ ਰਤਨ ਜਨਮ ਕਾ ਹੋਇ ਉਧਾਰੁ॥
ਹਰਿ ਹਰਿ ਸਿਮਰਿ ਪ੍ਰਾਨ ਆਧਾਰੁ॥
ਅਨਿਕ ਉਪਾਵ ਨ ਛੂਟਨਹਾਰੇ॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥
ਹਰਿ ਕੀ ਭਗਤਿ ਕਰਹੁ ਮਨੁ ਲਾਇ॥
ਮਨਿ ਬੰਛਤ ਨਾਨਕ ਫਲ ਪਾਇ॥੪॥

ਬ੍ਰਹਮ ਤੱਤ ਦੀਆਂ ਸਦਾ ਵੀਚਾਰਾਂ, ਹਰਿ ਜਨ ਸੱਚਾ ਕਰਦਾ।
ਐਪਰ ਕੂੜਾ ਬੰਦਾ ਜੱਗ ਵਿਚ, ਮੁੜ ਮੁੜ ਜੰਮਦਾ ਮਰਦਾ।
ਪ੍ਰਭੁ ਦਾ ਸਿਮਰਨ ਕਰਕੇ ਮਿੱਟਦਾ, ਜਨਮ-ਮਰਨ ਦਾ ਗੇੜਾ।
ਹੰਗਤਾ ਛੱਡਕੇ ਮੁਕਤੀ ਪਾਵੇ, ਸ਼ਰਨਿ ਪਵੇ ਗੁਰੂ ਜਿਹੜਾ।
ਇਸ ਲਈ ਬੰਦਿਆ ਸਿਮਰ ਪ੍ਰਭੂ ਨੂੰ, ਜੋ ਜਿੰਦ ਜਾਨ ਸਹਾਰਾ।
ਹੀਰੇ ਜੈਸੇ ਜਨਮ ਨੂੰ ਸਫਲਾ, ਕਰ ਤੂੰ ਬਰਖੁਰਦਾਰਾ।
ਹੋਰ ਅਨੇਕਾਂ ਯਤਨਾਂ ਦੇ ਨਾਲ, ਹੋਣਾਂ ਨਹੀਂ ਛੁਟਕਾਰਾ।
ਵੇਦ, ਸ਼ਾਸਤ੍ਰਾਂ, ਵੇਦ ਸਿਮ੍ਰਤੀਆਂ ਨੂੰ, ਪੜ੍ਹ ਭਾਵੇਂ ਲੱਖ ਵਾਰਾ।
ਇਕ ਮਨ ਹੋ ਕੇ, ਸਿਮਰਨ ਦੇ ਵਿਚ, ਜੋ ਜੀਅੜਾ ਜੁੜ ਜਾਵੇ।
ਪੰਜਵੇਂ ਨਾਨਕ ਕਹਿੰਦੇ ਫਿਰ ਉਹ, ਮਨ ਭਾਉਂਦੇ ਫਲ ਪਾਵੇ ॥੪॥

Sri Satguru Jagjit Singh Ji eLibrary NamdhariElibrary@gmail.com

ਸੰਗਿ ਨ ਚਾਲਸਿ ਤੇਰੈ ਧਨਾ॥
ਤੂੰ ਕਿਆ ਲਪਟਾਵਹਿ ਮੂਰਖ ਮਨਾ॥
ਸੁਤ ਮੀਤ ਕੁਟੰਬ ਅਰੁ ਬਨਿਤਾ॥
ਇਨ ਤੇ ਕਹਹੁ ਤੁਮ ਕਵਨ ਸਨਾਥਾ॥
ਰਾਜ ਰੰਗ ਮਾਇਆ ਬਿਸਥਾਰ॥
ਇਨ ਤੇ ਕਹਹੁ ਕਵਨ ਛੁਟਕਾਰ॥
ਅਸੁ ਹਸਤੀ ਰਥ ਅਸਵਾਰੀ॥
ਝੂਠਾ ਡੰਫੁ ਝੂਠੁ ਪਾਸਾਰੀ॥
ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥
ਨਾਮੁ ਬਿਸਾਰਿ ਨਾਨਕ ਪਛੁਤਾਨਾ॥੫॥

ਦੁਨੀਆਂ ਦਾ ਧਨ ਕੂੜਾ ਬੰਦਿਆ, ਨਾਲ ਨਹੀਂ ਤੇਰੇ ਜਾਣਾ।
ਫਿਰ ਕਿਉਂ ਜੱਫਾ ਮਾਰ ਕੇ ਬੈਠਾ, ਮੂਰਖ ਮਨ ਅਣਜਾਣਾ।
ਪੁੱਤ੍ਰ ਮਿੱਤ੍ਰ, ਪਰਵਾਰ, ਇਸਤ੍ਰੀ, ਜਿਸਨੂੰ ਸਮਝੇਂ ਮੇਰਾ।
ਅੰਤੀਂ ਅਉਸਰ ਕੌਣ ਦੇਵੇਗਾ, ਸਾਥ ਇਨ੍ਹਾਂ 'ਚੋਂ ਤੇਰਾ।
ਸਭ ਮਾਇਆ ਦੇ ਹੈਨ ਅਡੰਬਰ, ਰਾਜ ਭਾਗ ਰੰਗ ਰਲੀਆਂ।
ਕਿਵੇਂ ਪਾਵੇਂਗਾ ਦੱਸ ਖਲਾਸੀ, ਜੋ ਤੈਨੂੰ ਮੱਲ ਖੱਲੀਆਂ।
ਹਾਥੀ, ਘੋੜੇ, ਰੱਥ, ਅਸਵਾਰੀ, ਇਹ ਸਭ ਕੂੜ੍ਹ ਪਸਾਰਾ।
ਜਿਸ ਜੀਅੜੇ ਲਈ ਕਰਦੈਂ ਕੱਠੇ, ਉਹ ਤਾਂ ਵਿਣਸਣਹਾਰਾ।
ਜਿਸ ਮਾਲਕ ਨੇ ਦਿੱਤਾ ਸਭ ਕੁਝ, ਉਸਦੇ ਤਾਂਈਂ ਭੁਲਾਇਆ।
ਪ੍ਰਭ ਦਾ ਨਾਮ ਭੁਲਾਕੇ ਬੰਦਾ, ਆਖਰ ਨੂੰ ਪਛਤਾਇਆ ॥੫॥

Sri Satguru Jagjit Singh Ji eLibrary NamdhariElibrary@gmail.com

ਗੁਰ ਕੀ ਮਤਿ ਤੂੰ ਲੇਹਿ ਇਆਨੇ॥
ਭਗਤਿ ਬਿਨਾ ਬਹੁ ਡੂਬੇ ਸਿਆਨੇ॥
ਹਰਿ ਕੀ ਭਗਤਿ ਕਰਹੁ ਮਨ ਮੀਤ॥
ਨਿਰਮਲ ਹੋਇ ਤੁਮ੍ਾਰੋ ਚੀਤ॥
ਚਰਨ ਕਮਲ ਰਾਖਹੁ ਮਨ ਮਾਹਿ॥
ਜਨਮ ਜਨਮ ਕੇ ਕਿਲਬਿਖ ਜਾਹਿ॥
ਆਪਿ ਜਪਹੁ ਅਵਰਾ ਨਾਮੁ ਜਪਾਵਹੁ॥
ਸੁਨਤ ਕਹਤ ਰਹਤ ਗਤਿ ਪਾਵਹੁ॥
ਸਾਰ ਭੂਤ ਸਤਿ ਹਰਿ ਕੋ ਨਾਉ॥
ਸਹਜਿ ਸੁਭਾਇ ਨਾਨਕ ਗੁਨ ਗਾਉ॥੬॥

ਗੁਰ ਦੀ ਸਿੱਖਿਆ ਲੈ ਅਣਜਾਣਾ, ਉਸ 'ਤੇ ਕਰ ਵੀਚਾਰਾਂ।
ਸਿਮਰਨ ਬਾਝੋਂ ਅਨਿਕ ਸਿਆਣੇ, ਡੁੱਬ ਗਏ ਵਿਚ ਵਿਕਾਰਾਂ।
ਵਾਹਿਗੁਰੂ ਦੀ ਭਗਤੀ ਕਰ ਲੈ, ਐ ਮਿੱਤ੍ਰ ਮਨ ਮੇਰੇ।
ਸੁਰਤਿ ਇਹ ਤੇਰੀ ਏਸ ਤਰੀਕੇ, ਨਿਰਮਲ ਹੋਊ ਵਧੇਰੇ।
ਚਰਨ ਕੰਵਲ ਪਰਮੇਸ਼ਰ ਜੀ ਦੇ, ਮਨ ਦੇ ਵਿਚ ਵਸਾ ਲੈ।
ਜਨਮ-ਜਨਮ ਦੇ ਪਾਪ ਜੋ ਤੇਰੇ, ਇਸ ਬਿਧਿ ਨਾਸ ਕਰਾ ਲੈ।
ਆਪ ਜਪੋ ਤੇ ਦੂਸਰਿਆਂ ਨੂੰ, ਨਾਮ ਜਪਣ ਵਿਚ ਲਾਵੋ।
ਸੁਣੋ, ਸੁਣਾਵੋ, ਨਿਰਮਲ ਰਹਿਕੇ, ਉੱਚ-ਅਵੱਸਥਾ ਪਾਵੋ।
ਨਾਮ ਪਦਾਰਥ ਸਭ ਤੋਂ ਉੱਤਮ, ਇਹ ਸੱਚ ਹਿਰਦੇ ਵਸਾਈਏ।
ਸਹਜ ਅਵੱਸਥਾ ਦੇ ਵਿਚ ਟਿੱਕਕੇ, ਪ੍ਰਭ ਜੀ ਦੇ ਗੁਣ ਗਾਈਏ॥੬॥

Sri Satguru Jagjit Singh Ji eLibrary NamdhariElibrary@gmail.com

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥
ਹੋਹਿ ਅਚਿੰਤੁ ਬਸੈ ਸੁਖ ਨਾਲਿ॥
ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ॥
ਛਾਡਿ ਸਿਆਨਪ ਸਗਲੀ ਮਨਾ॥
ਸਾਧ ਸੰਗਿ ਪਾਵਹਿ ਸਚੁ ਧਨਾ॥
ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ॥
ਈਹਾ ਸੁਖੁ ਦਰਗਹ ਜੈਕਾਰੁ॥
ਸਰਬ ਨਿਰੰਤਰਿ ਏਕੋ ਦੇਖੁ॥
ਕਹੁ ਨਾਨਕ ਜਾ ਕੈ ਮਸਤਕਿ ਲੇਖੁ॥੭॥

ਮੈਲ ਵਿਕਾਰਾਂ ਦੀ ਸਭ ਤੇਰੀ, ਲਹਿ ਜਾਊ ਪ੍ਰਭ ਗੁਣ ਗਾਕੇ।
ਜੋ ਹਉਮੈ ਦੀ ਜ਼ਹਿਰ ਹੈ ਫੈਲੀ, ਸਭ ਰਖ ਦੇਊ ਮਿਟਾਕੇ।
ਬੇ-ਫਿਕਰਾ ਹੋ ਜੀਵੇਂ ਸੁੱਖ ਵਿਚ, ਦੁੱਖ ਨਾਂ ਨੇੜੇ ਆਵੇ।
ਜੇ ਕਰ ਨਾਮ ਜੱਪਦਿਆਂ ਤੇਰਾ, ਸਾਹ ਨਾਂ ਬਿਰਥਾ ਜਾਵੇ।
ਐ ਮਨ ਮੇਰੇ, ਛੱਡ ਦੁਨੀਆਂ ਦੀਆਂ, ਝੂਠੀਆਂ ਜੋ ਚਤੁਰਾਈਆਂ।
ਸੱਚਾ ਧਨ, ਸਤਸੰਗਤ ਤੋਂ ਪਾ, ਪਾਵੇਂਗਾ ਵਡਿਆਈਆਂ।
ਹਰਿ ਧਨ ਦੀ ਕਰ ਰਾਸ ਇਕੱਠੀ, ਬਣ ਇਸਦਾ ਵਣਜਾਰਾ।
ਇੱਥੇ ਸੁੱਖ ਤੇ ਦਰਗਾਹ ਦੇ ਵਿਚ, ਤੇਰੀ ਜੈ ਜੈ ਕਾਰਾ।
ਹਰ ਇੱਕ ਵਿਚੋਂ ਵਾਹਿਗੁਰੂ ਨੂੰ, ਵੇਖ ਤੂੰ ਐ ਮਨ ਮੇਰੇ।
ਪਰ ਇੰਜ ਕੇਵਲ ਉਹੀਓ ਕਰਦਾ, ਜਿਸਦੇ ਭਾਗ ਚੰਗੇਰੇ॥੭॥

ਏਕੋ ਜਪਿ ਏਕੋ ਸਾਲਾਹਿ ॥
ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥
ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥
ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥

ਇੱਕੋ ਪ੍ਰਭੂ ਦੇ ਸਦ ਗੁਣ ਗਾਈਏ, ਉਸਦਾ ਹੀ ਜੱਪ ਕਰੀਏ।
ਉਸ ਇੱਕੋ ਨੂੰ ਮਨ ਵਸਾਕੇ, ਹਰ ਦਮ ਨਾਲ ਸਿਮਰੀਏ।
ਜਿਸਦੇ ਗੁਣਾਂ ਦਾ ਅੰਤ ਨਾਂ ਕੋਈ, ਉਸਦੇ ਹੀ ਗੁਣ ਗਾਈਏ।
ਤਨ ਦੇ ਇੰਦ੍ਰੇ, ਮਨ ਦੇ ਫੁਰਨੇ, ਪ੍ਰਭੂ ਜਾਪ ਵਿਚ ਲਾਈਏ।
ਇਕੋ ਪ੍ਰਭ ਕੋਈ ਹੋਰ ਨਾਂ ਦੂਜਾ, ਸਭ ਥਾਂ ਏਕੰਕਾਰਾ।
ਸਭ ਜੀਵਾਂ ਵਿਚ ਉਸੇ ਜੋਤਿ ਦਾ, ਵੱਜਦਾ ਹੈ ਝਲਕਾਰਾ।
ਇੱਕੋ ਪ੍ਰਭੂ ਤੋਂ ਪੈਦਾ ਹੋਏ, ਜੱਗ ਦੇ ਅਨਿਕ ਖਿਲਾਰੇ।
ਉਸ ਇੱਕੋ ਦਾ ਸਿਮਰਨ ਕਰਕੇ, ਪਾਪ ਬਿਨਸਦੇ ਸਾਰੇ।
ਜਿਸ ਪ੍ਰਾਣੀ ਦੇ ਰੋਮ-ਰੋਮ ਵਿਚ, ਇੱਕੋ ਪ੍ਰਭੂ ਸਮਾਇਆ।
ਗੁਰ ਕਿਰਪਾ ਨਾਲ ਉਸ ਵਡਭਾਗੇ, ਭੇਦ ਪ੍ਰਭੂ ਦਾ ਪਾਇਆ ॥੮॥੧੯॥

ਸਲੋਕੁ ॥
ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ
ਅਪਨੀ ਭਗਤੀ ਲਾਇ ॥੧॥

ਤੇਰੀ ਭਾਲ 'ਚ ਮਾਲਕ ਮੇਰੇ,
ਘੁੰਮਿਆ ਜਗਤ ਸਬਾਇਆ।
ਆਪਣੀ ਭਗਤੀ ਦੇ ਵਿਚ ਲਾ ਲਉ,
ਮੈਂ ਸਰਣਾਈ ਆਇਆ ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਜਾਚਕ ਜਨੁ ਜਾਚੈ ਪ੍ਰਭ ਦਾਨੁ॥
ਕਰਿ ਕਿਰਪਾ ਦੇਵਹੁ ਹਰਿ ਨਾਮੁ॥
ਸਾਧ ਜਨਾ ਕੀ ਮਾਗਉ ਧੂਰਿ॥
ਪਾਰਬ੍ਰਹਮ ਮੇਰੀ ਸਰਧਾ ਪੂਰਿ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ॥
ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥
ਚਰਨ ਕਮਲ ਸਿਉ ਲਾਗੈ ਪ੍ਰੀਤਿ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥
ਏਕ ਓਟ ਏਕੋ ਆਧਾਰੁ॥
ਨਾਨਕ ਮਾਗੈ ਨਾਮੁ ਪ੍ਰਭ ਸਾਰੁ॥੧॥

ਮੈਂ ਮੰਗਤਾ ਦਰ ਤੇਰੇ ਉੱਤੋਂ, ਹੇ ਪ੍ਰਭ ਦਾਨ ਇਹ ਚਾਹਵਾਂ।
ਕਿਰਪਾ ਕਰਕੇ ਨਾਮ ਦਿਉ, ਮੈਂ ਆਪਣੀ ਝੋਲੀ ਪਾਵਾਂ।
ਚਰਨਾਂ ਦੀ ਮੈਂ ਮੰਗਾਂ ਧੂੜੀ, ਜੋ ਸਾਧੂ ਜਨ ਤੇਰੇ।
ਸ਼ਰਧਾ ਮੇਰੀ ਪੂਰੀ ਹੋਵੇ, ਸਮਝਾਂ ਭਾਗ ਚੰਗੇਰੇ।
ਹਰ ਵੇਲੇ ਇੱਕ ਮਨ ਚਿੱਤ ਹੋਕੇ, ਰਹਾਂ ਪ੍ਰਭੂ ਗੁਣ ਗਾਂਦਾ।
ਆਉਂਦੇ ਜਾਂਦੇ ਹਰ ਇਕ ਸਾਹ ਨਾਲ, ਤੈਨੂੰ ਰਹਾਂ ਧਿਆਂਦਾ।
ਕਮਲਾਂ ਵਰਗੇ ਤੁਧ ਚਰਨਾਂ ਵਿਚ, ਸੁਰਤਿ ਜਾਇ ਜੁੜ ਮੇਰੀ।
ਖਾਲੀ ਕੋਈ ਨਾਂ ਜਾਏ ਹਰ ਦਿਨ, ਭਗਤੀ ਕਰਾਂ ਮੈਂ ਤੇਰੀ।
ਹੁਣ ਤਾਂ ਪ੍ਰਭ ਦਾ ਨਾਮ ਹੀ ਕੇਵਲ, ਮੇਰਾ ਓਟ ਸਹਾਰਾ।
ਬਖਸ਼ੋ ਉੱਤਮ ਨਾਮ ਇਹ ਮੈਨੂੰ, ਆਪਣੀ ਮੇਹਰ ਦੁਆਰਾ॥੧॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥
ਹਰਿ ਰਸੁ ਪਾਵੈ ਬਿਰਲਾ ਕੋਇ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥
ਪੂਰਨ ਪੁਰਖ ਨਹੀ ਡੋਲਾਨੇ॥
ਸੁਭਰ ਭਰੇ ਪ੍ਰੇਮ ਰਸ ਰੰਗਿ॥
ਉਪਜੈ ਚਾਉ ਸਾਧ ਕੈ ਸੰਗਿ॥
ਪਰੇ ਸਰਨਿ ਆਨ ਸਭ ਤਿਆਗਿ॥
ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥
ਬਡਭਾਗੀ ਜਪਿਆ ਪ੍ਰਭੁ ਸੋਇ॥
ਨਾਨਕ ਨਾਮਿ ਰਤੇ ਸੁਖੁ ਹੋਇ॥੨॥

ਨਜ਼ਰ ਮਿਹਰ ਦੀ ਜਿਸ 'ਤੇ ਹੋਵੇ, ਉਹ ਸੁੱਖਾਂ ਵਿਚ ਜੀਵੇ।
ਐਪਰ ਇਸ ਅੰਮ੍ਰਿਤ-ਰਸ ਤਾਂਈਂ, ਵਿਰਲਾ ਹੀ ਕੋਈ ਪੀਵੇ।
ਜਿਸਦੀ ਰਸਨਾਂ ਇਹ ਰੱਸ ਚੱਖਿਆ, ਸਭ ਭੁੱਖਾਂ ਮਿੱਟ ਗਈਆਂ।
ਮੁੜ ਨਹੀਂ ਡੋਲੇ ਸਿਦਕੋਂ ਜਿਨ੍ਹਾਂ, ਦੋ ਘੁੱਟਾਂ ਪੀ ਲਈਆਂ।
ਨੱਕ-ਨੱਕ ਭਰ ਗਏ ਨਾਲ ਪ੍ਰੇਮ ਦੇ, ਊਣ ਰਹੀ ਨਾਂ ਕੋਈ।
ਸਾਧ ਸੰਗਤਿ ਦੇ ਚਾਉ 'ਚ ਮੱਤੇ, ਉਚ ਅਵੱਸਥਾ ਹੋਈ।
ਸਭ ਕੁਝ ਛੱਡਕੇ ਪ੍ਰਭ ਦੀ ਸ਼ਰਣੀਂ, ਜਦੋਂ ਪਿਆ ਮਨ ਮੇਰਾ।
ਹਰ ਵੇਲੇ ਲਿਵ ਲੱਗੀ ਰਹਿੰਦੀ, ਹੋਇਆ ਦੂਰ ਹਨੇਰਾ।
ਅਤਿ ਵਡਭਾਗ ਉਹਨਾਂ ਦੇ, ਜਿਨ੍ਹਾਂ ਪ੍ਰਭੁ ਦਾ ਨਾਮ ਧਿਆਇਆ।
ਆਪਾ ਜਿਨ੍ਹਾਂ ਨੇ ਨਾਮ 'ਚ ਰੰਗਿਆ, ਸੁੱਖ ਸਦੀਵੀਂ ਪਾਇਆ ॥੨॥

Sri Satguru Jagjit Singh Ji eLibrary NamdhariElibrary@gmail.com

ਸੇਵਕ ਕੀ ਮਨਸਾ ਪੂਰੀ ਭਈ॥
ਸਤਿਗੁਰ ਤੇ ਨਿਰਮਲ ਮਤਿ ਲਈ॥
ਜਨ ਕਉ ਪ੍ਰਭੁ ਹੋਇਓ ਦਇਆਲੁ॥
ਸੇਵਕੁ ਕੀਨੋ ਸਦਾ ਨਿਹਾਲੁ॥
ਬੰਧਨ ਕਾਟਿ ਮੁਕਤਿ ਜਨੁ ਭਇਆ॥
ਜਨਮ ਮਰਨ ਦੂਖੁ ਭ੍ਰਮੁ ਗਇਆ॥
ਇਛ ਪੁਨੀ ਸਰਧਾ ਸਭ ਪੂਰੀ॥
ਰਵਿ ਰਹਿਆ ਸਦ ਸੰਗਿ ਹਜੂਰੀ॥
ਜਿਸ ਕਾ ਸਾ ਤਿਨਿ ਲੀਆ ਮਿਲਾਇ॥
ਨਾਨਕ ਭਗਤੀ ਨਾਮਿ ਸਮਾਇ॥੩॥

ਉਹ ਹੀ ਇੱਛਿਆ ਪੂਰੀ ਹੋਈ, ਜੋ ਸੇਵਕ ਦਿਲ ਆਈ।
ਨਾਮ ਜਪਣ ਦੀ ਸਤਿਗੁਰ ਕੋਲੋਂ, ਜਦ ਨਿਰਮਲ ਬੁਧਿ ਪਾਈ।
ਪ੍ਰਭ ਜੀ ਵਿਚ ਦਇਆ ਦੇ ਆਕੇ, ਜਿਸਤੇ ਰਹਿਮਤ ਕਰਦਾ।
ਉਸ ਸੇਵਕ 'ਤੇ ਰਹੇ ਹਮੇਸ਼ਾਂ, ਮੇਹਰਾਂ ਦਾ ਮੀਂਹ ਵਰ੍ਹਦਾ।
ਮੋਹ-ਮਾਇਆ ਦੇ ਕੱਟਕੇ ਬੰਧਨ, ਸੇਵਕ ਮੁਕਤ ਕਰਾਇਆ।
ਜਨਮ-ਮਰਨ ਦਾ ਦੁੱਖ ਤੇ ਸੰਸਾ, ਸਾਰਾ ਦਿਲੋਂ ਮਿਟਾਇਆ।
ਦਿਲ ਦੀ ਚਾਹਨਾਂ ਨੂੰ ਫਲ ਲੱਗਾ, ਸ਼ਰਧਾ ਹੋਈ ਪੂਰੀ।
ਮਾਲਕ ਅੰਗ-ਸੰਗ ਨਜ਼ਰੀਂ ਆਇਆ, ਮਿੱਟ ਗਈ ਸਗਲੀ ਦੂਰੀ।
ਜਿਸ ਦਾ ਸੀ ਮੈ, ਉਸ ਪ੍ਰਭ ਜੀ ਨੇ, ਆਪਣੇ ਨਾਲ ਮਿਲਾਇਆ।
ਜੱਪਕੇ ਉਸ ਦਾ ਨਾਮ ਦਾਸਰਾ, ਉਸਦੇ ਵਿਚ ਸਮਾਇਆ॥੩॥

Sri Satguru Jagjit Singh Ji eLibrary NamdhariElibrary@gmail.com

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥
ਸੋ ਕਿਉ ਬਿਸਰੈ ਜਿ ਕੀਆ ਜਾਨੈ ॥
ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥
ਸੋ ਕਿਉ ਬਿਸਰੈ ਜਿ ਜੀਵਨ ਜੀਆ ॥
ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥
ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥
ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥
ਜਨਮ ਜਨਮ ਕਾ ਟੂਟਾ ਗਾਢੈ ॥
ਗੁਰਿ ਪੂਰੈ ਤਤੁ ਇਹੈ ਬੁਝਾਇਆ ॥
ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥

ਜਿਸਦੀ ਘਾਲ ਨਾ ਜਾਏ ਆਜਾਈਂ, ਕਿਉਂ ਭੁੱਲ ਜਾਏ ਸੁਆਮੀ।
ਸਾਡੇ ਕੀਤੇ ਕੰਮ ਸਭ ਜਾਣੇ, ਉਹ ਪ੍ਰਭੁ ਅੰਤਰਜਾਮੀ।
ਉਹ ਕਿਉਂ ਵਿਸਰੇ ਜਿਸ ਦਾਤੇ ਦਾ, ਅਸੀਂ ਹਾਂ ਦਿੱਤਾ ਖਾਂਦੇ।
ਜਿਸ ਮਾਲਕ ਦਾ ਬਖਸ਼ਿਸ਼ ਕੀਤਾ, ਜੀਵਨ ਅਸੀਂ ਹੰਢਾਂਦੇ।
ਮਾਤ ਗਰਭ ਦੀ ਅਗਨੀ ਵਿਚੋਂ, ਜਿਸਨੇ ਲਿਆ ਬਚਾਈ।
ਗੁਰ ਕਿਰਪਾ ਨਾਲ ਓਸ ਪ੍ਰਭੂ ਦੀ, ਵਿਰਲੇ ਸੋਝੀ ਪਾਈ।
ਉਹ ਕਿਉਂ ਵਿਸਰੇ ਮੋਹ ਮਾਇਆ ਤੋਂ, ਜੀਉੜਾ ਜਿਸ ਬਚਾਇਆ।
ਜਨਮ-ਮਰਨ ਦੀ ਟੁੱਟੀ ਗੰਢਕੇ, ਆਪਣੇ ਨਾਲ ਮਿਲਾਇਆ।
ਜ਼ਿੰਦਗੀ ਦਾ ਤੱਤ ਸਤਿਗੁਰ ਜਿਸਨੂੰ, ਮਿਹਰਾਂ ਕਰ ਸਮਝਾਇਆ।
ਉਸਨੇ ਇਕ ਮਨ ਇਕ ਚਿੱਤ ਹੋ ਕੇ, ਆਪਣਾ ਪ੍ਰਭੂ ਧਿਆਇਆ ॥੪॥

Sri Satguru Jagjit Singh Ji eLibrary NamdhariElibrary@gmail.com

ਸਾਜਨ ਸੰਤ ਕਰਹੁ ਇਹੁ ਕਾਮੁ॥
ਆਨ ਤਿਆਗਿ ਜਪਹੁ ਹਰਿ ਨਾਮੁ॥
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥
ਆਪਿ ਜਪਹੁ ਅਵਰਹ ਨਾਮੁ ਜਪਾਵਹੁ॥
ਭਗਤਿ ਭਾਇ ਤਰੀਐ ਸੰਸਾਰੁ॥
ਬਿਨੁ ਭਗਤੀ ਤਨੁ ਹੋਸੀ ਛਾਰੁ॥
ਸਰਬ ਕਲਿਆਣ ਸੂਖ ਨਿਧਿ ਨਾਮੁ॥
ਬੂਡਤ ਜਾਤ ਪਾਏ ਬਿਸ੍ਰਾਮੁ॥
ਸਗਲ ਦੂਖ ਕਾ ਹੋਵਤ ਨਾਸੁ॥
ਨਾਨਕ ਨਾਮੁ ਜਪਹੁ ਗੁਨਤਾਸੁ॥੫॥

ਉੱਤਮ ਕਰਮ ਕਰੋ ਇਹ ਮੇਰੇ, ਸਾਜਨ ਸੰਤ ਪਿਆਰੇ।
ਬਾਕੀ ਸਭ ਛੱਡ ਨਾਮ ਜਪੋ, ਜੋ ਭਵਸਾਗਰ ਤੋਂ ਤਾਰੇ।
ਨਾਮ ਪ੍ਰਭੂ ਦਾ ਪਿਆਰਾ, ਜਿਸਨੂੰ ਸਿਮਰ-ਸਿਮਰ ਸੁੱਖ ਪਾਈਏ।
ਜਪੀਏ ਆਪ ਤੇ ਦੂਸਰਿਆਂ ਤੋਂ, ਪ੍ਰਭੂ ਦਾ ਨਾਮ ਜਪਾਈਏ।
ਨਾਲ ਪ੍ਰੇਮ ਦੇ ਭਗਤੀ ਕਰਕੇ, ਜਗਤ ਸਮੁੰਦਰ ਤਰੀਏ।
ਬਿਨ ਸਿਮਰਨ ਤਨ ਰਾਖ ਦੀ ਢੇਰੀ, ਕਿਉਂ ਨਾ ਸਿਮਰਨ ਕਰੀਏ।
ਨਾਮ ਖਜ਼ਾਨਾ ਸਰਬ ਸੁੱਖਾਂ ਦਾ, ਖਰਚਿਆਂ ਵੱਧਦਾ ਜਾਂਦਾ।
ਨਾਮ ਆਸਰੇ ਡੁੱਬਦਾ ਜਾਂਦਾ , ਆਪਣਾ ਆਪ ਬਚਾਂਦਾ।
ਸਭ ਦੁੱਖਾਂ ਦਾ ਨਾਸ ਹੋਇਗਾ, ਸੁੱਖ ਮਿਲਣਗੇ ਸਾਰੇ।
ਗੁਣਾਂ ਦੇ ਮਾਲਕ ਵਾਹਿਗੁਰੂ ਦਾ, ਜੱਪ ਤੂੰ ਨਾਮ ਪਿਆਰੇ॥੫॥

Sri Satguru Jagjit Singh Ji eLibrary NamdhariElibrary@gmail.com

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥
ਮਨ ਤਨ ਅੰਤਰਿ ਇਹੀ ਸੁਆਉ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥
ਮਨੁ ਬਿਗਸੈ ਸਾਧ ਚਰਨ ਧੋਇ॥
ਭਗਤ ਜਨਾ ਕੈ ਮਨਿ ਤਨਿ ਰੰਗੁ॥
ਬਿਰਲਾ ਕੋਊ ਪਾਵੈ ਸੰਗੁ॥
ਏਕ ਬਸਤੁ ਦੀਜੈ ਕਰਿ ਮਇਆ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ॥
ਤਾ ਕੀ ਉਪਮਾ ਕਹੀ ਨ ਜਾਇ॥
ਨਾਨਕ ਰਹਿਆ ਸਰਬ ਸਮਾਇ॥੬॥

ਪ੍ਰਭੂ ਪ੍ਰੇਮ ਦੇ ਸਾਗਰ ਵਿਚ ਜਦ, ਚੜ੍ਹੀਆਂ ਰਸ ਦੀਆਂ ਕਾਂਗਾਂ।
ਮਨ-ਤਨ ਦੇ ਵਿਚ ਪੈਦਾ ਹੋਈਆਂ, ਪ੍ਰਭੂ ਮਿਲਣ ਦੀਆਂ ਤਾਂਘਾਂ।
ਅੱਖੀਆਂ ਦੇ ਨਾਲ ਦਰਸ਼ਨ ਕਰਕੇ, ਸੁੱਖ ਸਦੀਵੀਂ ਪਾਈਏ।
ਚਰਨ ਗੁਰਾਂ ਦੇ ਧੋ-ਧੋਰ ਪੀਕੇ, ਖੇੜੇ ਦੇ ਘਰ ਆਈਏ।
ਭਗਤ ਜਨਾਂ ਦੀ ਸੰਗਤ ਕਰਕੇ, ਤਨ-ਮਨ ਰੰਗਿਆ ਜਾਵੇ।
ਐਪਰ ਵਿਰਲਾ ਭਗਤ ਜਨਾਂ ਦੀ, ਸੰਗਤ ਨੂੰ ਕਰ ਪਾਵੇ।
ਨਾਮ ਪਦਾਰਥ ਦੇਵੇ ਜਿਸਨੂੰ, ਮਿਹਰਾਂ ਦੇ ਘਰ ਆਕੇ।
ਗੁਰ ਕਿਰਪਾ ਨਾਲ ਜੋੜੇ ਉਸਨੂੰ, ਆਪਣਾ ਨਾਮ ਜਪਾਕੇ।
ਉਸ ਮਾਲਕ ਦੀ ਮਹਿਮਾ ਨੂੰ ਕੋਈ, ਅੱਜ ਤੱਕ ਕਹਿ ਨਾ ਪਾਇਆ।
ਪੰਜਵੇਂ ਨਾਨਕ ਕਹਿੰਦੇ ਉਹ ਪ੍ਰਭੁ, ਹਰ ਇਕ ਵਿਚ ਸਮਾਇਆ॥੬॥

Sri Satguru Jagjit Singh Ji eLibrary NamdhariElibrary@gmail.com

ਪ੍ਰਭ ਬਖਸੰਦ ਦੀਨ ਦਇਆਲ॥
ਭਗਤਿ ਵਛਲ ਸਦਾ ਕਿਰਪਾਲ॥
ਅਨਾਥ ਨਾਥ ਗੋਬਿੰਦ ਗੁਪਾਲ॥
ਸਰਬ ਘਟਾ ਕਰਤ ਪ੍ਰਤਿਪਾਲ॥
ਆਦਿ ਪੁਰਖ ਕਾਰਣ ਕਰਤਾਰ॥
ਭਗਤ ਜਨਾ ਕੇ ਪ੍ਰਾਨ ਅਧਾਰ॥
ਜੋ ਜੋ ਜਪੈ ਸੁ ਹੋਇ ਪੁਨੀਤ॥
ਭਗਤਿ ਭਾਇ ਲਾਵੈ ਮਨ ਹੀਤ॥
ਹਮ ਨਿਰਗੁਨੀਆਰ ਨੀਚ ਅਜਾਨ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥੭॥

ਦਇਆ ਗਰੀਬਾਂ ਉੱਪਰ ਕਰਦੇ, ਹੇ ਪ੍ਰਭ ਬਖਸ਼ਣਹਾਰੇ।
ਹੇ ਕਿਰਪਾ ਦੇ ਸਾਗਰ, ਭਗਤਾਂ ਤਾਂਈਂ ਰਖਣਹਾਰੇ।
ਜਿਸਦਾ ਕੋਈ ਨਾਂ ਦੁਨੀਆਂ ਉੱਤੇ, ਤੂੰ ਹੈਂ ਉਸਦਾ ਵਾਲੀ।
ਤੇਰੀ ਰਹਿਮਤ ਹਰ ਇਕ ਉੱਤੇ, ਕੋਈ ਨਾਂ ਇਸ ਤੋਂ ਖਾਲੀ।
ਇਸ ਸ੍ਰਿਸ਼ਟੀ ਨੂੰ ਸਾਜਣ ਵਾਲੇ, ਤੇਰਾ ਸਭ ਪਸਾਰਾ।
ਭਗਤ ਜਨਾਂ ਦੀ ਜਿੰਦ ਜਾਨ ਦਾ, ਤੂੰ ਹੀ ਇੱਕ ਸਹਾਰਾ।
ਜੋ-ਜੋ ਜਪਦੇ ਨਾਮ ਤੇਰੇ ਨੂੰ, ਉਹ ਪਾਵਨ ਹੋ ਜਾਂਦੇ।
ਨਾਲ ਪ੍ਰੇਮ ਦੇ ਭਗਤੀ ਕਰਦੇ, ਜੀਵਨ ਨੂੰ ਰੁਸ਼ਨਾਂਦੇ।
ਅਸੀਂ ਨੀਚ ਹਾਂ, ਅਕਲੋਂ ਕੋਰੇ, ਬਾਲਕ ਨਿਰਗੁਣਆਰੇ।
ਹੇ ਪ੍ਰਭ ਤੇਰੀ ਸਰਣਿ ਹਾਂ ਆਏ, ਤਾਰੋ ਤਾਰਨਹਾਰੇ ॥੭॥

ਸਰਬ ਬੈਕੁੰਠ ਮੁਕਤਿ ਮੋਖ ਪਾਏ॥
ਏਕ ਨਿਮਖ ਹਰਿ ਕੇ ਗੁਨ ਗਾਏ॥
ਅਨਿਕ ਰਾਜ ਭੋਗ ਬਡਿਆਈ॥
ਹਰਿ ਕੇ ਨਾਮ ਕੀ ਕਥਾ ਮਨਿ ਭਾਈ॥
ਬਹੁ ਭੋਜਨ ਕਾਪਰ ਸੰਗੀਤ॥
ਰਸਨਾ ਜਪਤੀ ਹਰਿ ਹਰਿ ਨੀਤ॥
ਭਲੀ ਸੁ ਕਰਨੀ ਸੋਭਾ ਧਨਵੰਤ॥
ਹਿਰਦੈ ਬਸੇ ਪੂਰਨ ਗੁਰ ਮੰਤ॥
ਸਾਧ ਸੰਗਿ ਪ੍ਰਭ ਦੇਹੁ ਨਿਵਾਸ॥
ਸਰਬ ਸੂਖ ਨਾਨਕ ਪਰਗਾਸ॥੮॥੨੦॥

ਮੁਕਤੀ ਤਾਂਈਂ ਪਾਇਆ ਉਸਨੇ, ਸੁਰਗ ਭੀ ਸਾਰੇ ਪਾਏ।
ਇਕ ਮਨ, ਇਕ ਚਿੱਤ ਹੋਕੇ ਜਿਸਨੇ, ਇਕ ਛਿਨ ਹਰਿ ਗੁਣ ਗਾਏ।
ਰਾਜ ਭਾਗ ਤੇ ਹੋਰ ਅਨੇਕਾਂ, ਸੁੱਖ ਉਸਨੂੰ ਹਨ ਮਿਲਦੇ।
ਹਰੀ ਨਾਮ ਦੀ ਕਥਾ ਸੁਹਾਣੀ, ਵਸ ਜਾਏ ਜੇ ਵਿਚ ਦਿਲਦੇ।
ਭੋਜਨ, ਕਪੜੇ, ਰਾਗ ਰੰਗ, ਕੋਈ ਤੋਟ ਨਾ ਉਸਨੂੰ ਰਹਿੰਦੀ।
ਜਿਸਦੀ ਜੀਭਾ ਹਰ ਵੇਲੇ ਹੀ, ਨਾਮ ਹਰੀ ਦਾ ਲੈਂਦੀ।
ਓਸ ਧਨੀ ਦੀ ਸ਼ੁਭ ਕਰਨੀ ਦੀ, ਹਰ ਥਾਂਹ ਸੋਭਾ ਹੋਵੇ।
ਗੁਰ ਮੰਤਰ ਨੂੰ ਜੋ ਵਡਭਾਗਾ, ਹਿਰਦੇ ਵਿਚ ਪਰੋਵੇ।
ਸਾਧ ਸੰਗਤ ਵਿਚ ਹੇ ਪ੍ਰਭ ਮੇਰੇ, ਮੇਰਾ ਹੋਏ ਟਿਕਾਣਾ।
ਸੁੱਖ ਮਿਲੇ ਰੂਹ ਰੌਸ਼ਨ ਹੋਵੇ, ਮੁੱਕ ਜਾਏ ਆਵਣ ਜਾਣਾ॥੮॥੨੦॥

ਸਲੋਕੁ ॥
ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ
ਆਪੇ ਹੀ ਫਿਰਿ ਜਾਪਿ ॥੧॥

ਰਜਗੁਣ, ਤਮਗੁਣ, ਸਤਗੁਣ ਵਾਲਾ,ਅਤੇ ਏਸ ਤੋਂ ਨਿਆਰਾ।
ਅਫੁੱਰ ਅਵਸੱਥਾ ਦੇ ਵਿਚ ਟਿਕਿਆ,ਆਪਣੀ ਮੌਜ ਦੁਆਰਾ।
ਆਪਣੇ ਆਪ ਤੋਂ ਰਚਿਆ ਜਿਸਨੇ, ਇਹ ਸਭ ਜਗਤ ਪਸਾਰਾ।
ਆਪ ਜੀਵਾਂ ਵਿਚ ਬਹਿਕੇ ਕਰਦਾ, ਆਪ ਨੂੰ ਯਾਦ ਪਿਆਰਾ ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ ॥

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥
ਪਾਪ ਪੁੰਨ ਤਬ ਕਹ ਤੇ ਹੋਤਾ ॥
ਜਬ ਧਾਰੀ ਆਪਨ ਸੁੰਨ ਸਮਾਧਿ ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥
ਜਬ ਆਪਨ ਆਪ ਆਪਿ ਪਾਰਬ੍ਰਹਮ ॥
ਤਬ ਮੋਹ ਕਹਾ ਕਿਸੁ ਹੋਵਤ ਭਰਮ ॥
ਆਪਨ ਖੇਲੁ ਆਪਿ ਵਰਤੀਜਾ ॥
ਨਾਨਕ ਕਰਨੈਹਾਰੁ ਨ ਦੂਜਾ ॥੧॥

ਦ੍ਰਿਸ਼ਟਮਾਨ ਇਸ ਸ੍ਰਿਸ਼ਟੀ ਦਾ ਜਦ, ਨਾ ਸੀ ਕੋਈ ਅਕਾਰਾ।
ਪਾਪ, ਪੁੰਨ ਤਦ ਕੌਣ ਸੀ ਕਰਦਾ, ਸੋਚੋ ਕਰ ਵੀਚਾਰਾ?
ਜਦੋਂ ਅਫੁੱਰ ਅਵਸੱਥਾ ਵਿਚ ਸੀ, ਆਪ ਨੂੰ ਪ੍ਰਭੂ ਧਿਆਉਂਦਾ।
ਕੌਣ ਕਿਸੇ ਦੇ ਨਾਲ ਤਦੋਂ ਸੀ, ਵੈਰ ਵਿਰੋਧ ਕਮਾਉਂਦਾ?
ਰੂਪ ਰੰਗ ਜਦ ਕਿਸੇ ਦਾ ਨਾਂ ਸੀ, ਵਿਚ ਜਗਤ ਦੇ ਦਿਸਦਾ।
ਕਿਸਦਾ ਮੂੰਹ ਗਮਗੀਨ ਸੀ ਤਦੋਂ, ਖੁਸ਼ੀਆਂ ਵਿਚ ਸੀ ਕਿਸਦਾ?
ਜਦ ਸੀ ਕੇਵਲ ਵਾਹਿਗੁਰੂ ਇਕ, ਆਪਣੇ ਆਪ 'ਚ ਆਪੇ।
ਮੋਹ ਮਮਤਾ ਦੇ ਭਰਮ-ਭੁਲੇਖੇ, ਕਿਸ ਨੂੰ ਤਦੋਂ ਬਿਆਪੇ?
ਜਗਤ ਤਮਾਸ਼ਾ ਰਚਕੇ ਆਪੇ, ਖੇਲੇ ਦੇਖੇ ਸੋਈ।
ਪੰਜਵੇਂ ਨਾਨਕ ਕਹਿੰਦੇ ਉਸ ਬਿਨ, ਹੋਰ ਨਾਂ ਦੂਜਾ ਕੋਈ ॥੧॥

Sri Satguru Jagjit Singh Ji eLibrary NamdhariElibrary@gmail.com

ਜਬ ਹੋਵਤ ਪ੍ਰਭ ਕੇਵਲ ਧਨੀ॥
ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ॥
ਜਬ ਏਕਹਿ ਹਰਿ ਅਗਮ ਅਪਾਰ॥
ਤਬ ਨਰਕ ਸੁਰਗ ਕਹੁ ਕਉਨ ਅਉਤਾਰ॥
ਜਬ ਨਿਰਗੁਨ ਪ੍ਰਭ ਸਹਜ ਸੁਭਾਇ॥
ਤਬ ਸਿਵ ਸਕਤਿ ਕਹਹੁ ਕਿਤੁ ਠਾਇ॥
ਜਬ ਆਪਹਿ ਆਪਿ ਅਪਨੀ ਜੋਤਿ ਧਰੈ॥
ਤਬ ਕਵਨ ਨਿਡਰੁ ਕਵਨ ਕਤ ਡਰੈ॥
ਆਪਨ ਚਲਿਤ ਆਪਿ ਕਰਨੈਹਾਰ॥
ਨਾਨਕ ਠਾਕੁਰ ਅਗਮ ਅਪਾਰ॥੨॥

ਪ੍ਰਭ ਮਾਲਕ ਬਿਨ ਹੋਰ ਨਹੀਂ ਸੀ, ਦੂਜਾ ਜਦੋਂ ਪਸਾਰਾ।
ਕੌਣ ਸੁਤੰਤਰ ਕੌਣ ਸੀ ਕੈਦੀ, ਕੌਣ ਕਰੂ ਨਿਸਤਾਰਾ?
ਜਦੋਂ ਬੇਅੰਤ ਅਪਹੁੰਚ ਪ੍ਰਭੂ ਬਿਨ, ਕੁਝ ਭੀ ਨਹੀਂ ਸੀ ਬਣਿਆ।
ਨਰਕ-ਸੁਰਗ ਦਾ ਤਾਣਾ-ਪੇਟਾ, ਤਦ ਕਿਸਨੇ ਸੀ ਤਣਿਆ?
ਨਿਰਗੁਣ ਰੂਪ ਪ੍ਰਭੂ ਨੇ ਜਦੋਂ, ਰਚੀ ਨਹੀਂ ਸੀ ਮਾਇਆ।
ਫਿਰ ਉਸ ਮਾਇਆ ਦੇ ਵਿਚ, ਕਿਸਨੇ ਜੀਵਾਂ ਨੂੰ ਭਰਮਾਇਆ?
ਪ੍ਰਭੂ ਆਪ ਹੀ ਜੋਤਿ ਆਪਣੀ, ਜੀਵਾਂ ਦੇ ਵਿਚ ਧਰਦਾ।
ਫਿਰ ਡਰ ਰਹਿਤ ਕੌਣ ਹੈ, ਕੇਹੜਾ ਕਿਸਦੇ ਕੋਲੋਂ ਡਰਦਾ?
ਚੋਜੀ ਪ੍ਰੀਤਮ ਕੌਤਕ ਆਪਣੇ, ਆਪੇ ਪਿਆ ਕਰਾਵੇ।
ਉਸ ਅਪਹੁੰਚ ਬੇਅੰਤ ਪ੍ਰਭੂ ਦਾ, ਅੰਤ ਨਾਂ ਕੋਈ ਆਵੇ॥੨॥

Sri Satguru Jagjit Singh Ji eLibrary NamdhariElibrary@gmail.com

ਅਬਿਨਾਸੀ ਸੁਖ ਆਪਨ ਆਸਨ॥
ਤਹ ਜਨਮ ਮਰਨ ਕਹੁ ਕਹਾ ਬਿਨਾਸਨ॥
ਜਬ ਪੂਰਨ ਕਰਤਾ ਪ੍ਰਭੁ ਸੋਇ॥
ਤਬ ਜਮ ਕੀ ਤ੍ਰਾਸ ਕਹਹੁ ਕਿਸ ਹੋਇ॥
ਜਬ ਅਬਿਗਤ ਅਗੋਚਰ ਪ੍ਰਭ ਏਕਾ॥
ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ॥
ਜਬ ਨਾਥ ਨਿਰੰਜਨ ਅਗੋਚਰ ਅਗਾਧੇ॥
ਤਬ ਕਉਨ ਛੁਟੇ ਕਉਨ ਬੰਧਨ ਬਾਧੇ॥
ਆਪਨ ਆਪ ਆਪ ਹੀ ਅਚਰਜਾ॥
ਨਾਨਕ ਆਪਨ ਰੂਪ ਆਪ ਹੀ ਉਪਰਜਾ॥੩॥

ਜਦੋਂ ਪ੍ਰਭੂ ਸੀ ਆਪਣੇ ਸੁੱਖ, ਅਸਥਾਨ ਦੇ ਉੱਤੇ ਟਿਕਿਆ।
ਜੰਮਦਾ, ਮਰਦਾ ਕੌਣ ਸੀ ਦੱਸੋ, ਜੇ ਕਿਤੇ ਹੋਵੇ ਲਿਖਿਆ?
ਜਦੋਂ ਸੀ ਕਰਤਾ ਪੁਰਖ ਵਾਹਿਗੁਰੂ, ਸਭ ਥਾਂ ਉਤੇ ਆਪੇ।
ਤਦ ਜਮਦੂਤਾਂ ਦਾ ਡਰ ਦੱਸੋ, ਕਿਸਦੇ ਤਾਂਈ ਵਿਆਪੇ?
ਜਦ ਅਣਡਿੱਠ ਅਪਹੁੰਚ ਪ੍ਰਭੂ ਹੀ, ਹਰ ਥਾਂਹ ਉੱਤੇ ਸਮਾਇਆ।
ਚਿਤ੍ਰ ਗੁਪਤ ਤਦ ਕਿਸਨੂੰ ਪੁੱਛਕੇ, ਲੇਖੇ ਨੂੰ ਲਿਖਵਾਇਆ?
ਜਦ ਸੀ ਮਾਲਕ ਇਕ ਪਰਮੇਸ਼ਰ, ਸਭ ਕੁਝ ਕਰਨੇਵਾਲਾ।
ਮੋਹ ਬੰਧਨਾਂ ਤੋਂ ਛੁੱਟਿਆ ਕਿਹੜਾ ਕਿਸਨੂੰ ਪਏ ਜੰਜਾਲਾ?
ਹੈਰਤ ਵਾਲਾ ਹੈ ਪ੍ਰਭ ਆਪੇ, ਕੌਤਕ ਅਜਬ ਨਿਆਰੇ।
ਆਪ ਅਕਾਰ ਬਣਾਇਆ ਆਪਣਾ, ਚੋਜੀ ਪ੍ਰੀਤਮ ਪਿਆਰੇ॥੩॥

Sri Satguru Jagjit Singh Ji eLibrary NamdhariElibrary@gmail.com

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ॥
ਤਹ ਬਿਨੁ ਮੈਲੁ ਕਹਹੁ ਕਿਆ ਧੋਤਾ॥
ਜਹ ਨਿਰੰਜਨ ਨਿਰੰਕਾਰ ਨਿਰਬਾਨ॥
ਤਹ ਕਉਨ ਕਉ ਮਾਨ ਕਉਨ ਅਭਿਮਾਨ॥
ਜਹ ਸਰੂਪ ਕੇਵਲ ਜਗਦੀਸ॥
ਤਹ ਛਲ ਛਿਦ੍ਰ ਲਗਤ ਕਹੁ ਕੀਸ॥
ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ॥
ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ॥
ਕਰਨ ਕਰਾਵਨ ਕਰਨੈਹਾਰੁ॥
ਨਾਨਕ ਕਰਤੇ ਕਾ ਨਾਹਿ ਸੁਮਾਰੁ॥੪॥

ਨਿਰਮਲ ਪ੍ਰਭੁ ਜੀਆਂ ਦਾ ਦਾਤਾ, ਜਿੱਥੇ ਆਪ ਹੀ ਹੋਵੇ।
ਕਿਸਨੂੰ ਲੱਗੇ ਮੈਲ ਤੇ ਕਿਹੜ੍ਹਾ, ਉਸ ਮਲ ਤਾਂਈਂ ਧੋਵੇ?
ਮਾਇਆ ਰਹਿਤ ਤੇ ਬਿਨਾ ਵਾਸ਼ਨਾਂ, ਜਦ ਸੀ ਇਕ ਨਿਰੰਕਾਰ਼ਾ।
ਕਿਸ ਨੂੰ ਮਾਣ ਸੀ ਆਪਣੇ ਉੱਤੇ, ਕਿਸਨੂੰ ਸੀ ਹੰਕਾਰਾ?
ਜਦ ਸੀ ਜੱਗ ਦੇ ਮਾਲਕ ਜੀ ਦੀ, ਕੇਵਲ ਇੱਕੋ ਹਸਤੀ।
ਕੌਣ ਸੀ ਧੋਖੇਬਾਜ਼ ਫਰੇਬੀ, ਕੌਣ ਸ਼ੀ ਐਬ ਪ੍ਰਸਤੀ?
ਜੋਤਿ ਰੂਪ ਜਦ ਪ੍ਰਭੂ ਸੀ ਆਪਣੀ, ਜੋਤਿ ਦੇ ਵਿਚ ਸਮਾਇਆ।
ਕਿਸ ਨੂੰ ਲੱਗੀ ਭੁੱਖ ਤ੍ਰਿਸ਼ਨਾ ਦੀ, ਕਿਹੜਾ ਸੀ ਤ੍ਰਿਪਤਾਇਆ?
ਵਾਹਿਗੁਰੂ ਬਿਨ ਹੋਰ ਨਹੀਂ ਹੈ, ਕਰਣ ਕਰਾਵਣਹਾਰਾ।
ਉਸਦਾ ਅੰਤ ਨਾਂ ਜਾਣੇ ਕੋਈ, ਜੋ ਜੱਗ ਸਿਰਜਣਹਾਰਾ ॥੪॥

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥
ਜਹ ਸਰਬ ਕਲਾ ਆਪਹਿ ਪਰਬੀਨ ॥
ਤਹ ਬੇਦ ਕਤੇਬ ਕਹਾ ਕੋਊ ਚੀਨ ॥
ਜਬ ਆਪਨ ਆਪੁ ਆਪਿ ਉਰਿ ਧਾਰੈ ॥
ਤਉ ਸਗਨ ਅਪਸਗਨ ਕਹਾ ਬੀਚਾਰੈ ॥
ਜਹ ਆਪਨ ਊਚ ਆਪਨ ਆਪਿ ਨੇਰਾ ॥
ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥
ਬਿਸਮਨ ਬਿਸਮ ਰਹੇ ਬਿਸਮਾਦ ॥
ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥

ਆਪਣੇ ਨਾਲ ਬਣਾਈ ਜਦ ਸੀ, ਪ੍ਰਭੂ ਆਪਣੀ ਵਡਿਆਈ।
ਕਿੱਥੇ ਸੀ ਉਦੋਂ ਮਾਤ ਪਿਤਾ, ਪੁੱਤ, ਦੋਸਤ ਅਤੇ ਭਾਈ?
ਸਰਬ ਸਿਆਣਾ ਆਪ ਹੀ ਜਦ ਸੀ, ਸਰਬ ਸ਼ਕਤੀਆਂ ਵਾਲਾ।
ਵੇਦ, ਕਤੇਬਾਂ ਕੌਣ ਸੀ ਪੜ੍ਹਦਾ, ਦੇਵੇ ਕੌਣ ਹਵਾਲਾ?
ਜਦ ਸੀ ਆਪਣੇ ਹਿਰਦੇ ਦੇ ਵਿਚ, ਪ੍ਰਭੂ ਜੀ ਦਾ ਵਰਤਾਰਾ।
ਸ਼ਗਨਾ ਤੇ ਅਪਸ਼ਗਨਾਂ ਦਾ ਤਦੋਂ, ਕਰਦਾ ਕੌਣ ਨਿਤਾਰਾ?
ਸਭ ਤੋਂ ਦੂਰ ਤੇ ਸਭ ਦੇ ਨੇੜੇ, ਆਪ ਹੀ ਸੀ ਜਦ ਖਾਲ਼ਕ।
ਤਦੋਂ ਕੌਣ ਕੋਈ ਸੇਵਕ ਹੈ ਸੀ, ਕੌਣ ਸੀ ਉਸਦਾ ਮਾਲਕ?
ਵੇਖ ਪ੍ਰਭੂ ਤੇਰੀ ਅਚਰਜ ਲੀਲ੍ਹਾ, ਮਨ ਵਿਸਮਾਦ 'ਚ ਆਵੇ।
ਤੇਰੀ ਉਚ ਅਵਸੱਥਾ ਤਾਂਈਂ, ਕਹਿ ਨਾ ਕੋਈ ਪਾਵੇ ॥੪॥

Sri Satguru Jagjit Singh Ji eLibrary NamdhariElibrary@gmail.com

ਜਹ ਅਛਲ ਅਛੇਦ ਅਭੇਦ ਸਮਾਇਆ ॥
ਊਹਾ ਕਿਸਹਿ ਬਿਆਪਤ ਮਾਇਆ ॥
ਆਪਸ ਕਉ ਆਪਹਿ ਆਦੇਸੁ ॥
ਤਿਹੁ ਗੁਣ ਕਾ ਨਾਹੀ ਪਰਵੇਸੁ ॥
ਜਹ ਏਕਹਿ ਏਕ ਏਕ ਭਗਵੰਤਾ ॥
ਤਹ ਕਉਨੁ ਅਚਿੰਤੁ ਕਿਸ ਲਾਗੈ ਚਿੰਤਾ ॥
ਜਹ ਆਪਨ ਆਪੁ ਆਪਿ ਪਤੀਆਰਾ ॥
ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥
ਬਹੁ ਬੇਅੰਤ ਊਚ ਤੇ ਊਚਾ ॥
ਨਾਨਕ ਆਪਸ ਕਉ ਆਪਹਿ ਪਹੂਚਾ ॥੬॥

ਛਲ ਰਹਿਤ ਜਦ ਪ੍ਰਭ ਅਬਿਨਾਸੀ, ਹਰ ਥਾਂ ਆਪ ਸਮਾਇਆ।
ਉਥੇ ਦੱਸੋ ਕਿਸਦੇ ਤਾਂਈਂ, ਪੋਹ ਸਕਦੀ ਹੈ ਮਾਇਆ?
ਕਰਦਾ ਹੈ ਪ੍ਰਣਾਮ ਆਪ ਨੂੰ, ਪ੍ਰਭ ਜੀ ਸੱਚਾ ਸੋਈ।
ਰਜਗੁਣ, ਤਮਗੁਣ, ਸਤਗੁਣ ਦਾ, ਨਾ ਟਿੱਕਣਾ ਉੱਥੇ ਹੋਈ।
ਜਦ ਕਿ ਇੱਕੋ ਵਾਹਿਗੁਰੂ ਹੀ, ਹਰ ਥਾਂ ਉੱਤੇ ਵੱਸਿਆ।
ਕੌਣ ਬੇ-ਫਿਕਰਾ ਹੋ ਕੇ ਰਹਿੰਦਾ, ਕਿਸਨੂੰ ਫਿਕਰ ਗ੍ਰੱਸਿਆ?
ਜਦ ਪ੍ਰਭ ਆਪਣੀ ਮੌਜ ਦੇ ਅੰਦਰ, ਹਰ ਦਮ ਆਪ ਹੀ ਰਹਿੰਦਾ।
ਕੌਣ ਕਿਸੇ ਦੀ ਸੁਣਦਾ ਉਥੇ, ਕੌਣ ਹੈ ਉੱਥੇ ਕਹਿੰਦਾ?
ਬੜਾ ਬੇ-ਅੰਤ ਤੇ ਸਭ ਤੋਂ ਉੱਚਾ, ਕਥਿਆ ਜਾਏ ਨਾਂ ਮਾਸਾ।
ਉੱਥੇ ਹੋਰ ਨਾ ਅਪੜੇ ਕੋਈ, ਜਿਸ ਥਾਂ ਉਸਦਾ ਵਾਸਾ ॥੬॥

Sri Satguru Jagjit Singh Ji eLibrary NamdhariElibrary@gmail.com

ਜਹ ਆਪਿ ਰਚਿਓ ਪਰਪੰਚੁ ਅਕਾਰੁ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥
ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥
ਅਨਿਕ ਪ੍ਰਕਾਰ ਕੀਓ ਬਖ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥

ਜਦ ਸ੍ਰਿਸ਼ਟੀ ਨੂੰ ਸਾਜਣ ਵਾਲਾ, ਪ੍ਰਭ ਨੇ ਖੇਲ ਰਚਾਇਆ।
ਰਜ ਗੁਣ, ਤਮ ਗੁਣ, ਸਤਗੁਣ ਵਾਲੀ, ਮਾਇਆ ਤਾਂਈਂ ਫੈਲਾਇਆ।
ਪਾਪ, ਪੁੰਨ ਦੀਆਂ ਗੱਲਾਂ ਚੱਲੀਆਂ, ਲੱਗੇ ਦੇਣ ਹਵਾਲਾ।
ਕੋਈ ਨਰਕਾਂ ਦਾ ਭਾਗੀ ਤੇ ਕੋਈ, ਸੁਰਗ ਨੂੰ ਚਾਹਣੇਵਾਲਾ।
ਮਾਇਆ ਦੇ ਬੰਧਨਾਂ ਵਿਚ ਪੈ ਗਏ, ਕਰਦੇ ਘਰ ਦੇ ਧੰਧੇ।
ਹੰਗਤਾ, ਮੋਹ, ਭਰਮ ਦੇ ਡਰ ਵਿਚ, ਫਸ ਗਏ ਸਾਰੇ ਬੰਦੇ।
ਦੁੱਖ, ਸੁੱਖ ਆਦਰ ਅਤੇ ਨਿਰਾਦਰ, ਜਿੰਦੜੀਆਂ ਮੱਲ ਲਈਆਂ।
ਜਗਤ ਪਸਾਰੇ, ਪ੍ਰਭ ਦੇ ਬਾਰੇ, ਕਈ ਗੱਲਾਂ ਚੱਲ ਪਈਆਂ।
ਆਪ ਕਰੇ ਤੇ ਆਪੇ ਦੇਖੇ, ਆਪਣਾ ਖੇਲ ਖਿਲਾਰਾ।
ਖੇਡ ਸਮੇਟੇ ਜਦੋਂ ਆਪਣੀ, ਫਿਰ ਇਕੋ ਨਿਰੰਕਾਰਾ ॥੭॥

Sri Satguru Jagjit Singh Ji eLibrary NamdhariElibrary@gmail.com

ਜਹ ਅਬਿਗਤੁ ਭਗਤੁ ਤਹ ਆਪਿ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ॥
ਦੁਹੂ ਪਾਖ ਕਾ ਆਪਹਿ ਧਨੀ॥
ਉਨ ਕੀ ਸੋਭਾ ਉਨ ਹੂ ਬਨੀ॥
ਆਪਹਿ ਕਉਤਕ ਕਰੈ ਅਨਦ ਚੋਜ॥
ਆਪਹਿ ਰਸ ਭੋਗਨ ਨਿਰਜੋਗ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ॥
ਬੇਸੁਮਾਰ ਅਥਾਹ ਅਗਨਤ ਅਤੋਲੈ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥੮॥੨੧॥

ਜਿੱਥੇ ਹੈ ਪ੍ਰਭੂ ਭਗਤ ਭੀ ਉਥੇ, ਇਕ ਥਾਂ ਦੋਹਾਂ ਵਾਸਾ।
ਸੰਤਾਂ ਦੇ ਪ੍ਰਤਾਪ ਲਈ ਪ੍ਰਭ, ਰਚਦਾ ਜਗਤ ਤਮਾਸ਼ਾ।
ਨਿਰਗੁਣ ਸਰਗੁਣ ਦੋਂਹ ਪੱਖਾਂ ਦਾ, ਮਾਲਕ ਪ੍ਰਭੂ ਸਦਾਵੇ।
ਇਹ ਪ੍ਰਭ ਜੀ ਦੀ ਹੈ ਵਡਿਆਈ, ਉਸ ਨੂੰ ਹੀ ਬਣ ਆਵੇ।
ਅਨਿਕ ਚੋਜ ਤੇ ਰੰਗ ਤਮਾਸ਼ੇ, ਕਰਦਾ ਹੈ ਪ੍ਰਭੂ ਆਪੇ।
ਸਭ ਰਸ ਭੋਗੇ ਐਪਰ ਫਿਰ ਭੀ, ਉਹ ਨਿਰਲੇਪ ਹੀ ਜਾਪੇ।
ਜਿਸਤੇ ਕਰਦਾ ਬਖਸ਼ਿਸ਼ ਉਸਨੂੰ, ਨਾਮ ਜਪਣ ਵਿਚ ਲਾਵੇ।
ਜਿਸਨੂੰ ਰਖਣਾ ਦੂਰ ਉਸੇ ਨੂੰ, ਖੇਡਾਂ ਵਿਚ ਪਰਚਾਵੇ।
ਗਿਣਤੀ ਮਿਣਤੀ, ਨਾਪਣ ਤੋਲਣ ਦੇ ਵਿਚ ਪ੍ਰਭੂ ਨਹੀਂ ਆਉਂਦਾ।
ਹੇ ਪ੍ਰਭੂ ਬੋਲੇ ਦਾਸ ਉਵੇਂ ਹੀ, ਤੂੰ ਜਿਸ ਤਰਾਂ ਬੁਲਾਉਂਦਾ॥੮॥੨੧।

ਸਲੋਕੁ ॥
ਜੀਅ ਜੰਤ ਕੇ ਠਾਕੁਰਾ
ਆਪੇ ਵਰਤਣਹਾਰ
ਨਾਨਕ ਏਕੋ ਪਸਰਿਆ
ਦੂਜਾ ਕਹ ਦ੍ਰਿਸਟਾਰ ॥੧॥

ਹੇ ਜੀਵਾਂ ਦੇ ਮਾਲਕ ਪ੍ਰਭੁ ਜੀ,
ਤੇਰਾ ਸਭ ਵਰਤਾਰਾ।
ਤੁੱਧ ਬਿਨ ਦੂਜਾ ਨਜ਼ਰ ਨਾ ਆਵੇ,
ਹਰ ਥਾਂ ਤੇਰਾ ਪਸਾਰਾ ॥੧॥

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਆਪਿ ਕਥੈ ਆਪਿ ਸੁਨਨੈਹਾਰੁ॥
ਆਪਹਿ ਏਕੁ ਆਪਿ ਬਿਸਥਾਰੁ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥
ਆਪਨੈ ਭਾਣੈ ਲਏ ਸਮਾਏ॥
ਤੁਮ ਤੇ ਭਿੰਨ ਨਹੀ ਕਿਛੁ ਹੋਇ॥
ਆਪਨ ਸੂਤਿ ਸਭੁ ਜਗਤੁ ਪਰੋਇ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ॥
ਸਚੁ ਨਾਮੁ ਸੋਈ ਜਨੁ ਪਾਏ॥
ਸੋ ਸਮਦਰਸੀ ਤਤ ਕਾ ਬੇਤਾ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ॥੧॥

ਪ੍ਰਭੂ ਆਪ ਹੀ ਬੋਲਣਵਾਲਾ, ਆਪੇ ਸੁਣਨੇਹਾਰਾ।
ਨਿਰਗੁਣ ਰੂਪ 'ਚ ਕੇਵਲ ਇਕ ਹੈ, ਸਰਗੁਣ ਵਿਚ ਜੱਗ ਸਾਰਾ।
ਇਸ ਸ੍ਰਿਸ਼ਟੀ ਦੀ ਰਚਨਾ ਕਰਦਾ, ਜਦ ਉਸਦਾ ਜੀਅ ਚਾਹਵੇ।
ਜਦ ਜੀਅ ਚਾਹਵੇ ਇਸ ਰਚਨਾ ਦੀ, ਹਸਤੀ ਤਾਂਈਂ ਮਿਟਾਵੇ।
ਹੇ ਪ੍ਰਭੁ ਤੇਰੇ ਕੋਲੋਂ ਵੱਖਰਾ, ਹੋਰ ਨਾ ਦੂਜਾ ਕੋਈ।
ਆਪਣੇ ਧਾਗੇ ਵਿਚ ਤੂੰ ਆਪਣੀ, ਇਹ ਕਾਇਨਾਤ ਪਰੋਈ।
ਜਿਸ ਜਨ ਉਪਰ ਮੇਹਰਾਂ ਕਰਦਾ, ਉਸਨੂੰ ਸੋਝੀ ਆਵੇ।
ਸਤਿਨਾਮ ਦੀ ਦਾਤ ਅਮੁੱਲੜੀ, ਉਹ ਵੱਡਭਾਗੀ ਪਾਵੇ।
ਇਕ ਨਜ਼ਰ ਨਾਲ ਵੇਖੇ ਸਭ ਨੂੰ, ਜਿਸ ਅਸਲੀਅਤ ਜਾਨੀ।
ਸਗਲ ਜਗਤ ਦਾ ਜੇਤੂ ਬਣਦਾ, ਐਸਾ ਬ੍ਰਹਮ ਗਿਆਨੀ ॥੧॥

ਜੀਅ ਜੰਤ੍ਰ ਸਭ ਤਾ ਕੈ ਹਾਥ॥
ਦੀਨ ਦਇਆਲ ਅਨਾਥ ਕੋ ਨਾਥੁ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ॥
ਸੋ ਮੂਆ ਜਿਸੁ ਮਨਹੁ ਬਿਸਾਰੈ॥
ਤਿਸੁ ਤਜਿ ਅਵਰ ਕਹਾ ਕੋ ਜਾਇ॥
ਸਭ ਸਿਰਿ ਏਕੁ ਨਿਰੰਜਨ ਰਾਇ॥
ਜੀਅ ਕੀ ਜੁਗਤਿ ਜਾ ਕੈ ਸਭ ਹਾਥਿ॥
ਅੰਤਰਿ ਬਾਹਰਿ ਜਾਨਹੁ ਸਾਥਿ॥
ਗੁਨ ਨਿਧਾਨ ਬੇਅੰਤ ਅਪਾਰ॥
ਨਾਨਕ ਦਾਸ ਸਦਾ ਬਲਿਹਾਰ॥੨॥

ਹੱਥ ਵੱਸ ਹਨ ਸਭ ਵਾਹਿਗੁਰੂ ਦੇ, ਜੀਵ ਜੰਤ ਇਹ ਸਾਰੇ।
ਉਸਦੀ ਰਹਿਮਤ ਹਰ ਇਕ ਉਤੇ, ਉਸਦੇ ਸੱਭੇ ਸਹਾਰੇ।
ਉਸਨੂੰ ਕੋਈ ਮਾਰ ਨਹੀ ਸਕਦਾ, ਜਿਸਨੂੰ ਪ੍ਰਭੂ ਬਚਾਵੇ।
ਉਹ ਮਰਦਾ ਹੈ ਜਿਸ ਨੂੰ ਮਾਲਕ, ਆਪਣੇ ਦਿਲੋਂ ਭੁਲਾਵੇ।
ਐਸੇ ਪ੍ਰਭ ਨੂੰ ਛੱਡਕੇ ਦੂਜਾ, ਕਿਉਂ ਮਨ ਮੂਰਖ ਭਾਲੇ।
ਇਕੋ ਮਾਇਆ ਰਹਿਤ ਹਰੀ ਹੀ, ਸਭਨਾਂ ਨੂੰ ਪ੍ਰਤਿਪਾਲੇ।
ਸਭ ਜੀਵਾਂ ਦੇ ਜੀਵਨ ਦੀ, ਮਰਯਾਦਾ ਜਿਸ ਹੱਥ ਪਿਆਰੇ।
ਹਰ ਦਮ ਉਸਨੂੰ ਅੰਗ ਸੰਗ ਜਾਣੋ, ਉਹੀ ਕਾਜ ਸੰਵਾਰੇ।
ਉਹ ਭੰਡਾਰ ਗੁਣਾਂ ਦਾ ਉਸਦਾ, ਅੰਤ ਨਾ ਕੋਈ ਜਾਣੇ।
ਪੰਜਵੇਂ ਨਾਨਕ ਕਹਿੰਦੇ ਮੈਂ ਹਾਂ, ਉਸ ਪ੍ਰਭ ਤੋਂ ਕੁਰਬਾਣੇ॥੨॥

ਪੂਰਨ ਪੂਰਿ ਰਹੇ ਦਇਆਲ॥
ਸਭ ਊਪਰਿ ਹੋਵਤ ਕਿਰਪਾਲ॥
ਅਪਨੇ ਕਰਤਬ ਜਾਨੈ ਆਪਿ॥
ਅੰਤਰਜਾਮੀ ਰਹਿਓ ਬਿਆਪਿ॥
ਪ੍ਰਤਿਪਾਲੈ ਜੀਅਨ ਬਹੁ ਭਾਤਿ॥
ਜੋ ਜੋ ਰਚਿਓ ਸੁ ਤਿਸਹਿ ਧਿਆਤਿ॥
ਜਿਸੁ ਭਾਵੈ ਤਿਸੁ ਲਏ ਮਿਲਾਇ॥
ਭਗਤਿ ਕਰਹਿ ਹਰਿ ਕੇ ਗੁਣ ਗਾਇ॥
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥
ਕਰਨਹਾਰੁ ਨਾਨਕ ਇਕੁ ਜਾਨਿਆ॥੩॥

ਸਰਬ ਵਿਆਪਕ ਦਇਆ ਦਾ ਸੋਮਾ, ਹਰ ਇਕ ਵਿਚ ਸਮਾਇਆ।
ਹਰ ਵੇਲੇ ਹਰ ਜੀਵ ਦੇ ਉਤੇ, ਮੇਹਰਾਂ ਕਰਦਾ ਆਇਆ।
ਅਚਰਜ ਕੌਤਕ ਹਨ ਜਿਸ ਪ੍ਰਭ ਦੇ, ਉਹ ਹੀ ਰਮਜ਼ ਪਛਾਣੇ।
ਹਰ ਇਕ ਵਿਚ ਸਮਾਇਆ ਜੇਹੜਾ, ਹਰ ਇਕ ਦਿਲ ਦੀ ਜਾਣੇ।
ਕਈ ਢੰਗਾਂ ਦੇ ਨਾਲ ਜੀਵਾਂ ਦੀ, ਉਹ ਪ੍ਰਤਿਪਾਲਣ ਕਰਦਾ।
ਜੋ ਜੋ ਉਸਨੇ ਪੈਦਾ ਕੀਤਾ, ਸੋਈ ਪ੍ਰਭੂ ਸਿਮਰਦਾ।
ਜਿਸ 'ਤੇ ਕਰਦਾ ਬਖਸ਼ਿਸ਼ ਉਸਨੂੰ, ਆਪਣੇ ਨਾਲ ਮਿਲਾਵੇ।
ਉਹ ਵਡਭਾਗਾ ਭਗਤੀ ਕਰਦਾ, ਨਾਲੇ ਪ੍ਰਭ ਗੁਣ ਗਾਵੇ।
ਹੋਂਦ ਪ੍ਰਭੂ ਦੀ ਉਪਰ ਕੀਤਾ, ਜਿਸ ਜਨ ਨੇ ਵਿਸ਼ਵਾਸਾ।
ਉਸਦੇ ਹਿਰਦੇ ਦੇ ਵਿਚ ਕੀਤਾ, ਪ੍ਰਭ ਜੀ ਆਣ ਨਿਵਾਸਾ॥੩॥

Sri Satguru Jagjit Singh Ji eLibrary NamdhariElibrary@gmail.com

ਜਨੁ ਲਾਗਾ ਹਰਿ ਏਕੈ ਨਾਇ॥
ਤਿਸ ਕੀ ਆਸ ਨ ਬਿਰਥੀ ਜਾਇ॥
ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥
ਇਸ ਤੇ ਊਪਰਿ ਨਹੀ ਬੀਚਾਰੁ॥
ਜਾ ਕੈ ਮਨਿ ਬਸਿਆ ਨਿਰੰਕਾਰੁ॥
ਬੰਧਨ ਤੋਰਿ ਭਏ ਨਿਰਵੈਰ॥
ਅਨਦਿਨੁ ਪੂਜਹਿ ਗੁਰ ਕੇ ਪੈਰ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ॥੪॥

ਇਕ ਨਿਰੰਕਾਰ ਦੇ ਨਾਮ ਜਪਣ ਵਿਚ, ਜੋ ਸੇਵਕ ਜੁੜ ਜਾਵੇ।
ਆਸ ਨਾ ਜਾਵੇ ਕੋਈ ਖਾਲੀ, ਮਨ ਚਿੰਦਿਆ ਫਲ ਪਾਵੇ।
ਸੇਵਕ ਤਾਂਈਂ ਇਹੀਓ ਫੱਬਦਾ, ਸੇਵ ਕਰੇ ਦਿਲ ਲਾਕੇ।
ਉਚ ਅਵੱਸਥਾ ਪਾ ਲੈਂਦਾ ਉਹ, ਪ੍ਰਭ ਦਾ ਹੁਕਮ ਵਜਾਕੇ।
ਨਾਮ ਜਪਣ ਤੋਂ ਹੋਰ ਨਾ ਵੱਡੀ, ਕੋਈ ਵੀਚਾਰ ਸੁਹਾਵੇ।
ਜਿਸਦੇ ਸਦਕਾ ਮਨ ਦੇ ਵੇਹੜੇ, ਪ੍ਰਭ ਜੀ ਮੇਰਾ ਆਵੇ।
ਮੋਹ ਮਾਇਆ ਦੀਆਂ ਤੋੜ ਜੰਜ਼ੀਰਾਂ, ਵੈਰ ਰਹਿਤ ਹੋ ਜਾਂਦੇ।
ਚਰਨ ਗੁਰਾਂ ਦੇ ਰੋਜ਼ ਪੂਜਕੇ, ਜ਼ਿੰਦਗੀ ਨੂੰ ਸਫਲਾਂਦੇ।
ਏਥੇ ਓਥੇ ਹਲਤ ਪਲਤ ਵਿਚ, ਸੁੱਖ ਉਹਨਾਂ ਨੇ ਪਾਏ।
ਜੋ ਵਡਭਾਗੇ ਹਰਿ ਪ੍ਰਭ ਜੀ ਨੇ, ਆਪਣੇ ਨਾਲ ਮਿਟਾਏ॥੪॥

Sri Satguru Jagjit Singh Ji eLibrary NamdhariElibrary@gmail.com

ਸਾਧ ਸੰਗਿ ਮਿਲਿ ਕਰਹੁ ਅਨੰਦ॥
ਗੁਨ ਗਾਵਹੁ ਪ੍ਰਭ ਪਰਮਾਨੰਦ॥
ਰਾਮ ਨਾਮ ਤਤੁ ਕਰਹੁ ਬੀਚਾਰੁ॥
ਦ੍ਰੁਲਭ ਦੇਹ ਕਾ ਕਰਹੁ ਉਧਾਰੁ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ॥
ਪ੍ਰਾਨ ਤਰਨ ਕਾ ਇਹੈ ਸੁਆਉ॥
ਆਠ ਪਹਰ ਪ੍ਰਭ ਪੇਖਹੁ ਨੇਰਾ॥
ਮਿਟੈ ਅਗਿਆਨੁ ਬਿਨਸੈ ਅੰਧੇਰਾ॥
ਸੁਨਿ ਉਪਦੇਸੁ ਹਿਰਦੈ ਬਸਾਵਹੁ॥
ਮਨ ਇਛੇ ਨਾਨਕ ਫਲ ਪਾਵਹੁ॥੫॥

ਸਾਧ ਸੰਗਤ ਵਿਚ ਮਿਲਕੇ ਬੈਠੋ, ਖੇੜੇ ਦੇ ਘਰ ਆਵੋ।
ਜੋ ਆਤਮ ਸੁੱਖ ਬਖਸ਼ੇ ਸਾਨੂੰ, ਉਸ ਪ੍ਰਭ ਦੇ ਗੁਣ ਗਾਵੋ।
ਸਰਬ ਸ੍ਰੇਸ਼ਟ ਨਾਮ ਪ੍ਰਭੂ ਦਾ, ਇਸਦੀ ਚਰਚਾ ਕਰੀਏ।
ਮਾਣਸ ਜਨਮ ਅਮੋਲਕ ਪਾਇਆ, ਇਸ ਨੂੰ ਸਫਲਾ ਕਰੀਏ।
ਅਮਰ ਕਰਨ ਗੁਣ ਵਾਹਿਗੁਰੂ ਦੇ, ਪਿਆਰ ਨਾਲ ਜੇ ਗਾਈਏ।
ਇਹੀ ਵਸੀਲਾ ਕਰਕੇ ਆਪਣੀ, ਜ਼ਿੰਦਗੀ ਨੂੰ ਸਫਲਾਈਏ।
ਅੱਠੇ ਪਹਿਰ ਹੀ ਵਾਹਿਗੁਰੂ ਨੂੰ, ਅੰਗ ਸੰਗ ਆਪਣੇ ਜਾਣੋ।
ਦੂਰ ਭਜਾ ਅਗਿਆਨ ਹਨੇਰਾ, ਗਿਆਨ ਦਾ ਚਾਨਣ ਮਾਣੋ।
ਸਤਿਗੁਰ ਦੇ ਉਪਦੇਸ਼ ਨੂੰ ਸੁਣਕੇ, ਹਿਰਦੇ ਵਿਚ ਵਸਾਈਏ।
ਸਿਦਕ ਭਰੋਸਾ ਸਾਬਤ ਰਖੀਏ, ਮਨ ਭਾਉਂਦੇ ਫਲ ਪਾਈਏ॥੫॥

Sri Satguru Jagjit Singh Ji eLibrary NamdhariElibrary@gmail.com

ਹਲਤੁ ਪਲਤੁ ਦੁਇ ਲੇਹੁ ਸਵਾਰਿ॥
ਰਾਮ ਨਾਮੁ ਅੰਤਰਿ ਉਰਿ ਧਾਰਿ॥
ਪੂਰੇ ਗੁਰ ਕੀ ਪੂਰੀ ਦੀਖਿਆ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆਂ॥
ਮਨਿ ਤਨਿ ਨਾਮੁ ਜਪਹੁ ਲਿਵ ਲਾਇ॥
ਦੂਖੁ ਦਰਦੁ ਮਨ ਤੇ ਭਉ ਜਾਇ॥
ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥
ਏਕਾ ਟੇਕ ਰਖਹੁ ਮਨ ਮਾਹਿ॥
ਨਾਨਕ ਬਹੁਰਿ ਨ ਆਵਹਿ ਜਾਹਿ॥੬॥

ਲੋਕ ਅਤੇ ਪਰਲੋਕ ਆਪਣੇ, ਦੋਹਾਂ ਤਾਂਈਂ ਸੰਵਾਰੋ।
ਵਾਹਿਗੁਰੂ ਦੇ ਨਾਮ ਨੂੰ ਜੇਕਰ, ਹਿਰਦੇ ਦੇ ਵਿਚ ਧਾਰੋ।
ਪੂਰੇ ਗੁਰੂ ਦੀ ਪੂਰੀ ਸਿਖਿਆ, ਜਿਸਦੇ ਮਨ ਵੱਸ ਜਾਵੇ।
ਪਰਮੇਸ਼ਰ ਦੀ ਸੱਚੀ ਹਸਤੀ, ਸਮਝ ਓਸਦੀ ਆਵੇ।
ਸੁਰਤਿ ਜੋੜਕੇ ਮਨ ਤੇ ਤਨ ਨੂੰ, ਨਾਮ ਜਪਣ ਵਿਚ ਲਾਈਏ।
ਮਨ ਆਪਣੇ ਤੋਂ ਦੁੱਖ, ਦਰਦ, ਡਰ, ਸਗਲੇ ਦੂਰ ਭਜਾਈਏ।
ਸੌਦਾ ਕਰੀਏ ਨਾਮ ਵਸਤ ਦਾ, ਬਣਕੇ ਸੱਚ ਵਣਜਾਰੇ।
ਹੋਵੇਗੀ ਪਰਵਾਨ ਇਹ ਪੂੰਜੀ, ਉਸ ਸੱਚੇ ਦਰਬਾਰੇ।
ਓਟ ਆਸਰਾ ਇਕੋ ਪ੍ਰਭ ਦਾ, ਮਨ ਵਿਚ ਰਖਦਾ ਜੇਹੜਾ।
ਮੁੱਕ ਜਾਂਦਾ ਹੈ ਉਸ ਪ੍ਰਾਣੀ ਦਾ, ਜਨਮ ਮਰਨ ਦਾ ਗੇੜਾ ॥੬॥

Sri Satguru Jagjit Singh Ji eLibrary NamdhariElibrary@gmail.com

ਤਿਸ ਤੇ ਦੂਰਿ ਕਹਾ ਕੋ ਜਾਇ॥
ਉਬਰੈ ਰਾਖਨਹਾਰੁ ਧਿਆਇ॥
ਨਿਰਭਉ ਜਪੈ ਸਗਲ ਭਉ ਮਿਟੈ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥
ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥
ਨਾਮੁ ਜਪਤ ਮਨਿ ਹੋਵਤ ਸੂਖ॥
ਚਿੰਤਾ ਜਾਇ ਮਿਟੈ ਅਹੰਕਾਰੁ॥
ਤਿਸੁ ਜਨ ਕਉ ਕੋਇ ਨ ਪਹੁਚਨਹਾਰੁ॥
ਸਿਰ ਊਪਰਿ ਠਾਢਾ ਗੁਰੁ ਸੂਰਾ॥
ਨਾਨਕ ਤਾ ਕੇ ਕਾਰਜ ਪੂਰਾ॥੭॥

ਵਾਹਿਗੁਰੂ ਤੋਂ ਭੱਜਕੇ ਭਲਾ, ਦੂਰ ਕਿਥੇ ਕੋਈ ਜਾਵੇ।
ਬਚੇ ਵਿਕਾਰਾਂ ਕੋਲੋਂ ਜੇ ਕਰ, ਉਸਦਾ ਨਾਮ ਧਿਆਵੇ।
ਨਿਰਭਉ ਵਾਹਿਗੁਰੂ ਨੂੰ ਜੱਪਕੇ, ਡਰ ਮੁੱਕ ਜਾਂਦਾ ਸਾਰਾ।
ਉਸਦੀ ਬਖਸ਼ਿਸ਼ ਸਦਕਾ ਹੁੰਦਾ, ਪਾਪਾਂ ਤੋਂ ਛੁਟਕਾਰਾ।
ਜਿਸਦੀ ਰੱਖਿਆ ਆਪ ਕਰੇ ਪ੍ਰਭੁ, ਦੁੱਖ ਨਾ ਨੇੜੇ ਆਵੇ।
ਜੱਪਕੇ ਉਸਦੇ ਨਾਮ ਦੇ ਤਾਂਈਂ, ਮਨ ਸੁੱਖੀਆ ਹੋ ਜਾਵੇ।
ਫਿਕਰ ਨਾ ਕੋਈ ਨੇੜੇ ਆਵੇ, ਨਾ ਹੰਕਾਰ ਸਤਾਵੇ।
ਉਚ ਅਵਸੱਥਾ ਉਸਦੀ ਤਾਂਈਂ, ਪਹੁੰਚ ਨਾਂ ਕੋਈ ਪਾਵੇ।
ਖੜ੍ਹਾ ਹੈ ਜਿਸਦੇ ਸਿਰ ਦੇ ਉਤੇ, ਗੁਰੂ ਸੂਰਮਾ ਪੂਰਾ।
ਉਸਦਾ ਕਾਰਜ ਜੱਗ ਦੇ ਉਤੇ, ਕਦੇ ਨਾ ਰਹੇ ਅਧੂਰਾ॥੭॥

Sri Satguru Jagjit Singh Ji eLibrary NamdhariElibrary@gmail.com

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ॥
ਦਰਸਨੁ ਪੇਖਤ ਉਧਰਤ ਸ੍ਰਿਸਟਿ॥
ਚਰਨ ਕਮਲ ਜਾ ਕੇ ਅਨੂਪ॥
ਸਫਲ ਦਰਸਨੁ ਸੁੰਦਰ ਹਰਿ ਰੂਪ॥
ਧੰਨੁ ਸੇਵਾ ਸੇਵਕੁ ਪਰਵਾਨੁ॥
ਅੰਤਰਜਾਮੀ ਪੁਰਖੁ ਪ੍ਰਧਾਨੁ॥
ਜਿਸੁ ਮਨਿ ਬਸੈ ਸੁ ਹੋਤ ਨਿਹਾਲੁ॥
ਤਾ ਕੈ ਨਿਕਟਿ ਨ ਆਵਤ ਕਾਲੁ॥
ਅਮਰ ਭਏ ਅਮਰਾ ਪਦੁ ਪਾਇਆ॥
ਸਾਧ ਸੰਗਿ ਨਾਨਕ ਹਰਿ ਧਿਆਇਆ॥੮॥੨੨॥

ਜਿਸਦੀ ਨਜ਼ਰੋਂ ਅੰਮਿਓ ਝਰਦਾ, ਜੋ ਸਭ ਸੋਝੀ ਪਾਵੇ।
ਉਸ ਪ੍ਰਭ ਜੀ ਦੇ ਦਰਸ਼ਨ ਕਰਿਆਂ, ਸਭ ਸ੍ਰਿਸ਼ਟੀ ਤਰ ਜਾਵੇ।
ਚਰਨ ਕਮਲ ਅਤਿ ਸੁੰਦਰ ਜਿਸਦੇ, ਉਪਮਾਂ ਨਾ ਬਣ ਆਵੇ।
ਉਸ ਪ੍ਰਭ ਦੀ ਦੇ ਦਰਸ਼ਨ ਕਰਕੇ, ਬੰਦਾ ਸਭ ਫੱਲ ਪਾਵੇ।
ਉਸ ਸੇਵਕ ਦੀ ਸੇਵਾ ਧੰਨ ਹੈ, ਦਰਗਹ ਜਾਏ ਪਰਵਾਨੀ।
ਸਭ ਤੋਂ ਵੱਡਾ ਵਾਹਿਗੁਰੂ ਹੈ, ਜਿਸ ਦਿਲ ਦੀ ਗੱਲ ਜਾਣੀ।
ਖਿੜ ਜਾਵੇ ਉਹ ਫੁੱਲ ਦੇ ਵਾਂਗੂੰ, ਜਿਸਦੇ ਮਨ ਵੱਸ ਜਾਵੇ।
ਮੌਤ ਡਰੋਂ ਹੋ ਜਾਏ ਸੁਰਖਰੂ, ਕਾਲ ਨਾ ਨੇੜੇ ਆਵੇ।
ਜਨਮ ਮਰਨ ਤੋਂ ਰਹਿਤ ਹੋਏ ਉਹ, ਅਮਰ ਅਟੱਲ ਪਦ ਪਾਇਆ।
ਸਾਧ ਸੰਗਤ ਵਿਚ ਆਕੇ ਜਿਹਨਾ, ਆਪਣਾ ਪ੍ਰਭੂ ਧਿਆਇਆ ॥੧॥੨੨॥

Sri Satguru Jagjit Singh Ji eLibrary NamdhariElibrary@gmail.com

ਸਲੋਕੁ ॥
ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ
ਨਾਨਕ ਮਨਿ ਪਰਗਾਸੁ ॥੧॥

ਸਤਿਗੁਰ ਗਿਆਨ ਦਾ ਸੁਰਮਾ ਦਿੱਤਾ,
ਹੋਇਆ ਦੂਰ ਹਨੇਰਾ।
ਪ੍ਰਭੁ ਕਿਰਪਾ ਨਾਲ ਗੁਰੂ ਧਿਆ,
ਮਨ ਰੌਸ਼ਨ ਹੋਇਆ ਮੇਰਾ।

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥
ਅਨਿਕ ਰੰਗ ਨਾਨਾ ਦ੍ਰਿਸਟਾਹਿ॥
ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥੧॥

ਨਾਲ ਗੁਰੂ ਰਹਿ ਪਰਮੇਸ਼ਰ ਨੂੰ, ਹਿਰਦੇ ਦੇ ਵਿਚ ਤੱਕਿਆ।
ਨਾਮ ਪ੍ਰਭੂ ਦਾ ਮਿੱਠਾ ਲੱਗਿਆ, ਜਦ ਰਸਨਾਂ ਨੇ ਚੱਖਿਆ।
ਵਾਹਿਗੁਰੂ ਦੇ ਹਿਰਦੇ ਅੰਦਰ, ਸਰਬ ਪਦਾਰਥ ਵੱਸਦੇ।
ਤਰ੍ਹਾਂ ਤਰ੍ਹਾਂ ਦੇ ਰੰਗ ਰੂਪ, ਜੋ ਇਸ ਕੁਦਰਤ ਵਿਚ ਦੱਸਦੇ।
ਅੰਮ੍ਰਿਤ ਨਾਮ ਪ੍ਰਭੂ ਦਾ ਉਤਮ, ਨੌ ਨਿਧੀਆਂ ਤੋਂ ਉੱਤੇ।
ਜਿਸ ਦੇਹੀ ਵਿਚ ਵੱਸਿਆ ਜਾਗੇ, ਭਾਗ ਓਸਦੇ ਸੁੱਤੇ।
ਅਫੁੱਰ ਅਵੱਸਥਾ ਦੇ ਵਿਚ ਵੱਜਦਾ, ਬਿਨ ਆਹਟ ਝਨਕਾਰਾ।
ਏਸ ਅਨੂਠੇ ਅਨੁਭਵ ਤਾਂਈਂ, ਕੌਣ ਬਿਆਨਣਹਾਰਾ।
ਉਸਨੇ ਹੀ ਇਹ ਸਭ ਕੁਝ ਤੱਕਿਆ, ਜਿਸਨੂੰ ਪ੍ਰਭੂ ਦਿਖਾਇਆ।
ਏਸ ਰਹੱਸ ਨੂੰ ਉਹ ਹਰਿ ਜਨ ਹੀ, ਜੱਗ ਵਿਚ ਸਮਝ ਹੈ ਪਾਇਆ॥੧॥

Sri Satguru Jagjit Singh Ji eLibrary NamdhariElibrary@gmail.com

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥੨॥

ਨਿਰਗੁਣ ਰੂਪ 'ਚ ਅੰਦਰ, ਸਰਗੁਣ ਉਸਦਾ ਬਾਹਰ ਪਸਾਰਾ।
ਹਰ ਹਿਰਦੇ ਵਿਚ ਵਿਆਪ ਰਿਹਾ ਹੈ, ਸਾਚਾ ਸਿਰਜਣਹਾਰਾ।
ਧਰਤ ਅਕਾਸ਼ ਪਤਾਲ ਉਹੀ ਹੈ, ਹਰ ਥਾਂ ਉਹੀ ਸਮਾਵੇ।
ਜੋ ਜੀਅ ਉਸਨੇ ਪੈਦਾ ਕੀਤੇ, ਸਭ ਨੂੰ ਰਿਜ਼ਕ ਪੁਚਾਵੇ।
ਘਾਹ ਦੇ ਇਕ ਤਿਣਕੇ ਤੋਂ ਲੈ ਕੇ, ਜੰਗਲ ਪਰਬਤ ਸਾਰੇ।
ਸਭ ਨੂੰ ਆਪਣੇ ਹੁਕਮ ਦੇ ਅੰਦਰ, ਓਸ ਲਗਾਇਆ ਕਾਰੇ।
ਹਵਾ, ਪਾਣੀ ਤੇ ਅਗਨੀ ਦੇ ਵਿਚ, ਆਪਣਾ ਆਪ ਟਿਕਾਇਆ।
ਚੌਂਹ ਕੂੰਟਾਂ ਤੇ ਦਸਾਂ ਦਿਸ਼ਾਂ ਵਿਚ, ਹਰ ਥਾਂ ਪ੍ਰਭੂ ਸਮਾਇਆ।
ਉਸ ਤੋਂ ਵੱਖਰੀ ਇਸ ਸ੍ਰਿਸ਼ਟੀ ਵਿਚ, ਥਾਂ ਨਾ ਕੋਈ ਜਾਣੀ।
ਸੁੱਖ ਸਦੀਵੀ ਤੂੰ ਭੀ ਪਾਲੈ, ਗੁਰ ਕਿਰਪਾ ਨਾਲ ਪ੍ਰਾਣੀ ॥੨॥

Sri Satguru Jagjit Singh Ji eLibrary NamdhariElibrary@gmail.com

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥
ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥
ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥
ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥
ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥

ਵੇਦ ਪੁਰਾਨ ਤੇ ਸਿਮ੍ਰਤੀਆਂ ਸਭ, ਪੜ੍ਹਕੇ ਦੇਖ ਤੂੰ ਸਾਰੇ।
ਉਸ ਤੋਂ ਲੈ ਪ੍ਰਕਾਸ਼ ਚਮਕਦੇ, ਚੰਦ ਸੂਰਜ ਤੇ ਤਾਰੇ।
ਬਾਣੀ ਪ੍ਰਭੂ ਦੀ, ਰਸਨਾ ਪ੍ਰਭੂ ਦੀ, ਜੀਵ ਤਾਂ ਕੇਵਲ ਬੋਲੇ।
ਅਡੋਲ ਟਿਕਾਣਾ ਵਾਹਿਗੁਰੂ ਦਾ, ਜੇਹੜਾ ਕਦੇ ਨਾਂ ਡੋਲੇ।
ਸਰਬ ਸ਼ਕਤੀਆਂ ਆਪੇ ਰੱਚਕੇ, ਆਪੇ ਖੇਲਣਹਾਰਾ।
ਉਸਦੇ ਗੁਣਾਂ ਦਾ ਮੁੱਲ ਨਾਂ ਕੋਈ, ਨਾ ਕੋਈ ਪਾਵਣਹਾਰਾ।
ਨੂਰੀ ਜੋਤਿ ਦਾ ਸਭ ਜੋਤਾਂ ਵਿਚ, ਵੱਜਦਾ ਹੈ ਲਿਸ਼ਕਾਰਾ।
ਤਾਣੇ ਪੇਟੇ ਵਾਂਗ ਦੇ ਰਿਹਾ, ਸਭ ਦੇ ਤਾਂਈ ਸਹਾਰਾ।
ਦੂਰ ਹੋ ਗਿਆ ਭਰਮ ਜਿਨ੍ਹਾਂ ਦਾ, ਗੁਰ ਕਿਰਪਾ ਦੇ ਦੁਆਰਾ।
ਦਿਲ ਉਹਨਾਂ ਵਿਸ਼ਵਾਸ ਹੋ ਗਿਆ, ਇਹ ਸਭ ਪ੍ਰਭੂ ਪਸਾਰਾ॥੩॥

Sri Satguru Jagjit Singh Ji eLibrary NamdhariElibrary@gmail.com

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥
ਸੰਤ ਜਨਾ ਸੁਨਹਿ ਸੁਭ ਬਚਨ ॥
ਸਰਬ ਬਿਆਪੀ ਰਾਮ ਸੰਗਿ ਰਚਨ ॥
ਜਿਨਿ ਜਾਤਾ ਤਿਸ ਕੀ ਇਹ ਰਹਤ ॥
ਸਤਿ ਬਚਨ ਸਾਧੂ ਸਭਿ ਕਹਤ ॥
ਜੋ ਜੋ ਹੋਇ ਸੋਈ ਸੁਖੁ ਮਾਨੈ ॥
ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥
ਅੰਤਰਿ ਬਸੇ ਬਾਹਰਿ ਭੀ ਓਹੀ ॥
ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥

ਹਰ ਇਕ ਵਿਚੋਂ ਹਰੀ ਵੇਖਦੇ, ਜੋ ਹਨ ਸੰਤ ਪਿਆਰੇ।
ਦਿਲ ਵਿਚ ਪੈਦਾ ਹੋਣ ਵਲਵਲੇ, ਹੋਣ ਧਰਮ ਦੇ ਸਾਰੇ।
ਸੁਣਨ ਹਮੇਸ਼ਾਂ ਭਲੇ ਬਚਨ ਹੀ, ਭਲੇ ਬਚਨ ਹੀ ਕਹਿੰਦੇ।
ਸਰਬ ਵਿਆਪੀ ਵਾਹਿਗੁਰੂ ਨਾਲ, ਜੁੜੇ ਸਦਾ ਹੀ ਰਹਿੰਦੇ।
ਜਿਸਨੇ ਜਾਣ ਲਿਆ ਪਰਮੇਸ਼ਰ, ਨਿਰਮਲ ਹੋਈ ਰਹਿਣੀ।
ਸੱਚੀ ਹੁੰਦੀ ਸੰਤ ਭਗਤ ਦੀ, ਕਰਣੀ ਅਤੇ ਕਹਿਣੀ।
ਪ੍ਰਭੂ ਰਜ਼ਾ ਵਿਚ ਸੁਖੀ ਹੈ ਰਹਿੰਦਾ, ਐਸਾ ਸੰਤ ਪਿਆਰਾ।
ਇਕੋ ਵਾਹਿਗੁਰੂ ਨੂੰ ਸਮਝੇ, ਕਰਣ ਕਰਾਵਣਹਾਰਾ।
ਅੰਦਰ ਬਾਹਰ ਉਸੇ ਦਾ ਜਲਵਾ, ਸਭ ਥਾਂ ਓਹੀ ਸੋਂਹਦਾ।
ਦਰਸ਼ਨ ਉਸਦਾ ਇਤਨਾ ਪਿਆਰਾ, ਹਰ ਇਕ ਤਾਂਈਂ ਮੋਂਹਦਾ॥੪॥

Sri Satguru Jagjit Singh Ji eLibrary NamdhariElibrary@gmail.com

ਆਪਿ ਸਤਿ ਕੀਆ ਸਭੁ ਸਤਿ॥
ਤਿਸੁ ਪ੍ਰਭ ਤੇ ਸਗਲੀ ਉਤਪਤਿ॥
ਤਿਸੁ ਭਾਵੈ ਤਾ ਕਰੇ ਬਿਸਥਾਰੁ॥
ਤਿਸੁ ਭਾਵੈ ਤਾ ਏਕੰਕਾਰੁ॥
ਅਨਿਕ ਕਲਾ ਲਖੀ ਨਹ ਜਾਇ॥
ਜਿਸੁ ਭਾਵੈ ਤਿਸੁ ਲਏ ਮਿਲਾਇ॥
ਕਵਨ ਨਿਕਟਿ ਕਵਨ ਕਹੀਐ ਦੂਰਿ॥
ਆਪੇ ਆਪਿ ਆਪ ਭਰਪੂਰਿ॥
ਅੰਤਰਗਤਿ ਜਿਸੁ ਆਪਿ ਜਨਾਏ ॥
ਨਾਨਕ ਤਿਸੁ ਜਨ ਆਪਿ ਬੁਝਾਏ॥੫॥

ਸੱਚੇ ਪ੍ਰਭ ਨੇ ਆਪਣੀ ਸਗਲੀ, ਰਚਨਾ ਸੱਚ ਬਣਾਈ।
ਆਪਣੀ ਕੁਦਰਤ ਸਾਜਕੇ ਆਪਣੀ, ਜੋਤੀ ਵਿਚ ਟਿਕਾਈ।
ਜੇ ਚਾਹੇ ਤਾਂ ਸਰਗੁਣ ਰੂਪ 'ਚ, ਕਰਦਾ ਜਗਤ ਪਸਾਰਾ।
ਜੇ ਚਾਹੇ ਤਾਂ ਨਿਰਗੁਣ ਰੂਪ 'ਚ, ਆਪ ਰਹੇ ਨਿਰੰਕਾਰਾ।
ਅਨੰਤ ਸ਼ਕਤੀਆਂ ਦਾ ਉਹ ਮਾਲਕ, ਇਕ ਭੀ ਕਥੀ ਨਾ ਜਾਏ।
ਜੇਹੜਾ ਉਸਨੂੰ ਚੰਗਾ ਲਗਦਾ, ਆਪਣੇ ਨਾਲ ਮਿਲਾਏ।
ਕਿਸਦੇ ਨੇੜੇ, ਦੂਰ ਹੈ ਕਿਸਤੋਂ, ਕੌਣ ਕਰੇ ਨਿਸਤਾਰਾ।
ਜਦ ਕਿ ਹਰ ਥਾਂ ਰਮਿਆ ਹੋਇਆ, ਸੱਚਾ ਸਿਰਜਣਹਾਰਾ।
ਅੰਦਰੋਂ ਜਿਸਨੂੰ ਸੋਝੀ ਬਖਸ਼ੇ, ਸਮਝ ਉਸੇ ਨੂੰ ਆਵੇ।
ਆਪਣੀ ਸਰਬ ਵਿਆਪਕਤਾ ਉਹ, ਉਸ ਜਨ ਨੂੰ ਸਮਝਾਵੇ ॥੫॥

Sri Satguru Jagjit Singh Ji eLibrary NamdhariElibrary@gmail.com

ਸਰਬ ਭੂਤ ਆਪਿ ਵਰਤਾਰਾ॥
ਸਰਬ ਨੈਨ ਆਪਿ ਪੇਖਨਹਾਰਾ॥
ਸਗਲ ਸਮਗ੍ਰੀ ਜਾ ਕਾ ਤਨਾ॥
ਆਪਨ ਜਸੁ ਆਪ ਹੀ ਸੁਨਾ॥
ਆਵਨ ਜਾਨੁ ਇਕੁ ਖੇਲੁ ਬਨਾਇਆ॥
ਆਗਿਆਕਾਰੀ ਕੀਨੀ ਮਾਇਆ॥
ਸਭ ਕੈ ਮਧਿ ਅਲਿਪਤੋ ਰਹੈ॥
ਜੋ ਕਿਛੁ ਕਹਣਾ ਸੁ ਆਪੇ ਕਹੈ॥
ਆਗਿਆ ਆਵੈ ਆਗਿਆ ਜਾਇ॥
ਨਾਨਕ ਜਾ ਭਾਵੈ ਤਾ ਲਏ ਸਮਾਇ॥੬॥

ਸਭ ਜੀਵਾਂ ਵਿਚ ਆਪੇ ਵਸਕੇ, ਕਰਦਾ ਜੱਗ ਵਰਤਾਰਾ।
ਸਭ ਅੱਖੀਆਂ ਦੇ ਵਿਚ ਹੈ ਬੈਠਾ, ਆਪੇ ਦੇਖਣਹਾਰਾ।
ਪਾਰਬ੍ਰਹਮ ਦੇ ਵਿਚ ਹੀ ਸਮਝੋ, ਸਗਲੀ ਸ੍ਰਿਸ਼ਟਿ ਸਮਾਈ।
ਆਪਣੀ ਮੌਜ 'ਚ ਆਪ ਹੀ ਸੁਣਦਾ, ਆਪਣੀ ਪ੍ਰਭੁ ਵਡਿਆਈ।
ਜੀਵ ਦਾ ਜੰਮਣਾ ਮਰਨਾ ਪ੍ਰਭ ਨੇ, ਆਪਣਾ ਖੇਲ ਬਣਾਇਆ।
ਆਪਣੇ ਹੁਕਮ ਦੇ ਅੰਦਰ ਰੱਖੀ, ਇਹ ਤ੍ਰੈ ਗੁਣੀ ਮਾਇਆ।
ਸਭ ਦੇ ਅੰਦਰ ਵੱਸਦਾ ਭੀ ਉਹ, ਸਭ ਤੋਂ ਰਹੇ ਨਿਆਰਾ।
ਜੋ ਕੁਝ ਕਹਿਣਾ ਆਪੇ ਕਹਿੰਦਾ, ਜੀਵ ਦੀ ਜੀਭਾ ਦੁਆਰਾ।
ਆਗਿਆ ਅੰਦਰ ਜੰਮਦਾ ਜੀਅੜਾ, ਆਗਿਆ ਵਿਚ ਟੁਰ ਜਾਵੇ।
ਜਿਸਤੇ ਆਪਣੀ ਬਖਸ਼ਿਸ਼ ਕਰਦਾ, ਉਸਨੂੰ ਨਾਲ ਮਿਲਾਵੇ ॥੬॥

Sri Satguru Jagjit Singh Ji eLibrary NamdhariElibrary@gmail.com

ਇਸ ਤੇ ਹੋਇ ਸੁ ਨਾਹੀ ਬੁਰਾ॥
ਓਰੈ ਕਹਹੁ ਕਿਨੈ ਕਛੁ ਕਰਾ॥
ਆਪਿ ਭਲਾ ਕਰਤੂਤਿ ਅਤਿ ਨੀਕੀ॥
ਆਪੇ ਜਾਨੈ ਆਪਨੇ ਜੀ ਕੀ॥
ਆਪਿ ਸਾਚੁ ਧਾਰੀ ਸਭ ਸਾਚੁ॥
ਓਤਿ ਪੋਤਿ ਆਪਨ ਸੰਗਿ ਰਾਚੁ॥
ਤਾ ਕੀ ਗਤਿ ਮਿਤਿ ਕਹੀ ਨ ਜਾਇ॥
ਦੂਸਰ ਹੋਇ ਤ ਸੋਝੀ ਪਾਇ॥
ਤਿਸ ਕਾ ਕੀਆ ਸਭੁ ਪਰਵਾਨੁ॥
ਗੁਰ ਪ੍ਰਸਾਦਿ ਨਾਨਕ ਇਹੁ ਜਾਨੁ॥੭॥

ਉਸਦਾ ਕੀਤਾ ਬੁਰਾ ਨਾ ਹੋਵੇ, ਭਲਾ ਜੋ ਸਾਡਾ ਤੱਕਦਾ।
ਪ੍ਰਭ ਬਿਨ ਦੂਜਾ ਹੋਰ ਹੈ ਕੇਹੜਾ, ਜੋ ਕੁਝ ਕਰ ਹੈ ਸਕਦਾ।
ਉਸ ਚੰਗੇ ਦੀ ਕਰਨੀ ਚੰਗੀ, ਜੋ ਹੈ ਸਭ ਦਾ ਸੁਆਮੀ।
ਆਪਣੇ ਦਿਲ ਦੀਆਂ ਆਪੇ ਜਾਣੇ, ਉਹ ਪ੍ਰਭੁ ਅੰਤਰਜਾਮੀ।
ਉਸਦੀ ਹੋਂਦ ਹੈ ਸੱਚੀ, ਸੱਚਾ ਉਸਦਾ ਜਗਤ ਬਣਾਇਆ।
ਤਾਣੇ ਪੇਟੇ ਵਾਗੂੰ ਜੋ ਸਭ, ਆਪਣੇ ਨਾਲ ਮਿਲਾਇਆ।
ਉਸਦੀ ਕਰਣੀ, ਗਿਣਤੀ ਮਿਣਤੀ, ਦੇ ਵਿਚ ਕਦੇ ਨਾ ਆਵੇ।
ਉਸ ਵਰਗਾ ਕੋਈ ਹੋਵੇ ਜੇਹੜਾ, ਉਹ ਹੀ ਸੋਝੀ ਪਾਵੇ।
ਉਸਦਾ ਕੀਤਾ ਸਿਰ ਮੱਥੇ 'ਤੇ, ਨਾ ਤਕਰਾਰ ਹੈ ਕੋਈ।
ਇਹ ਸਭ ਸੋਝੀ ਜੀਵ ਦੇ ਤਾਂਈਂ, ਗੁਰ ਕਿਰਪਾ ਨਾਲ ਹੋਈ ॥੭॥

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥
ਆਪਿ ਮਿਲਾਇ ਲਵੇ ਪ੍ਰਭੁ ਸੋਇ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥
ਧੰਨੁ ਧੰਨੁ ਧੰਨੁ ਜਨੁ ਆਇਆ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥
ਜਨ ਆਵਨ ਕਾ ਇਹੈ ਸੁਆਉ॥
ਜਨ ਕੈ ਸੰਗਿ ਚਿਤਿ ਆਵੈ ਨਾਉ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੮॥੨੩॥

ਜਿਸਨੇ ਜਾਣਿਆਂ ਵਾਹਿਗੁਰੂ ਨੂੰ, ਸੁੱਖ ਸਦੀਵੀਂ ਪਾਵੇ।
ਉਸ ਵਡਭਾਗੇ ਤਾਂਈਂ ਪ੍ਰਭ ਜੀ, ਆਪਣੇ ਨਾਲ ਮਿਲਾਵੇ।
ਉਹ ਧਨਵਾਨ ਉੱਚੀ ਕੁੱਲ ਵਾਲਾ, ਇੱਜ਼ਤਵਾਨ ਸਦਾਵੇ।
ਜੀਵਨ ਮੁਕਤਿ ਹੋਏ ਜਿਸ ਹਿਰਦੇ, ਪਰਮੇਸ਼ਰ ਵੱਸ ਜਾਵੇ।
ਸਦਾ ਮੁਬਾਰਕ ਉਸਦਾ ਆਉਣਾ, ਜੱਗ 'ਤੇ ਹੋਇਆ ਕਰਦਾ।
ਜਿਸਦੀ ਕਿਰਪਾ ਸਦਕਾ ਸਾਰਾ, ਜੱਗ ਭਵਸਾਗਰ ਤਰਦਾ।
ਇਸ ਮਕਸਦ ਦੀ ਖਾਤਰ ਹੀ, ਉਹ ਹਰਿ-ਜਨ ਜੱਗ 'ਤੇ ਆਵੇ।
ਆਪਣੀ ਸੰਗਤ ਵਿਚ ਆਇਆ ਨੂੰ, ਨਾਮ ਜਪਣ ਵਿਚ ਲਾਵੇ।
ਆਪ ਮੁਕਤਿ ਤੇ ਮੋਹ ਮਾਇਆ ਤੋਂ, ਸਭ ਨੂੰ ਮੁਕਤ ਕਰਾਵੇ।
ਨਮਸਕਾਰ ਹੈ ਸਦਾ ਓਸ ਨੂੰ, ਜੋ ਜਨ ਪ੍ਰਭੂ ਧਿਆਵੇ॥੮॥੨੩॥

Sri Satguru Jagjit Singh Ji eLibrary NamdhariElibrary@gmail.com

ਸਲੋਕੁ॥

ਪੂਰਾ ਪ੍ਰਭੁ ਆਰਾਧਿਆ
ਪੂਰਾ ਜਾ ਕਾ ਨਾਉ॥
ਨਾਨਕ ਪੂਰਾ ਪਾਇਆ
ਪੂਰੇ ਕੇ ਗੁਨ ਗਾਉ॥੧॥

ਸਦਾ ਸਥਿਰ ਹੈ ਨਾਮ ਪ੍ਰਭੂ ਦਾ,
ਉਸਦੇ ਤਾਂਈਂ ਧਿਆਵੋ।
ਪੰਜਵੇਂ ਨਾਨਕ ਜੀ ਜੋ ਪਾਇਆ,
ਉਸ ਪ੍ਰਭੂ ਦੇ ਗੁਣ ਗਾਵੋ।

Sri Satguru Jagjit Singh Ji eLibrary NamdhariElibrary@gmail.com

## ਅਸਟਪਦੀ॥

ਪੂਰੇ ਗੁਰ ਕਾ ਸੁਨਿ ਉਪਦੇਸੁ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ॥
ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥
ਆਸ ਅਨਿਤ ਤਿਆਗਹੁ ਤਰੰਗ॥
ਸੰਤ ਜਨਾ ਕੀ ਧੂਰਿ ਮਨ ਮੰਗ॥
ਆਪੁ ਛੋਡਿ ਬੇਨਤੀ ਕਰਹੁ॥
ਸਾਧ ਸੰਗਿ ਅਗਨਿ ਸਾਗਰੁ ਤਰਹੁ॥
ਹਰਿ ਧਨ ਕੇ ਭਰਿ ਲੇਹੁ ਭੰਡਾਰ॥
ਨਾਨਕ ਗੁਰ ਪੂਰੇ ਨਮਸਕਾਰ॥੧॥

ਸੱਚੀ ਸਿੱਖਿਆ ਗੁਰ ਪੂਰੇ ਦੀ, ਸੁਣ ਲੈ ਐ ਮਨ ਮੇਰੇ।
ਵਾਹਿਗੁਰੂ ਨੂੰ ਦੂਰ ਨਾਂ ਜਾਣੀ, ਅੰਗ-ਸੰਗ ਰਹਿੰਦਾ ਤੇਰੇ।
ਹਰ ਇਕ ਸਾਹ ਨਾਲ ਪਾਰਬ੍ਰਹਮ ਨੂੰ, ਸਦਾ ਸਦਾ ਜੋ ਧਿਆਵੇ।
ਮਨ ਵਿਚ ਸੰਸਾ ਫਿਕਰ ਜੋ ਹੋਵੇ, ਇੱਕ ਛਿਨ ਵਿਚ ਲਹਿ ਜਾਵੇ।
ਨਾਸ਼ਵਾਨ ਨੇ ਆਸ਼ਾਵਾਂ ਦੀਆਂ, ਜੋ ਮਨ ਉੱਠਣ ਲਹਿਰਾਂ।
ਚਰਨ-ਧੂੜ ਮੰਗ ਸੰਤ ਜਨਾਂ ਦੀ, ਤੈਨੂੰ ਸੱਤੇ ਖੈਰਾਂ।
ਛੱਡਕੇ ਹੰਗਤਾ ਦਰ ਦਾਤੇ ਦੇ, ਵੇਖ ਬੇਨਤੀ ਕਰਕੇ।
ਸਾਧ ਸੰਗਤ ਕਰ ਲੰਘ ਜਾਂਵੇਂਗਾ, ਅੱਗ ਦਾ ਸਾਗਰ ਤਰਕੇ।
ਪ੍ਰਭ ਨਾਮ ਦੇ ਧਨ ਨਾਲ ਜੇ ਕਰ, ਚਾਹੇਂ ਕੋਠੀ ਭਰਨੀ।
ਪੰਜਵੇਂ ਨਾਨਕ ਕਹਿੰਦੇ ਪੈ ਜਾ, ਪੂਰੇ ਗੁਰ ਦੇ ਚਰਨੀਂ ॥੧॥

Sri Satguru Jagjit Singh Ji eLibrary NamdhariElibrary@gmail.com

ਖੇਮ ਕੁਸਲ ਸਹਜ ਆਨੰਦ॥
ਸਾਧ ਸੰਗਿ ਭਜੁ ਪਰਮਾਨੰਦ॥
ਨਰਕ ਨਿਵਾਰਿ ਉਧਾਰਹੁ ਜੀਉ॥
ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ॥
ਚਿਤਿ ਚਿਤਵਹੁ ਨਾਰਾਇਣ ਏਕ॥
ਏਕ ਰੂਪ ਜਾ ਕੇ ਰੰਗ ਅਨੇਕ॥
ਗੋਪਾਲ ਦਾਮੋਦਰ ਦੀਨ ਦਇਆਲ॥
ਦੁਖ ਭੰਜਨ ਪੂਰਨ ਕਿਰਪਾਲ॥
ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥੨॥

ਮਨ ਤੇ ਤਨ ਦੇ ਜੋ ਸੁੱਖ ਚਾਹੁਨੈਂ, ਸਭ ਮੈਨੂੰ ਮਿਲ ਜਾਵਣ।
ਸਾਧ ਸੰਗਤ ਵਿਚ ਆਕੇ ਲੱਗ ਜਾ, ਪ੍ਰਭ ਦਾ ਨਾਮ ਧਿਆਵਣ।
ਡਰ ਦੋਜ਼ਖ ਦਾ ਛੱਡਕੇ, ਆਪਣੀ ਜ਼ਿੰਦਗੀ ਤਾਂਈਂ ਬਚਾ ਲੈ।
ਅੰਮਿਓ ਰਸ ਨੂੰ ਰੱਜ ਕੇ ਪੀ ਲੈ, ਗੁਣ ਗੋਬਿੰਦ ਦੇ ਗਾ ਲੈ।
ਹਿਰਦੇ ਦੇ ਵਿਚ ਇੱਕ ਪ੍ਰਭੂ ਦਾ, ਐ ਮਨ ਧਿਆਨ ਟਿਕਾ ਲੈ।
ਇੱਕ ਰੂਪ ਤੇ ਰੰਗ ਅਨੇਕਾਂ, ਏਸ ਰਹੱਸ ਨੂੰ ਪਾ ਲੈ।
ਉਹ ਪ੍ਰਿਥਵੀ ਨੂੰ ਪਾਲਣ ਵਾਲਾ, ਕਰੁਣਾ ਦਾ ਭੰਡਾਰਾ।
ਸਭ ਦੇ ਉੱਪਰ ਰਹਿਮਤ ਉਸਦੀ, ਉਹ ਦੁੱਖ ਕੱਟਣੇਹਾਰਾ।
ਸਿਮਰੋ ਪ੍ਰਭ ਦਾ ਨਾਮ ਪਿਆਰਾ, ਹਰ ਦਮ ਉੱਠਦੇ ਬਹਿੰਦੇ।
ਇਹੀ ਅਸਲ ਸਹਾਰਾ ਜਿੰਦ ਦਾ, ਪੰਜਵੇਂ ਨਾਨਕ ਕਹਿੰਦੇ॥੨॥

Sri Satguru Jagjit Singh Ji eLibrary NamdhariElibrary@gmail.com

ਉਤਮ ਸਲੋਕ ਸਾਧ ਕੇ ਬਚਨ॥
ਅਮੁਲੀਕ ਲਾਲ ਏਹਿ ਰਤਨ॥
ਸੁਨਤ ਕਮਾਵਤ ਹੋਤ ਉਧਾਰ॥
ਆਪਿ ਤਰੈ ਲੋਕਹ ਨਿਸਤਾਰ॥
ਸਫਲ ਜੀਵਨੁ ਸਫਲੁ ਤਾ ਕਾ ਸੰਗੁ॥
ਜਾ ਕੈ ਮਨਿ ਲਾਗਾ ਹਰਿ ਰੰਗੁ॥
ਜੈ ਜੈ ਸਬਦੁ ਅਨਾਹਦੁ ਵਾਜੈ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥
ਨਾਨਕ ਉਧਰੇ ਤਿਨ ਕੈ ਸਾਥੇ॥੩॥

ਅਤਿ ਪਵਿੱਤਰ ਬਚਨ ਗੁਰਾਂ ਦੇ, ਸੁਣ ਦੁਰਮੱਤ ਮਲ ਖੋਈ।
ਇਹ ਨੇ ਹੀਰੇ ਰਤਨ ਅਮੋਲਕ, ਮੁੱਲ ਨਾਂ ਜਿਸਦਾ ਕੋਈ।
ਸਫਲ ਹੋਇਆ ਉਹ ਸੁਣਕੇ ਜਿਸਨੇ, ਮੰਨੇ ਬਚਨ ਪਿਆਰੇ।
ਤਰਿਆ ਆਪ ਤੇ ਹੋਰ ਅਨੇਕਾਂ, ਲੋਕ ਭੀ ਉਸਨੇ ਤਾਰੇ।
ਕਾਮਯਾਬ ਹੈ ਜੀਵਨ ਤੂੰ ਭੀ, ਬਣ ਉਸਦਾ ਸਤਸੰਗੀ।
ਹਰਿ ਰੰਗ ਦੇ ਵਿਚ ਉਸ ਵਡਭਾਗੇ, ਆਤਮਾਂ ਆਪਣੀ ਰੰਗੀ।
ਚੜ੍ਹਦੀ ਕਲਾ 'ਚ ਇੱਕ ਰਸ ਰਹਿੰਦਾ, ਸਿਮਰਨ ਦੀ ਰੌ ਚੱਲੇ।
ਮਾਣੇਂ ਸੁੱਖ ਅਗੰਮੀ, ਆਵੇ ਸੁਰਤਿ ਕਦੇ ਨਾਂ ਥੱਲੇ।
ਸਤ ਪੁਰਸ਼ਾਂ ਦੇ ਤੱਕ ਕੇ ਮਸਤਕ, ਪ੍ਰਭ ਦਾ ਹੋਏ ਦੀਦਾਰਾ।
ਉਹਨਾਂ ਦੀ ਸੰਗਤ ਦਾ ਸਦਕਾ, ਤਰ ਜਾਏ ਆਲਮ ਸਾਰਾ ॥੩॥

Sri Satguru Jagjit Singh Ji eLibrary NamdhariElibrary@gmail.com

ਸਰਨਿ ਜੋਗੁ ਸੁਨਿ ਸਰਨੀ ਆਏ॥
ਕਰਿ ਕਿਰਪਾ ਪ੍ਰਭ ਆਪ ਮਿਲਾਏ।.
ਮਿਟਿ ਗਏ ਬੈਰ ਭਏ ਸਭ ਰੇਨ॥
ਅੰਮ੍ਰਿਤ ਨਾਮੁ ਸਾਧ ਸੰਗਿ ਲੈਨ॥
ਸੁਪ੍ਰਸੰਨ ਭਏ ਗੁਰਦੇਵ॥
ਪੂਰਨ ਹੋਈ ਸੇਵਕ ਕੀ ਸੇਵ॥
ਆਲ ਜੰਜਾਲ ਬਿਕਾਰ ਤੇ ਰਹਤੇ॥
ਰਾਮ ਨਾਮ ਸੁਨਿ ਰਸਨਾ ਕਹਤੇ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ॥
ਨਾਨਕ ਨਿਬਹੀ ਖੇਪ ਹਮਾਰੀ॥੪॥

"ਸਰਨਿ ਪਿਆਂ ਦੀ ਲਾਜ ਤੂੰ ਰੱਖੇਂ", ਇਹ ਸੁਣ ਸਰਨੀ ਆਏ।
ਰਹਿਮਤ ਕੀਤੀ ਅਸਾਂ ਦੇ ਉਤੇ, ਮੇਲ ਕੇ ਚਰਨੀਂ ਲਾਏ।
ਵੈਰ ਮਿਟਾਕੇ ਹੁਣ ਤਾਂ ਸਭ ਦੀ, ਚਰਨ ਧੂੜ ਹਾਂ ਹੋਏ।
ਲੈਕੇ ਅੰਮ੍ਰਿਤ ਨਾਮ ਸੰਗਤ ਤੋਂ, ਦਿਲ ਵਿਚ ਲਿਆ ਪਰੋਏ।
ਘਾਲ ਪਈ ਸੇਵਕ ਦੀ ਥਾਂਵੇਂ, ਜੋ ਇੱਕ ਮਨ ਹੋ ਕੀਤੀ।
ਸਤਿਗੁਰ ਡਾਢੇ ਹੀ ਖੁਸ਼ ਹੋਏ, ਗੂੜ੍ਹੀ ਹੋਈ ਪਰੀਤੀ।
ਆਲ-ਜੰਜਾਲ ਘਰਾਂ ਦੇ ਛੁੱਟੇ, ਦਿਤਾ ਛੱਡ ਵਿਕਾਰਾਂ।
ਹੁਣ ਤਾਂ ਹਰ ਦਮ ਜੀਭ੍ਹਾ ਉਪਰੋਂ, ਉਸਦਾ ਨਾਮ ਉਚਾਰਾਂ।
ਬਖਸ਼ਿਸ਼ ਕੀਤੀ ਪ੍ਰਭ ਮੇਰੇ ਨੇ, ਕਰੁਣਾ ਦੇ ਘਰ ਆਕੇ।
ਕੀਤੇ ਵਣਜ ਨੂੰ ਤੋੜ ਨਿਭਾਇਆ, ਆਪਣਾ ਨਾਮ ਜਪਾਕੇ ॥੪॥

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
ਸਾਵਧਾਨ ਏਕਾਗਰ ਚੀਤ॥
ਸੁਖਮਨੀ ਸਹਜ ਗੋਬਿੰਦ ਗੁਨ ਨਾਮ॥
ਜਿਸੁ ਮਨਿ ਬਸੈ ਸੁ ਹੋਤ ਨਿਧਾਨ॥
ਸਰਬ ਇੱਛਾ ਤਾ ਕੀ ਪੂਰਨ ਹੋਇ॥
ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥
ਸਭ ਤੇ ਊਚ ਪਾਏ ਅਸਥਾਨੁ॥
ਬਹੁਰਿ ਨ ਹੋਵੈ ਆਵਨ ਜਾਨੁ॥
ਹਰਿ ਧਨੁ ਖਾਟਿ ਚਲੈ ਜਨੁ ਸੋਇ॥
ਨਾਨਕ ਜਿਸਹਿ ਪਰਾਪਤਿ ਹੋਇ॥੫॥

ਕਰ ਪ੍ਰਭ ਦੀ ਵਡਿਆਈ, ਮੇਰੇ ਮਿੱਤ੍ਰ ਸੰਤ ਪਿਆਰੇ।
ਇੱਕ ਮਨ ਇੱਕ ਚਿੱਤ ਨਾਮ ਸਿਮਰਿਆ, ਭਵਸਾਗਰ ਤੋਂ ਤਾਰੇ।
ਸਹਜ ਅਵਸੱਥਾ ਵਿਚ ਮਨ ਆਵੇ, ਗੁਣ ਗੋਬਿੰਦ ਦੇ ਗਾਕੇ।
ਤੋਟ ਨਾਂ ਆਵੇ ਕਦੇ ਭੀ ਕੋਈ, ਨਾਮ ਖਜ਼ਾਨਾ ਪਾਕੇ।
ਮਨ ਦੀਆਂ ਇਛਾਂ ਹੋਣ ਪੂਰੀਆਂ, ਕੰਮ ਨਾ ਕੋਈ ਖਲੋਵੇ।
ਨੇਕ ਪੁਰਸ਼ ਕਰ ਜਾਣੇ ਦੁਨੀਆਂ, ਜੈ ਜੈ ਉਸਦੀ ਹੋਵੇ।
ਉੱਚਾ ਰੁਤਬਾ ਮੁਕਤੀ ਵਾਲਾ, ਉਸ ਵਡਭਾਗੀ ਪਾਵੇ।
ਮਿੱਟ ਜਾਏ ਜੰਮਣਾ-ਮਰਨਾ ਉਸਦਾ, ਮੁੜ ਜੂਨੀਂ ਨਾਂ ਆਵੇ।
ਵਾਹਿਗੁਰੂ ਦੇ ਨਾਂਮ ਦਾ ਲਾਹਾ, ਉਸ ਵਡਭਾਗੇ ਪਾਇਆ।
ਧੁਰ ਦਰਗਾਹੋਂ ਮਸਤਕ ਉੱਪਰ, ਜਿਸਨੇ ਲੇਖ ਲਿਖਾਇਆ॥੪॥

ਖੇਮ ਸਾਂਤਿ ਰਿਧਿ ਨਵ ਨਿਧਿ॥
ਬੁਧਿ ਗਿਆਨੁ ਸਰਬ ਤਹ ਸਿਧਿ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥
ਗਿਆਨੁ ਸ੍ਰੇਸਟ ਊਤਮ ਇਸਨਾਨੁ॥
ਚਾਰਿ ਪਦਾਰਥ ਕਮਲ ਪ੍ਰਗਾਸ॥
ਸਭ ਕੈ ਮਧਿ ਸਗਲ ਤੇ ਉਦਾਸ॥
ਸੁੰਦਰੁ ਚਤੁਰੁ ਤਤ ਕਾ ਬੇਤਾ॥
ਸਮਦਰਸੀ ਏਕ ਦ੍ਰਿਸਟੇਤਾ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ॥੬॥

ਸੁੱਖ ਸਦੀਵੀ, ਦੈਵੀ ਸ਼ਕਤੀ, ਧਨ ਦੇ ਨੌ ਖਜ਼ਾਨੇ।
ਸ੍ਰੇਸ਼ਟ ਬੁਧਿ, ਗਿਆਨ, ਕਰਾਮਾਤ, ਸਭ ਕੁਝ ਆਪਣਾ ਜਾਨੇ।
ਆਤਮ ਤੇ ਦੁਨਿਆਵੀ ਵਿੱਦਿਆ, ਭਗਤੀ ਧਿਆਨ ਲਗਾਕੇ।
ਮਿਲੇ ਮਹਾਤਮ ਇਸ਼ਨਾਨਾਂ ਦਾ, ਗਿਆਨ ਦੇ ਤੀਰਥ ਨ੍ਹਾਕੇ।
ਧਰਮ ਤੇ ਪੈਸਾ ਕਾਮ ਤੇ ਮੁਕਤੀ, ਚਾਰ ਪਦਾਰਥ ਪਾਵੇ।
ਰਹਿ ਨਿਰਲੇਪ ਜਗਤ ਦੇ ਅੰਦਰ, ਕਮਲ ਵਾਂਗ ਵਿਗਸਾਵੇ।
ਸੁੰਦਰ ਸੁਗੜ ਸਿਆਣਾ ਜਾਣੇਂ, ਇਹ ਅਸਲੀਅਤ ਸਾਰੀ।
ਸਭ ਨੂੰ ਇੱਕ ਬਰਾਬਰ ਦੇਖੇ, ਸਭਨਾਂ ਦਾ ਹਿਤਕਾਰੀ।
ਇਹ ਸਭ ਮਿਲਦਾ ਉਸਨੂੰ ਜਿਹੜਾ, ਮੁੱਖੋਂ ਤੋਂ ਨਾਮ ਉਚਾਰੇ।
ਸੱਚੇ ਮਨ ਨਾਲ ਬਚਨ ਗੁਰਾਂ ਦੇ, ਹਿਰਦੇ ਦੇ ਵਿਚ ਧਾਰੇ ॥੬॥

Sri Satguru Jagjit Singh Ji eLibrary NamdhariElibrary@gmail.com

ਇਹ ਨਿਧਾਨੁ ਜਪੈ ਮਨਿ ਕੋਇ॥
ਸਭ ਜੁਗ ਮਹਿ ਤਾ ਕੀ ਗਤਿ ਹੋਇ॥
ਗੁਣ ਗੋਬਿੰਦ ਨਾਮ ਧੁਨਿ ਬਾਣੀ॥
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥
ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥
ਸੰਤ ਕ੍ਰਿਪਾ ਤੇ ਜਮ ਤੇ ਛੁਟੈ॥
ਜਾ ਕੈ ਮਸਤਕਿ ਕਰਮ ਪ੍ਰਭਿ ਪਾਏ॥
ਸਾਧ ਸਰਣਿ ਨਾਨਕ ਤੇ ਆਏ॥੭॥

ਇਹ ਖਜ਼ਾਨਾ ਮਿਲਿਆ, ਜਿਸਨੇ ਜੱਪਿਆ ਨਾਮ ਹੈ ਭਾਈ।
ਹਰ ਇੱਕ ਜੁੱਗ ਵਿਚ ਉਸਦੇ ਤਾਈਂ, ਮੁਕਤੀ ਮਿਲਦੀ ਆਈ।
ਨਾਮ ਦਾ ਸਦਕਾ ਬੋਲ ਓਸਦੇ, ਪ੍ਰਭੂ ਸੰਬੰਧ ਵਿਚ ਰਹਿੰਦੇ।
ਵੇਦ ਸ਼ਾਸਤ੍ਰ ਤੇ ਸਿਮ੍ਰਤੀਆਂ ਭੀ, ਏਹੀ ਗੱਲ ਨੇ ਕਹਿੰਦੇ।
ਸਭ ਧਰਮਾਂ ਦਾ ਤੱਤ ਸਾਰ ਹੈ, ਨਾਮ ਜਪਣ ਦੀ ਸਿਖਿਆ।
ਨਾਮ ਪ੍ਰਭੂ ਦਾ ਭਗਤਾਂ ਦੇ ਸਦਾ, ਹਿਰਦੇ ਦੇ ਵਿਚ ਟਿੱਕਿਆ।
ਪਾਪ ਕਰੋੜਾਂ ਸਾਧੂ ਦਾ ਸੰਗ, ਕਰਕੇ ਹਨ ਮਿੱਟ ਜਾਂਦੇ।
ਸੰਤ ਕਿਰਪਾ ਨਾਲ ਸਤਸੰਗੀ, ਨਾ ਮਾਰ ਜਮਾਂ ਦੀ ਖਾਂਦੇ।
ਜਿਸਦੇ ਮੱਥੇ ਪ੍ਰਭ ਜੀ, ਬਖਸ਼ਿਸ਼ ਵਾਲੇ ਲੇਖ ਲਿਖਾਂਦੇ।
ਪੰਜਵੇਂ ਨਾਨਕ ਕਹਿੰਦੇ ਉਹ ਹੀ, ਗੁਰ ਸਰਣਾਈ ਆਂਦੇ॥੭॥

Sri Satguru Jagjit Singh Ji eLibrary NamdhariElibrary@gmail.com

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ॥
ਦੁਲਭ ਦੇਹ ਤਤਕਾਲ ਉਧਾਰੈ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥
ਏਕੁ ਨਾਮੁ ਮਨ ਮਾਹਿ ਸਮਾਨੀ॥
ਦੂਖ ਰੋਗ ਬਿਨਸੇ ਭੈ ਭਰਮ॥
ਸਾਧ ਨਾਮ ਨਿਰਮਲ ਤਾ ਕੇ ਕਰਮ॥
ਸਭ ਤੇ ਊਚ ਤਾ ਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥੮॥੨੪॥

ਸੁਣੇ ਪ੍ਰੇਮ ਨਾਲ ਬਾਣੀ ਜਿਹੜਾ, ਰੱਖੇ ਮਨ ਵਸਾਕੇ।
ਆਪਣਾ ਕਰੇ ਟਿਕਾਣਾ ਪ੍ਰਭ ਜੀ, ਉਸ ਹਿਰਦੇ ਵਿਚ ਜਾਕੇ।
ਅਣਾ-ਜਾਣ ਦਾ ਦੁੱਖ ਨਾ ਉਸਨੂੰ, ਲਗਦਾ ਫੇਰ ਦੁਬਾਰਾ।
ਮਾਣਸ ਦੇਹੀ ਅਣਮੁੱਲੀ ਦਾ, ਤੱਤ ਛਿਨ ਹੋਏ ਨਿਸਤਾਰਾ।
ਹਰ ਥਾਂ ਹੋਵੇ ਮਾਣ ਓਸਦਾ, ਬੋਲ ਸ਼ਹਿਦ ਬਣ ਜਾਵਣ।
ਦਿਲ ਦੀ ਸੇਜ ਵਿਛਾਕੇ ਜਿਹੜੇ, ਨਾਮ ਦੇ ਤਾਂਈਂ ਟਿਕਾਵਣ।
ਦੁੱਖ-ਦਰਦ ਤੇ ਰੋਗ ਭਰਮ, ਭਉ, ਮਿੱਟ ਜਾਵਣ ਸਭ ਤਿਸਦੇ।
ਨਾਮ ਸਾਧ ਦਾ ਮਿਲਦਾ ਉਸਨੂੰ, ਕਰਮ ਪਵਿੱਤਰ ਜਿਸਦੇ।
ਸਭ ਤੋਂ ਉੱਚੀ ਜੋ ਵਡਿਆਈ, ਉਸਨੂੰ ਹੈ ਮਿਲ ਜਾਂਦੀ।
ਸੁੱਖਾਂ ਦੀ ਇਹ ਮਣੀਂ ਸੁਖਮਨੀ, ਤਾਹੀਓ ਨਾਮ ਕਹਾਂਦੀ।॥੮॥੨੪॥

Sri Satguru Jagjit Singh Ji eLibrary NamdhariElibrary@gmail.com